# ਸੱਚੀ ਸ਼ਾਗਿਰਦੀ

# ਤ੍ਰਿਨਨੀਗੜ੍ਹ ਵਿੱਚ

# ਸੱਚੀ ਸ਼ਾਗਿਰਦੀ

ਵਿਲਿਅਮ ਮੈਕਡੋਨਾਲਡ

ਅਨੁਵਾਦ:
ਪਾਸਟਰ ਜਤਿੰਦਰ ਪ੍ਰਕਾਸ਼

GOSPEL FOR ASIA
PUBLICATIONS
Tiruvalla, Kerala, India

SACHI SHAGIRDI
Punjabi
Translation of the book, 'True Discipleship' by
William MacDonald
ISBN 81 - 7377 - 149 - 9
Copyright 2001 Author
First Impression 2001
Printed at Believers' Church Press, Tiruvalla - 5, Kerala.
Price Rs. 40.00

# ਵਿਸ਼ਾ ਸੂਚੀ


ਮੁਖਬੰਧ ------------------------------------ 7

ਭੂਮਿਕਾ------------------------------------ 9

ਸ਼ਾਗਿਰਦੀ ਦੀਆਂ ਸ਼ਰਤਾਂ-------------------------- 11

ਸਰਵ-ਸਰਬੱਤ ਤਿਆਗ-------------------------- 19

ਸ਼ਾਗਿਰਦੀ ਲਈ ਰੁਕਾਵਟਾਂ------------------------ 31

ਸ਼ਾਗਿਰਦ ਪ੍ਰਬੰਧਕ ਹਨ--------------------------- 39

ਜੋਸ਼-------------------------------------- 47

ਵਿਸ਼ਵਾਸ----------------------------------- 57

ਪ੍ਰਾਰਥਨਾ----------------------------------- 67

ਯੁੱਧ-------------------------------------- 77

ਸੰਸਾਰ ਉੱਤੇ ਪ੍ਰਭੁੱਤਾ---------------------------- 87

ਸ਼ਾਗਿਰਦੀ ਅਤੇ ਸ਼ਾਦੀ--------------------------- 99

ਕੀਮਤ ਜਾਣਨਾ-------------------------------107

ਸ਼ਹਾਦਤ ਦੀ ਛਾਇਆ-------------------------- 113

ਸੱਚੀ ਸ਼ਾਗਿਰਦੀ ਦੇ ਪ੍ਰਤੀਫੱਲ--------------------- 119

ਤੁਹਾਡਾ ਧਨ ਕਿਥੇ ਹੈ ?------------------------ 124

ਤੁਹਾਡਾ ਧਨ ਕਿਥੇ ਹੈ ?------------------------ 125

ਵਪਾਰ ਵਿੱਚ ਮੇਹਨਤੀ-------------------------- 127

ਧਨ ਰਖਣਾ, ਪ੍ਰੰਤੂ ਉਸਦਾ ਮੋਹ ਨਾ ਰਖਣਾ-------------- 131

ਇਸ ਵਿੱਚ ਕੀ ਨੁਕਸਾਨ ਹੈ ?---------------------- 137

ਜਮਾਈ ਹੋਈ ਸੰਪਤੀ--------------------------- 149

ਬਾਈਬੱਲ ਕੀ ਕਹਿੰਦੀ ਹੈ ?-------------------- 163
ਸੁਸਤ ਨੂੰ ਚਤਾਵਨੀ-------------------------- 175
ਦੋਸ਼ ਲਗਾਉਣ ਵਿਰੁੱਧ ਚਿਤਾਵਨੀ------------------ 177
ਨਿਚੋੜ------------------------------------ 179
ਪ੍ਰਭੂ, ਮੈਨੂੰ ਤੋੜ-------------------------------- 183
ਭੂਮਿਕਾ------------------------------------ 185
ਪ੍ਰਮੇਸ਼ੁਰ ਟੁੱਟੀਆਂ ਹੋਈਆਂ ਚੀਜ਼ਾਂ ਨੂੰ ਮੁੱਲਵਾਨ ਜਾਣਦਾ ਹੈ--- 187
ਪਰਿਵਰਤਨ : ਟੁੱਟੇ ਹੋਏ ਹਿਰਦੇ ਦਾ ਇਕ ਪਹਿਲੂ-------- 189
ਪਰਿਵਰਤਨ : ਟੁੱਟੇ ਹੋਏ ਹਿਰਦੇ ਦਾ ਇਕ ਪਹਿਲੂ-------- 191
ਟੁੱਟੇ ਹੋਏ ਹਿਰਦੇ ਦਾ ਅਰਥ ਕੀ ਨਹੀਂ ਹੈ--------------- 207
ਪੀੜ੍ਹੀ ਅੰਤਰਾਲ------------------------------ 209
ਵਿਆਹੁਤਾ ਜੀਵਨ ਵਿੱਚ ਮਤ-ਭੇਦ----------------- 213
ਪ੍ਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਸਭ ਉਸਦੇ ਸਨਮੁੱਖ ਟੁੱਟ ਜਾਈਏ 217
ਨਤੀਜਿਆਂ ਬਾਰੇ ਸੋਚੋ-------------------------- 219
ਪ੍ਰਭੂ ਮੈਨੂੰ ਤੋੜ-------------------------------- 222

# ਮੁਖਬੰਧ

ਇਸ ਪੁਸਤਕ ਨਵੇਂ ਨਿਯਮ ਦੀ ਸ਼ਾਗਿਰਦੀ ਦੇ ਕੁੱਝ ਸਿਧਾਂਤਾ ਨੂੰ ਪ੍ਰਸਤੁਤ ਕਰਨ ਦੇ ਉਪਰਾਲੇ ਕੀਤੇ ਗਏ ਹਨ । ਸਾਡੇ ਵਿਚੋਂ ਕਈ ਇਨ੍ਹਾਂ ਸਿਧਾਤਾਂ ਨੂੰ ਵਚਨ ਵਿਚ ਕਈ ਵਰ੍ਹਿਆਂ ਤੋਂ ਦੇਖਦੇ ਆ ਰਹੇ ਹਨ, ਪ੍ਰੰਤੂ ਕਿਸੇ ਤਰ੍ਹਾਂ ਇਸ ਨਤੀਜੇ ਤੇ ਪਹੁੰਚੇ ਹਨ ਕਿ ਜਿਸ ਜਟਲ ਯੁੱਗ ਵਿਚ ਅਸੀ ਰਹਿ ਰਹੇ ਹਾਂ, ਉਸ ਵਿੱਚ ਇਹ ਬਹੁਤ ਕਟੱੜ ਅਤੇ ਗੈਰਅਮਲੀ ਹਨ। ਅਤੇ ਇਸ ਲਈ ਅਸੀਂ ਆਪਣੇ ਆਤਮਿਕ ਠੰਡੇਪਣ ਦੇ ਅੱਗੇ ਝੁਕ ਗਏ ਹਾਂ ।

ਫਿਰ ਅਸੀਂ ਨੌਜਵਾਨ ਵਿਸ਼ਵਾਸ਼ੀਆਂ ਦੇ ਇਕ ਸਮੂਹ ਨੂੰ ਮਿਲੇ ਜੋ ਇਹ ਪ੍ਰਦਰਸ਼ਿਤ ਕਰਨ ਨਿਕਲੇ ਕਿ ਮੁਕਤੀਦਾਤੇ ਦੀ ਸ਼ਾਗਿਰਦੀ ਦੀਆਂ ਸ਼ਰਤਾਂ ਨਾ ਕੇਵਲ ਬਹੁਤ ਵਿਵਹਾਰਕ ਹਨ ਸਗੋਂ ਸਿਰਫ਼ ਇਹੀ ਉਹ ਸ਼ਰਤਾਂ ਹਨ ਜਿੰਨਾ ਦਾ ਨਤੀਜਾ ਸੰਸਾਰ ਦਾ ਪ੍ਰਚਾਰ ਹੋਣਾ ਨਿਕਲਦਾ ਹੈ।

ਏਥੇ ਪ੍ਰਸਤੁਤ ਕੀਤੀਆ ਸਚਿਆਈਆਂ ਵਿਚ ਜਿੰਦਾ ਗਵਾਹੀਆਂ ਦਾ ਪ੍ਰਬੰਧ ਕਰਨ ਲਈ ਅਸੀ ਇਹਨਾਂ ਨੌਜਵਾਨਾਂ ਦੀ ਇਹਸਾਨਮੰਦੀ ਕਬੂਲ ਕਰਦੇ ਹਨ।

ਇਸ ਤੋਂ ਵੱਧ ਇਹ ਅਜੇ ਵੀ ਸਾਡੇ ਨਿੱਜੀ ਤਜਰਬੇ ਤੋਂ ਪਰੇ ਹਨ, ਅਸੀ ਇਹਨਾਂ ਨੂੰ ਆਪਣੇ ਦਿਲ ਦੀ ਅਭਿਲਾਸ਼ਾਵਾਂ ਮੰਨਕੇ ਅੱਗੇ ਰੱਖਦੇ ਹਾਂ।

ਵਿਲੀਅਮ ਮੈਕਡੋਨਾਲਡ

# ਭੂਮਿਕਾ

ਸੱਚੀ ਸ਼ਾਗਿਰਦੀ ਦਾ ਮਾਰਗਾ ਉਸ ਵਕਤ ਸ਼ੁਰੂ ਹੁੰਦਾ ਹੈ ਜਦੋਂ ਕੋਈ ਵਿਅਕਤੀ ਨਵੇਂਸਿਰਿਓ ਜਨਮ ਪਾਉਦਾ ਹੈ। ਇਸਦਾ ਆਰੰਭ ਉਦੋਂ ਹੁੰਦਾ ਹੈ ਜਦੋਂ ਹੇਠ ਲਿਖੀਆਂ ਘਟਨਾਵਾਂ ਵਾਪਰਨ:

1) ਜਦੋਂ ਕੋਈ ਵਿਅਕਤੀ ਇਹ ਜਾਣ ਜਾਂਦਾ ਹੈ ਕਿ ਉਹ ਪਾਪੀ, ਗੁਵਾਚਾ ਹੋਇਆ, ਅੰਨ੍ਹਾ ਅਤੇ ਪ੍ਰਮੇਸ਼ਵਰ ਅੱਗੇ ਨੰਗਾ ਹੈ।

2) ਜਦੋ ਉਹ ਇਹ ਸਵੀਕਾਰ ਕਰ ਲੈਂਦਾ ਹੈ ਕਿ ਉਹ ਆਪਣੇ ਆਪਨੂੰ ਚੰਗੇ ਚਰਿਤੱਰ ਜਾਂ ਭਲੇ ਕੰਮਾਂ ਨਾਲ ਨਹੀ ਬਚਾ ਸਕਦਾ ।

3) ਜਦ ਉਹ ਵਿਸ਼ਵਾਸ਼ ਕਰਦਾ ਹੈ ਕਿ ਪ੍ਰੱਭੂ ਯਿਸੂ ਮਸੀਹ ਉਸ ਖ਼ਾਤਰ ਸਲੀਬ ਉਤੇ ਸਾਰੇ ਗਏ।

4) ਜਦ ਉਹ ਇਕ ਨਿਸ਼ਚਿਤ ਫੈਸਲੈ ਦੁਆਰਾ ਇਹ ਮੰਨ ਲੈਂਦਾ ਹੈ ਕਿ ਕੇਵਲ ਯਿਸੂ ਮਸੀਹ ਹੀ ਉਸਦਾ ਪ੍ਰੱਭੂ ਅਤੇ ਮੁਕਤੀਦਾਤਾ ਹੈ।

ਇਸ ਤਰ੍ਹਾਂ ਕੋਈ ਜਦ ਇਕ ਮਸੀਹੀ ਬਣਦਾ ਹੈ। ਸ਼ੁਰੂਆਤ ਵਿਚ ਹੀ ਇਸ ਉਤੇ ਜੋਰ ਦੇਣਾ ਮਹੱਤਵਪੂਰਨ ਹੈ। ਬਹੁਤ ਸਾਰੇ ਲੋਕ ਇਹ ਸੋਚਦੇ ਹਨ ਕਿ ਮਸੀਹੀ ਜੀਵਣ ਬਤੀਤ ਕਰਨ ਨਾਲ ਮਸੀਹੀ ਬਣਦੇ ਹੈ। ਕਦੇ ਵੀ ਨਹੀ! ਤੁਹਾਨੂੰ ਮਸੀਹੀ ਜੀਵਨ ਬਤੀਤ ਕਰਨ ਤੋਂ ਪਹਿਲਾ ਮਸੀਹੀ ਬਣਨਾ ਜਰੂਰੀ ਹੈ।

ਹੇਠ ਲਿਖਿਆਂ ਪੰਨਿਆਂ ਤੇ ਜੋ ਸ਼ਾਗਿਰਦ (ਚੇਲੇ) ਦੇ ਜੀਵਨ ਦੀ ਰੂਪਰੇਖਾ ਦਿਤੀ ਗਈ ਹੈ ਇੱਕ ਅਲੌਕਿਕ ਜੀਵਣ ਹੈ। ਇਸਨੂੰ ਵਤੀਤ ਕਰਨ ਲਈ ਸਾਡੇ ਅੰਦਰ ਕੋਈ ਸ਼ਕਤੀ ਨਹੀ ਹੈ। ਸਾਨੂੰ ਦੈਵੀ ਸ਼ਕਤੀ ਦੀ ਲੋੜ ਹੈ। ਜਦੋਂ ਅਸੀ ਨਵਾਂ ਜਨਮ-ਪਾਉਂਦੇ ਹਾਂ ਕੇਵਲ ਤਦੋਂ ਹੀ ਸਾਨੂੰ ਯਿਸੂ ਦੇ ਸਿਖਾਏ ਅਨੁਸਾਰ ਜੀਵਨ ਗੁਜਾਰਨ ਦੀ ਸਮਰੱਥਾ ਪ੍ਰਾਪਤ ਹੁੰਦੀ ਹੈ।

ਅਗੋਂ ਪੜ੍ਹਨ ਤੋਂ ਪਹਿਲਾਂ ਆਪਣੇ ਆਪਣੇ ਨੂੰ ਇਹ ਸਵਾਲ ਪੁਛੋ , "ਕੀ ਮੈਂ ਕਦੀ ਨਵਾਂ ਜਨਮ ਪਾਇਆ? ਕੀ ਮੈਂ ਪ੍ਰੱਭ ਯਿਸੂ ਤੇ ਇਮਾਨ ਲਿਆ ਕੇ ਪ੍ਰਮੇਸ਼ਵਰ ਦੀ ਸੰਤਾਨ ਬਣਿਆਂ ਹਾਂ?

ਅਗਰ ਤੁਸੀਂ ਅਜੇ ਨਹੀ ਤਾਂ ਹੁਣ ਹੀ ਉਸਨੂੰ ਆਪਣਾ ਪ੍ਰੱਭੂ ਅਤੇ ਮੁਕਤੀਦਾਤਾ ਕਬੂਲ ਕਰ ਲਵੋ। ਫਿਰ ਹਰ ਕੀਮਤ ਨਾਲ ਸਭ ਕੁੱਝ ਜੋ ਉਸਨੇ ਹੁਕਮ ਦਿੱਤਾ ਉਸਨੂੰ ਮੰਨਣ ਦਾ ਫੈਸਲਾ ਕਰ ਲਵੋ।

ਵਿਲੀਅਮ ਮੈਕਡੋਨਾਲਡ

# ਸ਼ਾਗਿਰਦੀ ਦੀਆਂ ਸ਼ਰਤਾਂ

ਸੱਚੀ ਮਸੀਹਤ ਪ੍ਰਭੂ ਯਿਸੂ ਮਸੀਹ ਪ੍ਰਤੀ ਸੰਪੂਰਨ ਸਮਰਪਣ ਹੈ।

ਮੁਕਤੀਦਾਤਾ ਉਹਨਾਂ ਆਦਮੀਆਂ ਅਤੇ ਔਰਤਾਂ ਨੂੰ ਨਹੀਂ ਲੱਭਦਾ ਜੋ ਆਪਣੇ ਫਾਲਤੂ ਸ਼ਾਮ ਦੇ ਪਲ ਜਾਂ ਹਫਤੇ ਦਾ ਦਿਨ ਜਾਂ ਆਪਣੇ ਰੀਟਾਈਰਮੈਂਟ (ਕਾਰਜ-ਤਿਆਗ) ਦੇ ਸਾਲਾਂ ਨੂੰ ਦੇਵੇ। ਲੇਕਿਨ ਉਹ ਉਨ੍ਹਾਂ ਲੋਕਾਂ ਨੂੰ ਭਾਲਦਾ ਹੈ ਜਿਹੜੇ ਆਪਣੇ ਜੀਵਣ ਵਿਚ ਉਸਨੂੰ ਪਹਿਲਾ ਸਥਾਨ ਦੇਣ। ਜਿਸ ਤਰ੍ਹਾਂ ਉਹ ਪਹਿਲਾ ਢੂੰਡਦਾ ਆਇਆ ਹੈ, ਉਹ ਅੱਜ ਵੀ ਢੂੰਡਦਾ ਹੈ, ਬੇਵਜਾ ਆਪਣੇ ਮਗਰ ਭੀੜ ਨਹੀਂ ਪਰ ਉਨ੍ਹਾਂ ਆਦਮੀਆਂ ਅਤੇ ਔਰਤਾਂ ਨੂੰ ਜਿਨ੍ਹਾਂ ਦੀ ਨਾ ਖ਼ਤਮ ਹੋਣ ਵਾਲੀ ਵਫਾਦਾਰੀ ਜੋ ਇਸ ਗਲ ਤੋਂ ਉਠਦੀ ਹੈ ਕਿ ਉਨ੍ਹਾਂ ਜਾਣ ਲਿਆ ਹੈ ਕਿ ਜੋ ਉਹ ਆਤਮ-ਤਿਆਗ ਦੇ ਰਾਸਤੇ ਤੇ ਚਲਣ ਲਈ ਤਿਆਰ ਹਨ, ਜਿਸ ਉਤੇ ਪਹਿਲਾਂ ਆਪ ਮਸੀਹ ਚਲਿਆ - ਐਚ. ਏ. ਈਵਾਨ ਹੋਪਕਿਨਸ।

ਬੇਸ਼ਰਤੀ ਸਮਰਪਣ ਤੋਂ ਘੱਟ ਉਸਦੇ ਕਲਵਰੀ ਦੇ ਬਲੀਦਾਨ ਦਾ ਕੋਈ ਹੋਰ ਸਹੀ ਜਵਾਬ ਨਹੀ ਹੋ ਸਕਦਾ। ਏਨਾ ਅਦਭੁੱਤ, ਏਨਾਂ ਰੱਬੀ ਪ੍ਰੇਮ, ਸਾਡੀਆਂ ਆਤਮਾਵਾਂ, ਸਾਡੀਆਂ ਜਿੰਦਗੀਆਂ, ਸਾਡੇ ਸੱਭ ਕੁੱਝ ਤੋਂ ਘੱਟ, ਕਿਦੇ ਵੀ

ਸੰਤੁਸ਼ਟ ਨਹੀ ਹੋ ਸਕਦਾ । ਜੋ ਪ੍ਰੱਭੂ ਯਿਸੂ ਦੇ ਚੇਲੇ ਹੋਣਗੇ ਉਹ ਉਨ੍ਹਾਂ ਕੋਲੋ ਸਖ਼ਤ ਮੰਗ ਕਰਦਾ ਹੈ- ਕਿ ਉਹ ਸਭ ਐਸ਼ੋ-ਆਰਾਮ ਦੇ ਦਿਨਾ ਵਿਚ ਨਜ਼ਰ-ਅੰਦਾਜ਼ ਕੀਤੇ ਜਾਣ। ਅਕਸਰ ਅਸੀਂ ਸੋਚਦੇ ਹਾਂ ਕਿ ਮਸੀਹਤ ਨਰਕ ਤੋਂ ਛੁਟਕਾਰਾ ਅਤੇ ਸਵਰਗ ਦੀ ਗਾਰੰਟੀ ਹੈ। ਇਸ ਤੋਂ ਇਲਾਵਾ, ਅਸੀ ਇਹ ਮਹਿਸੂਸ ਕਰਦੇ ਹਾਂ ਕਿ ਜੋ ਇਹ ਜੀਵਨ ਪ੍ਰਦਾਨ ਕਰਦਾ ਹੈ ਉਸਦਾ ਹੱਕ ਸਰਵਉੱਤਮ ਆਨੰਦ ਲੈਣਾ ਹੈ। ਸ਼ਾਗਿਰਦੀ ਉਤੇ ਅਸੀ ਬਾਈਬਲ ਵਿਚੋਂ ਉਨ੍ਹਾਂ ਸਖ਼ਤ ਆਇਤਾਂ ਨੂੰ ਜਾਣਦੇ ਹਾਂ, ਲੇਕਿਨ ਸਾਨੂੰ ਆਪਣੇ ਵਿਚਾਰਾਂ ਵਾਲੀ ਮਸੀਹਤ ਨਾਲ ਉਨ੍ਹਾਂ ਪ੍ਰਤੀ ਸਮਝੌਤਾ ਕਰਨਾ ਔਖਾ ਹੁੰਦਾ ਹੈ।

ਅਸੀ ਇਹ ਗੱਲ ਮੰਨਦੇ ਹਾ ਕਿ ਸਿਪਾਹੀ ਦੇਸ਼ ਭਗਤੀ ਲਈ ਆਪਣੀ ਜਾਣ ਵਾਰ ਦਿੰਦੇ ਹਨ। ਸਾਨੂੰ ਇਹ ਸੋਚਣਾ ਅਜੀਬ ਨਹੀ ਲਗਦਾ ਕਿ ਸਾਮਵਾਦੀ (ਕਮਿਊਨਿਸਟ) ਰਾਜਨੀਤਿਕ ਕੰਮਾਂ ਲਈ ਜਾਣ ਦੇ ਦਿੰਦੇ ਹਨ। ਪ੍ਰੰਤੂ ਸਾਡੀ ਸਮਝ ਵਿਚ ਮਸੀਹ ਦੇ ਅਨੁਆਈ ਦਾ ਜੀਵਨ "ਖ਼ੂਨ, ਪਸੀਨੇ ਅਤੇ ਹੰਝੂ" ਨਾਲ ਚਿਤਰਨ ਹੋਣਾ ਚਾਹੀਦਾ ਹੈ ਔਖੀ ਅਤੇ ਮੁਸ਼ਕਿਲ ਗੱਲ ਲੱਗਦੀ ਹੈ।

ਅਤੇ ਫਿਰ ਵੀ ਪ੍ਰੱਭੂ ਯਿਸੂ ਦੇ ਬਚਨ ਬਹੁਤ ਸ਼ਪਸ਼ਟ ਹਨ। ਜੇਕਰ ਅਸੀਂ ਉਨ੍ਹਾਂ ਨੂੰ ਹੂ-ਬ-ਹੂ ਸਵੀਕਾਰ ਕਰ ਲਈਏ ਤਾਂ ਮੁਸ਼ਕਿਲ ਨਾਲ ਹੀ ਗਲਤਫਹਿਮੀ ਦੀ ਕੋਈ ਗੁਜਾਇਸ਼ ਰਵੇਗੀ ।

ਪ੍ਰਸਤੁਤ ਹਨ - ਸੰਸਾਰ ਦੇ ਮੁਕਤੀਦਾਤੇ ਦੁਆਰਾ ਰੱਖੀਆਂ ਗਈਆ ਸ਼ਰਤਾਂ :

## *1) ਯਿਸੂ ਮਸੀਹ ਲਈ ਸਰਬੋਤਮ ਪ੍ਰੇਮ*

"ਜੇ ਕੋਈ ਮੇਰੇ ਕੋਲ ਆਵੇ ਪਰ ਆਪਣੇ ਪਿਉ ਅਤੇ ਮਾਂ ਅਤੇ ਤੀਵੀਂ

ਅਤੇ ਬਾਲ ਬੱਚਿਆ ਅਤੇ ਭਾਈਆ ਅਤੇ ਭੈਣਾਂ ਨਾਲ ਸਗੋਂ ਆਪਣੀ ਜਾਣ ਨਾਲ ਵੀ ਵੈਰ ਨਾ ਰਖੇ ਤਾਂ ਉਹ ਮੇਰਾ ਚੇਲਾ ਨਹੀ ਹੋ ਸਕਦਾ ਹੈ।" (ਲੂਕਾ 14:26) ਇਸਦਾ ਮਤਲਬ ਇਹ ਨਹੀਂ ਕਿ ਅਸੀ ਆਪਣੇ ਦਿਲ ਵਿਚ ਆਪਣੇ ਰਿਸ਼ਤੇਦਾਰਾ ਪ੍ਰਤੀ ਦੁਸ਼ਮਣੀ ਜਾਂ ਵੈਰ-ਭਾਵਨਾ ਰੱਖੀਏ,ਪਰ ਇਸਦਾ ਅਰਥ ਇਹ ਹੈ ਕਿ ਸਾਡਾ ਮਸੀਹ ਦੇ ਪ੍ਰਤੀ ਅਜਿਹਾ ਪ੍ਰੇਮ ਹੋਵੇ ਕਿ ਦੂਸਰੇ ਸਾਰੇ ਪ੍ਰੇਮ ਇਸਦੀ ਤੁਲਨਾ ਵਿਚ ਘੱਟ ਲੱਗਣ । ਦਰਅਸਲ, ਇਸ ਆਈਤ ਵਿਚ ਸਭ ਤੋਂ ਕਠਿਨ ਭਾਗ, "ਸਗੋਂ ਆਪਣੀ ਜਾਣ ਨਾਲ ਵੀ" ਹੈ। ਸ਼ਾਗਿਰਦੀ ਵਿਚ ਆਤਮ-ਪ੍ਰੇਮ ਸਭ ਤੋਂ ਜਿਆਦਾ ਜਿੱਦੀ ਰੁਕਾਵਟ ਹੈ। ਜਦ ਤੱਕ ਅਸੀਂ ਆਪਣਾ ਖੁਦ ਦਾ ਜੀਵਣ ਕੁਰਬਾਨ ਕਰਨ ਲਈ ਤਿਆਰ ਨਹੀਂ ਅਸੀਂ ਉਸਦੀ ਇੱਛਾ ਅਨੁਸਾਰ ਜਗ੍ਹ ਤੇ ਨਹੀ ਹਾਂ।

## 2) *ਆਪਣੇ ਆਪ ਦਾ ਇਨਕਾਰ*

"ਜੇ ਕੋਈ ਮੇਰੇ ਪਿਛੇ ਆਉਣਾ ਚਾਹੇ ਤਾਂ ਆਪਣੇ ਆਪ ਦਾ ਇਨਕਾਰ ਕਰੇ"। (ਮੱਤੀ. 16: 24) ਆਪਣੇ-ਆਪਦਾ ਇਨਕਾਰ ਦਾ ਮਤਲਬ ਆਤਮ-ਤਿਆਗ ਨਹੀ ਹੈ। ਆਤਮ-ਤਿਆਗ ਦਾ ਅਰਥ ਹੈ ਕੁਝ ਭੋਜਨ,ਭੋਗ ਵਿਲਾਸ, ਜਾ ਸੰਪਤੀ ਨੂੰ ਤਿਆਗਣਾ। ਪਰ ਆਪਣੇ ਆਪ ਦਾ ਇਨਕਾਰ ਦਾ ਅਰਥ ਹੈ ਕਿ ਖੁਦ ਦਾ ਮਸੀਹ ਦੀ ਪ੍ਰੱਭੁਤਾ ਉਤੇ ਅਜਿਹਾ ਸਮਰਪਣ ਕਿ ਖੁਦ ਦਾ ਕੋਈ ਹੱਕ ਜਾ ਅਧਿਕਾਰ ਨਾ ਰਹੇ। ਇਸਦਾ ਮਤਲਬ ਹੈ ਆਪਣੇ ਰਾਜਦਾ ਇਨਕਾਰ। ਇਹ ਹੈਨਰੀ ਮਾਰਟਿਨ ਦੇ ਸ਼ਬਦਾ ਵਿਚ ਅਭਿਵਿਅਕਤ ਕੀਤਾ ਗਿਆ ਹੈ,"ਹੇ ਪ੍ਰੱਭੂ, ਮੇਰੀ ਮਰਜ਼ੀ ਕੋਈ ਬਾਕੀ ਨਾ ਰਹੇ, ਨਾ ਹੀ ਬਾਹਰੀ ਤੋਰ ਤੇ ਮੇਰੇ ਨਾਲ ਹੋਣ ਵਾਲੀਆਂ ਗੱਲਾਂ ਤੇ ਮੈਂ ਆਪਣੀ ਖੁਸ਼ੀ ਲਈ ਨਿਰਭਰ ਰਹਾਂ ਪ੍ਰੰਤੂ ਤੇਰੀ ਮਰਜ਼ੀ ਦੇ ਅਨੁਸਾਰ ਮੈਂ ਮੁੜ ਜਾਉ ।"

ਮੇਰਾ ਮਹਿਮਾਮਈ ਫਤਰਮੰਦ ਫਤਹਮੰਦ ਰੱਬੀ ਰਾਜਕੁਮਾਰ
ਤੇਰੇ ਵਿਚ ਇਹ ਸਮਰਪਿਤ ਹੱਥ ਜੋੜੇ,
ਹਮੇਸ਼ਾ ਲਈ ਮੇਰੀ ਇਛੱਾ, ਤੇਰੀ ਸਭ ਤੇਰੀ ਇੱਛਾ ਹੋਵੇ,
ਮੁਕਤੀਦਾਤੇ ਦੇ ਸਿੰਘਾਸਣ ਦਾ ਇਕ ਅਨੰਦਤ ਗੁਲਾਮ"

ਐਚ. ਜੀ. ਸੀ. ਮੂਲੇ

## 3) ਸਵੈ-ਇੱਛਾ ਨਾਲ ਸਲੀਬ ਦਾ ਚਣਾਓ ।

"ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ ਤਾਂ ਆਪਣੇ ਆਪ ਦਾ ਇਨਕਾਰ ਕਰੇ ਅਤੇ ਆਪਣੀ ਸਲੀਬ ਚੁੱਕ ਕੇ " (ਮੱਤੀ. 16:24) । ਸਲੀਬ ਕੋਈ ਸਰੀਰਕ ਨਿਰਬਲਤਾ ਜਾਂ ਮਾਨਸਿਕ ਤਨਾਅ ਨਹੀ ਹੈ; ਇਹ ਗੱਲਾ ਹਰੇਕ ਮਨੁੱਖ ਲਈ ਆਮ ਹਨ । ਸਲੀਬ ਇਕ ਸੋਚ-ਵਿਚਾਰਕੇ ਚੁਣਿਆ ਗਿਆ ਮਾਰਗ ਹੈ। ਇਹ "ਮਾਰਗ ਇਸ ਸੰਸਾਰ ਵਿੱਚ ਰਹਿੰਦਿਆਂ ਹੋਇਆਂ ਇੱਕ ਬੇ ਇਜ਼ੱਤੀ ਅਤੇ ਨਿੰਦਾ ਦਾ ਹੈ।" ਸੀ. ਏ. ਕੌਅਟਸ । ਸਲੀਬ,ਲੱਜਾ, ਸਤਾਵ ਅਤੇ ਗਾਲ੍ਹਾਂ ਨੂੰ ਸੰਤੇਕ ਕਰਦੀ ਹੈ ਜੋ ਸੰਸਾਰ ਨੇ ਪ੍ਰਮੇਸ਼ਵਰ ਦੇ ਪੁੱਤ੍ਰ ਤੇ ਬਹਾਈਆਂ ਅਤੇ ਬਹਾਵੇਗਾ ਜੋ ਇਸ ਦੇ ਵਿਰੁੱਧ ਖੜ੍ਹਾ ਹੋਣਾ ਪਸੰਦ ਕਰੇਗਾ। ਕੋਈ ਵੀ ਵਿਸ਼ਵਾਸ਼ੀ ਸੰਸਾਰ ਦੇ ਰੂਪ ਜਿਹਾ ਬਣਕੇ ਅਤੇ ਇਸਦੇ ਰਾਸਤੇ ਅਪਣਾ ਕੇ ਸਲੀਬ ਤੋਂ ਬਚ ਸਕਦਾ ਹੈ।

## 4) ਮਸੀਹ ਦੀ ਪੈਹਰਵੀ ਵਿਚ ਜੀਵਨ ਬਤਾਇਆ

"ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ ਤਾਂ ਆਪਣੇ ਆਪ ਦਾ ਇਨਕਾਰ ਕਰੇ ਅਤੇ ਆਪਣੀ ਸਲੀਬ ਚੁੱਕ ਕੇ ਮੇਰੇ ਪਿੱਛੇ ਚੱਲੇ " (ਮੱਤੀ 16:24) । ਇਸਨੂੰ ਸਮਝਣ ਲਈ ਸਾਨੂੰ ਸਿਰਫ ਇਹ ਪੁਛਣ ਦੀ ਲੋੜ੍ਹ ਹੈ, "ਪ੍ਰੱਭੂ ਯਿਸੂ ਦਾ ਜੀਵਨ ਕਿਸ ਤਰ੍ਹਾ ਚਿਤਰਿਆ? ਇਹ ਪ੍ਰਮੇਸ਼ਵਰ ਦੀ ਇੱਛਾ ਦੀ ਪਾਲਨਾ ਕਰਨ

ਵਾਲਾ ਜੀਵਣ ਸੀ। ਇਹ ਪਵਿੱਤ੍ਰ ਆਤਮਾ ਦੀ ਸ਼ਕਤੀ ਵ੍ਰਿਚ ਬਤੀਤ ਕੀਤਾ ਗਿਆ ਜੀਵਣ ਸੀ।ਇਹ ਦੂਜਿਆਂ ਦੀ ਨਿਸਵਾਰਥ ਸੇਵਾ ਕਰਨ ਵਾਲਾ ਜੀਵਣ ਸੀ। ਘੋਰ ਬਦਸਲੋਕ ਦੇ ਸਾਹਮਣੇ ਧੀਰਜ ਅਤੇ ਸੰਗਮ ਵਾਲਾ ਜੀਵਨ ਸੀ। ਇਸ ਜੋਸ਼,ਬਲੀਦਾਨ,ਸੰਜਮ,ਨਰਮਾਈ, ਦਿਆਲਗੀ,ਵਫਾਦਾਰੀ ਅਤੇ ਭਗਤੀ ਵਾਲਾ ਜੀਵਣ ਸੀ (ਗਲਤੀਆਂ 5:22,23) ਉਸਦੇ ਸ਼ਗਿਰਦ ਬਣਨ ਲਈ ਜਿਸ ਉੱਤੇ ਉਹ ਚਲਿਆ ਸਾਨੂੰ ਚੱਲਣਾ ਚਾਹੀਦਾ ਹੈ, ਸਾਨੂੰ ਮਸੀਹ ਵਰਗੇ ਫੱਲ ਪ੍ਰਗਟ ਕਰਨੇ ਚਾਹੀਦੇ ਹਨ (ਯਹੂੰਨਾ 15:8)।

## *5) ਯਿਸੂ ਮਸੀਹ ਦੇ ਲੋਕਾਂ ਲਈ ਇਕ ਜੋਸ਼ੀਲਾ ਪ੍ਰੇਮ*

" ਜੇ ਤੁਸੀਂ ਆਪੋ ਵਿਚ ਪ੍ਰੇਮ ਰੱਖੋ ਤਾਂ ਇਸੇ ਤੋਂ ਸਭ ਜਾਣਨਗੇ ਭਈ ਤੁਸੀਂ ਮੇਰੇ ਚੇਲੇ ਹੋ " (ਯੂਹੰਨਾ 13:35)। ਇਹ ਉਹ ਪ੍ਰੇਮ ਹੈ ਜੋ ਦੂਸਰਿਆਂ ਨੂੰ ਆਪਣੇ ਨਾਲੋਂ ਬੇਹਤਰ ਸਮਝਦਾ ਹੈ। ਇਹ ਉਹ ਪ੍ਰੇਮ ਹੈ ਜੋ ਬਹੁਤ ਸਾਰੇ ਪਾਪਾਂ ਨੂੰ ਢੱਕ ਲੈਂਦਾ ਹੈ। ਇਹ ਉਹ ਪ੍ਰੇਮ ਹੈ ਜੋ ਧੀਰਜਵਾਨ ਅਤੇ ਕ੍ਰਿਪਾਲੂ ਹੈ। ਇਹ ਹੰਕਾਰ ਨਹੀਂ ਕਰਦਾ ਅਤੇ ਫੁਲੱਦਾ ਨਹੀਂ। ਇਹ ਕੁਚੱਜਿਆਂ ਨਹੀਂ ਕਰਦਾ, ਆਪ ਸੁਆਰਥੀ ਨਹੀ, ਚਿੜ੍ਹਦਾ ਨਹੀਂ, ਬੁਰਾ ਨਹੀਂ ਮੰਨਦਾ । ਸਭ ਕੁੱਝ ਗੱਲਾ ਦੀ ਆਸ ਰੱਖਦਾ ਅਤੇ ਸਭ ਕੁਝ ਸਹਿ ਲੈਂਦਾ (1 ਕੁਰਿੰਥੀਆ 13:4-7)। ਇਸ ਪ੍ਰੇਮ ਤੋ ਬਿਨ੍ਹਾਂ, ਸ਼ਾਗਿਰਦੀ ਠੰਡੀ ਅਤੇ ਕਾਨੂੰਨੀ (ਕਟੱੜ) ਸਾਧੂਵਾਦ ਹੋਵੇਗੀ।

## *6) ਨਿਰੰਤਰ ਉਸਦੇ ਬਚਨ ਨੂੰ ਫੜ੍ਹੀ ਰੱਖਣਾ*

"ਜੇ ਤੁਸੀ ਮੇਰੇ ਬਚਨ ਤੇ ਖਲੋਤੇ ਰਹੋ ਤਾਂ ਠੀਕ ਤੁਸੀਂ ਮੇਰੇ ਚੇਲੇ ਹੋ" (ਯੂਹੰਨਾ 8:31)। ਸੱਚੀ ਸਾਗਿਰਦੀ ਲਈ ਨਿਰੰਤਰਤਾ ਜ਼ਰੂਰੀ ਹੈ। ਉਸਦੀ ਮਹਿਮਾਂ ਦੀਆਂ ਲਾਟਾਂ ਵਿਚ ਫੈਲਣ ਲਈ ਅੱਛਾ ਸ਼ੁਰੂ ਕਰਨਾ ਬਹੁਤ ਅਸਾਨ ਹੈ।

ਪ੍ਰੰਤੂ ਸੱਚਾਈ ਦੀ ਪਰਖ ਅੰਤ ਤਕ ਚਲਦੀ ਰਹਿੰਦੀ ਹੈ। ਜੇ ਕੋਈ ਆਪਣਾ ਹੱਥ ਹੱਲ ਤੇ ਰੱਖਕੇ ਪਿਛਾਹਾਂ ਨੂੰ ਵੇਖੇ ਤਾਂ ਉਹ ਪ੍ਰਮੇਸ਼ੁਰ ਦੇ ਰਾਜ ਦੇ ਜੋਗ ਨਹੀ (ਲੂਕਾ 9:62) ਕਦੇ ਕਦਾਈ ਵਚਨ ਦੀ ਪਾਲਣਾ ਨਹੀ ਚਲੇਗੀ। ਮਸੀਹ ਉਨ੍ਹਾਂ ਨੂੰ ਚਾਹੁੰਦਾ ਹੈ ਜੋ ਲਗਾਤਾਰ ਅਤੇ ਬਿਨਾ ਪ੍ਰਸ਼ਨ ਕਰੇ ਉਸਦੀ ਪਾਲਨਾ ਕਰਦੇ ਹਨ।

ਮੈਨੂੰ ਪਿਛੇ ਮੁੜਨ ਤੋਂ ਬਚਾ।
ਮੇਰੀ ਹੱਲ ਦੇ ਹਥੇ ਹੰਝੂਆਂ ਨਾਲ ਭਿੱਜੇ ਹੋਏ ਹਨ,
ਕਤਰਨੀ ਜੰਗਾਲ ਨਾਲ ਖਰਾਬ ਹੋ ਚੁੱਕੀ ਹੈ,
ਅਤੇ ਫਿਰ ਵੀ ਅਤੇ ਫਿਰ ਵੀ
ਮੇਰੇ ਖੁਦਾ! ਮੇਰੇ ਖੁਦਾਵੰਦ!
ਮੈਨੂੰ ਪਿਛੇ ਮੁੜਨ ਤੋਂ ਬਚਾ।

## *7) ਸਭ ਕੁੱਝ ਛੱਡਕੇ ਉਸਦਾ ਪਿਛਾ ਕਰਨਾ*

"ਸੋ ਇਸੇ ਤਰ੍ਹਾਂ ਤੁਹਾਡੇ ਵਿਚੋਂ ਹਰੇਕ ਜੋ ਆਪਣਾ ਸਭ ਕੁਝ ਨਾ ਤਿਆਗੇ ਉਹ ਮੇਰਾ ਚੇਲਾ ਨਹੀਂ ਹੋ ਸਕਦਾ" (ਲੂਕਾ 14:33)। ਇਹ ਮਸੀਹ ਦੇ ਚੇਲੇ ਦੀਆ ਛਰਤਾਂ ਵਿਚੋਂ ਸ਼ਾਇਦ ਸਭ ਤੋਂ ਅਪ੍ਰਸਿੱਧ ਅਤੇ ਬਾਈਬੱਲ ਦਾ ਵੀ ਸਭ ਤੋਂ ਅਪ੍ਰਸਿੱਧ ਵਚਨ ਹੈ। ਚਲਾਕ ਧਰਮ ਵਿਗਿਆਨੀ ਹਜ਼ਾਰ ਕਾਰਨ ਦਸਣਗੇ ਕਿ ਇਸਦਾ ਮਤਲਬ ਇਹ ਨਹੀ ਜੋ ਇਹ ਆਖਦੀ ਹੈ, ਪਰ ਸਧਾਰਨ ਚੇਲੇ ਉਤਸਾਹ ਦੇ ਨਾਲ ਸਮਝ ਜਾਣਗੇ ਇਹ ਸੋਚਦੇ ਹੋਏ ਕਿ ਪ੍ਰਭੂ ਯਿਸੂ ਜਾਣਦੇ ਹਨ ਉਹ ਕੀ ਆਖ ਰਹੇ ਹਨ। ਸਭ ਕੁੱਝ ਛੱਡ ਦੇਣ ਦਾ ਅਰਥ ਕੀ ਹੈ। ਇਸਦਾ ਮਤਲਬ ਇਹ ਹੈ ਕਿ ਆਪਣੀ ਭੌਤਿਕ ਸੰਪਤੀ ਨੂੰ ਤਿਆਗ ਦੇਣਾ ਜਿਸਦੀ ਤੁਹਾਨੂੰ ਬਹੁਤ ਜਰੂਰਤ ਨਹੀ ਅਤੇ ਉਸਨੂੰ ਸ਼ੁਭ ਸਮਾਚਾਰ ਦੇ ਵਧਾਉਣ ਲਈ

ਇਸਤੇਮਾਲ ਕਰ ਦੇਣਾ। ਜੋ ਆਪਣਾ ਸਭ ਕੁਝ ਛੱਡ ਦਿੰਦਾ ਹੈ ਲਾਚਾਰ ਅਵਾਰਾਗਰਦ ਨਹੀ ਬਣ ਜਾਂਦਾ ਹੈ ਸਗੋਂ ਉਹ ਆਪਣੀਆ ਅਤੇ ਆਪਣੇ ਪਰਿਵਾਰ ਦੀਆਂ ਵਰਤਮਾਨ ਜ਼ਰੂਰਤਾ ਲਈ ਸਖ਼ਤ ਮਹਿਨਤ ਕਰਦਾ ਹੈ। ਪਰ ਹੁਣ ਜਦ ਉਸਦੀ ਅਭਿਲਾਸ਼ਾ ਇਹ ਹੈ ਕਿ ਮਸੀਹ ਕੰਮ ਨੂੰ ਅਗੇ ਵਧਾਉਣਾ ਉਹ ਆਪਣੀਆਂ ਵਰਤਮਾਨ ਜਰੂਰਤਾਂ ਤੋਂ ਵੱਧ ਕੇ ਆਪਣਾ ਸਭ ਕੁੱਝ ਪ੍ਰੱਭੂ ਦੇ ਕੰਮ ਵਿਚ ਲਗਾ ਦਿੰਦਾ ਹੈ ਅਤੇ ਭਵਿੱਖ ਪ੍ਰਮੇਸ਼ੁਰ ਉੱਤੇ ਛੱਡ ਦਿੰਦਾ ਹੈ। ਪ੍ਰਮੇਸ਼ੁਰ ਦੇ ਰਾਜ ਅਤੇ ਧਰਮ ਦੀ ਪਹਿਲਾਂ ਭਾਲ ਕਰਕੇ ਉਹ ਇਹ ਵਿਸ਼ਵਾਸ ਕਰਦਾ ਹੈ ਕਿ ਉਸਨੂੰ ਭੋਜਨ ਅਤੇ ਕੱਪੜੇ ਦੀ ਕਦੀ ਵੀ ਕੋਈ ਘਟੀ ਨਹੀ ਹੋਵੇਗੀ। ਜਦ ਆਤਮਾਵਾ ਸ਼ੁਭਸਮਾਚਾਰ ਤੋਂ ਬਿਨਾਂ ਨਾਸ਼ ਹੁੰਦੀਆਂ ਹਨ ਉਹ ਇਮਾਨਦਾਰੀ ਨਾਲ ਬਹੁਤਾ ਨਹੀ ਰੱਖ ਸਕਦਾ । ਧੰਨ ਨੂੰ ਇੱਕਠਾ ਕਰਨ ਲਈ ਆਪਣੀ ਜਿੰਦਗੀ ਨਹੀ ਵਿਅਰਥ ਕਰੇਗਾ ਕਿਉਂਕਿ ਜਦ ਮਸੀਹ ਆਪਣੇ ਸੰਤਾਂ ਨੂੰ ਸਵਰਗ ਲੈ ਜਾਣ ਲਈ ਪਰਤੇਗਾ ਇਹ ਧੰਨ ਸ਼ਤਾਨ ਦੇ ਹੱਥਾਂ ਵਿੱਚ ਚਲਿਆ ਜਾਵੇਗਾ। ਉਹ ਧਰਤੀ ਉਤੇ ਧੰਨ ਜੋੜਣ ਦੇ ਉਲਟ ਪ੍ਰੱਭੂ ਦੀ ਆਗਿਆ ਦੀ ਪਾਲਨਾਂ ਕਰਨਾ ਚਾਹੁੰਦਾ ਹੈ। ਉਹ ਸਭੋ ਕੁੱਝ ਛੱਡਕੇ ਜਿਸਨੂੰ ਉਹ ਕਿਸੇ ਵੀ ਤਰੀਕੇ ਨਾਲ ਰੱਖ ਨਹੀ ਸਕਦਾ ਅਤੇ ਉਸਨੂੰ ਮੋਹ ਕਰਨਾ ਛੱਡ ਦਿੰਦਾ ਹੈ।

ਤਾਂ ਫਿਰ ਇਹ ਹਨ ਮਸੀਹ ਸ਼ਾਗਿਰਦੀ ਦੀਆ ਸੱਤ ਸ਼ਰਤਾਂ। ਇਹ ਸ਼ਪਸ਼ਟ ਅਤੇ ਅਸੰਦੇਹਾਤਮਕ ਹਨ। ਇਹਨਾਂ ਨੂੰ ਪ੍ਰਸਤੁਤ ਕਰਨ ਵਿਚ ਲੇਖਕ ਆਪਣੇ ਆਪਨੂੰ ਇਕ ਲਾਭਹੀਣ ਸੇਵਕ ਠਹਾਉਂਦਾ ਹੈ। ਪਰ ਪ੍ਰਮੇਸ਼ਵਰ ਦੇ ਲੋਕਾਂ ਦੀ ਅਸਫਲਤਾ ਦੇ ਕਾਰਨ ਕਿ ਪ੍ਰਮੇਸ਼ੁਰ ਦੀ ਸੱਚਾਈ ਹਮੇਸ਼ਾ ਲਈ ਦਬਾਈ ਰਵੇਗੀ? ਕੀ ਇਹ ਸੱਚ ਨਹੀਂ ਕਿ ਸੰਦੇਸ਼ ਹਮੇਸ਼ਾ ਸੰਦੇਸ਼ਵਾਹਕ ਤੋਂ ਮਹਾਨ ਹੁੰਦਾ ਹੈ? ਕੀ ਇਹ ਸਹੀ ਨਹੀ ਕਿ ਪ੍ਰਮੇਸ਼ੁਰ ਸੱਚਾ ਹੈ ਅਤੇ ਹਰੇਕ ਮਨੁੱਖ ਝੂਠਾ ਹੈ? ਕੀ ਅਸੀ ਅਯੋਗਤਾ ਨਾਲ ਨਾ ਆਖੀਏ, " ਮੇਰੇ ਨਾ ਕਰਨ ਵਿਚ ਵੀ ਤੇਰੀ ਮਰਜੀ

ਪੂਰੀ ਹੋਵੇ"।

ਆਓ ਆਪਣੀਆਂ ਭੂਤਕਾਲੀ ਅਸਫਲਤਾਵਾਂ ਨੂੰ ਸਵੀਕਾਰ ਕਰਕੇ, ਹਿੰਮਤ ਨਾਲ ਮਸੀਹ ਦੇ ਦਾਵਿਆਂ ਨੂੰ ਮੰਗੀਏ ਅਤੇ ਇਸ ਲਈ ਆਪਣੇ ਮਹਿਮਾਭਰੇ ਪ੍ਰਭੂ ਦੇ ਸੱਚੇ ਚੇਲੇ ਬਣਨ ਲਈ ਭਾਲੀਏ।

ਮੇਰੇ ਸੁਆਮੀ, ਮੇਰੀ ਆਪਣੇ ਦਰਵਾਜੇ ਵੱਲ ਅਗਵਾਈ ਕਰ:
ਇਕ ਵਾਰ ਫਿਰ ਹੁਣ ਮੇਰਾ ਚਾਹੁੰਣ ਵਾਲਾ ਕੰਨ ਵਿੰਨ੍ਹ ,
ਤੇਰੇ ਬੰਧਨ ਮੇਰੇ ਲਈ ਛੁਟਕਾਰਾ ਹਨ;
ਮੈਨੂੰ ਆਪਣੇ ਨਾਲ ਮਿਹਨਤ ਕਰਨ, ਸਥਿਰ ਰਹਿਣ,
ਆਗਿਆ ਮੰਨਣ ਲਈ ਰਹਿਣ ਦੇ।

ਐਚ.ਜੀ.ਸੀ.ਮੂਲੇ

# ਸਰਵ-ਸਰਬੱਤ ਤਿਆਗ

"ਸੋ ਇਸੇ ਤਰਾਂ ਤੁਹਾਡੇ ਵਿੱਚੋ ਰਹੇਕ ਜੋ ਆਪਣਾ ਸਭ ਕੁੱਝ ਨਾ ਤਿਆਗੇ ਉਹ ਮੇਰਾ ਚੇਲਾ ਨਹੀ ਹੋ ਸਕਦਾ " (ਲੂਕਾ 14:33)

ਪ੍ਰਭੂ ਯਿਸੂ ਦਾ ਸ਼ਾਗਿਰਦ ਬਣਨ ਲਈ ਸਭ ਕੁਝ ਤਿਆਗਣਾ ਅਵੱਸ਼ ਹੈ। ਮੁਕਤੀਦਾਤੇ ਦੇ ਸ਼ਬਦਾ ਦਾ ਗਲਤੀ ਰਹਿਤ ਮਤਲਬ ਏਹੋ ਹੀ ਹੈ। ਭਾਵੇਂ ਅਸੀ ਕਿੰਨਾ ਵੀ ਇਸ "ਕਟੱੜ" ਮੰਗ ਦਾ ਵਿਰੋਧ ਕਰੀਏ, ਭਾਵੇਂ ਅਸੀਂ ਇਸ "ਅਸੰਭਵਤਾ" ਅਤੇ "ਅਜੀਬ" ਪ੍ਰਣਾਲੀ ਦੀ ਕਿੰਨੀ ਵੀ ਬਗਾਵਤ ਕਰੀਏ, ਸੱਚਾਈ ਇਹ ਹੈ ਕਿ ਇਹ ਪ੍ਰਭੂ ਦੇ ਸ਼ਬਦ ਹਨ, ਅਤੇ ਜੋ ਕੁਝ ਉਹ ਕਹਿੰਦਾ ਹੈ ਉਸਦਾ ਉਹੀ ਮਤਲਬ ਹੁੰਦਾ ਹੈ।

ਅਰੰਭ ਵਿਚ ਸਾਨੂੰ ਇਹਨਾਂ ਹੇਠ ਲਿਖੀਆਂ ਅਟੱਲ ਸਚਾਈਆ ਦਾ ਸਾਹਮਣਾ ਕਰਨਾ ਹੋਵੇਗਾ :

(ੳ) ਯਿਸੂ ਨੇ ਇਹ ਮੰਗ ਕਿਸੇ ਵਿਸ਼ੇਸ ਵਰਗ ਦੇ ਮਸੀਹੀ ਸੇਵਕਾਂ ਲਈ ਨਹੀ ਰਖੀ। ਉਸਨੇ ਆਖਿਆ , "ਤੁਹਾਡੇ ਵਿੱਚ ਹਰੇਕ ਜੋ .... "

(ਅ) ਉਸਨੇ ਇਹ ਨਹੀ ਆਖਿਆ ਕਿ ਸਾਡੇ ਵਿੱਚ ਸਭ ਕੁੱਝ ਤਿਆਗਣ

ਦੀ "ਇੱਛਾ " ਹੋਣੀ ਚਾਹੀਦੀ ਹੈ। ਉਸਨੇ ਆਖਿਆ , "ਤੁਹਾਡੇ ਵਿਚੋ ਹਰੇਕ ਜੋ .... ਨਾ ਤਿਆਗੇ ...."

(ੲ) ਉਸਨੇ ਇਹ ਨਹੀ ਆਖਿਆ ਕਿ ਸਾਨੂੰ ਕੇਵਲ ਆਪਣੀ ਸੰਪੱਤੀ ਦਾ ਭਾਗ ਤਿਆਗਣਾ ਹੈ। ਉਸਨੇ ਆਖਿਆ, " ਤੁਹਾਡੇ ਵਿਚੋਂ ਰਹੇਕ ਜੋ ਆਪਣਾ ਸਭ ਕੁਝ ਨਾ ਤਿਆਗੇ.... "

(ਸ) ਉਸਨੇ ਇਹ ਨਹੀ ਆਖਿਆ ਕਿ ਜੋ ਆਪਣਾ ਧੰਨ ਸੰਭਾਲੀ ਰੱਖਦਾ ਹੈ ਉਸ ਲਈ ਛੋਟੇ ਵਰਗ ਦੀ ਸ਼ਾਗਿਰਦੀ ਸੰਭਵ ਹੈ। ਯਿਸੂ ਨੇ ਆਖਿਆ, "... ਉਹ ਮੇਰਾ ਚੇਲਾ ਨਹੀ ਹੋ ਸਕਦਾ"

ਦਰਅਸਲ, ਸਾਨੂੰ ਇਸ ਸੰਪੂਰਨ ਮੰਗ ਤੇ ਅਚੰਭਾ ਨਹੀ ਕਰਨਾ ਚਾਹੀਦਾ,ਜਿਵੇ ਬਾਈਬਲ ਵਿਚ ਇਹ ਸਿਰਫ ਸੁਝਾਓ ਹਨ।

"ਆਪਣੇ ਲਈ ਧਰਤੀ ਉਤੇ ਧਨ ਨਾ ਜੋੜੋ ਜਿਥੇ ਕੀੜਾ ਅਤੇ ਜੰਗਾਲ ਵਿਗਾੜਦਾ ਹੈ ਘਰ ਜਿੱਥੇ ਚੋਰ ਸੰਨ੍ਹ ਮਾਰਦੇ ਅਤੇ ਚੁਰਾਉਂਦੇ ਹਨ। ਪਰ ਸੁਰਗ ਵਿੱਚ ਆਪਣੇ ਲਈ ਧੰਨ ਜੋੜੋ .... " (ਮੱਤੀ 6:19,20) ? ਜਿਵੇਂ ਵੈਸਲੀ ਨੇ ਠੀਕ ਕਹਾ ਹੈ, "ਹੱਤਿਆ ਅਤੇ ਜ਼ਨਾਹ ਵਾਂਗਰ ਧਰਤੀ ਉਤੇ ਧੰਨ ਜੋੜਣਾ ਸਾਡੇ ਉਸਤਾਦ ਵਲੋਂ ਸਾਫ਼-ਸਾਫ਼ ਵਰਜਿਤ ਕੀਤਾ ਹੋਇਆ ਹੈ।"

## *ਕੀ ਯਿਸੂ ਨੇ ਇਹ ਨਹੀ ਕਿਹਾ :*

"ਆਪਣਾ ਮਾਲ ਵੇਚ ਕੇ ਦਾਨ ਕਰੋ... " (ਲੂਕਾ 12:33) ? ਕੀ ਉਸਨੇ ਅਮੀਰ ਨੌਜਵਾਨ ਸਰਦਾਰ ਨੂੰ ਹਦਾਇਤ ਨਾ ਦਿੱਤੀ:

" ਜੋ ਕੁਝ ਤੇਰਾ ਹੈ ਵੇਚ ਅਤੇ ਕੰਗਾਲਾਂ ਨੂੰ ਦੇਹ ਤੈਨੂੰ ਸੁਰਗ ਵਿੱਚ ਧਨ ਮਿਲੇਗਾ ਅਤੇ ਆ ਮੇਰੇ ਪਿਛੇ ਹੋ ਤੁਰ " (ਲੂਕਾ 18:22) ?

ਜੇਕਰ ਜੋ ਉਸਨੇ ਆਖਿਆ ਹੈ ਉਸਦਾ ਮਤਲਬ ਇਹ ਨਹੀਂ ਤਾਂ ਫਿਰ ਇਸਦਾ ਮਤਲਬ ਕੀ ਹੈ ?

ਕੀ ਇਹ ਅਰੰਭਕ ਕਲੀਸਿਆ ਦੇ ਵਿਸ਼ਵਾਸ਼ੀਆਂ ਵਿਚ ਸੱਚ ਨਹੀ ਕਿ ਉਹਨਾਂ "ਆਪਣੀ ਮਿਲਖ ਅਰ ਮਾਲ ਵੇਚ ਕੇ ਜਿਹੀ ਕਿਸ ਨੂੰ ਲੋੜ ਹੁੰਦੀ ਸੀ ਸਭਨਾਂ ਨੂੰ ਦਿੰਦੇ ਸਨ (ਰਸੂਲਾਂ 2:45) ?

ਕੀ ਸਾਲਾਂ ਤੋਂ ਖੁਦਾ ਦੇ ਸੰਤਾਂ ਵਿਚ ਸੱਚ ਨਹੀ ਜੋ ਸ਼ਬਦਕੀ ਰੂਪ ਵਿਚ ਆਪਣਾ ਸਭ ਤਿਆਗਕੇ ਯਿਸੂ ਦੇ ਪਿਛੇ ਹੋ ਤੁਰੇ ?

ਐਨਥੋਨੀ ਨੋਰਿਸ ਗਰੋਵਸ ਅਤੇ ਉਨ੍ਹਾਂ ਦੀ ਪਤਨੀ ਜੋ ਬਗਹਦਾਦ ਲਈ ਆਰੰਭਿਕ ਮਿਸ਼ਨਰੀ ਹਨ ਇਸ ਗੱਲ ਲਈ ਨਿਸ਼ਚਤ ਹੋ ਗਏ ਕਿ "ਉਹ ਆਪਣਾ ਧੰਨ ਧਰਤੀ ਉਤੇ ਨਾ ਇੱਕਠਾ ਕਰਨ, ਅਤੇ ਪ੍ਰਭੂ ਦੀ ਸੇਵਾ ਲਈ ਆਪਣੀ ਸਾਰੀ ਵੇਤਨ ਸਮਰਪੱਣ ਕਰ ਦੇਣ। ਇਸ ਵਿਸ਼ੇ ਤੇ ਗਰੋਵਸ ਦੀਆਂ ਧਾਰਨਾ ਉਸਦੀ ਕਿਤਾਬਚਾ ਕਰਿਸ਼ਚਿਯਨ ਡੀਵੋਟਡਨੈਸ ਵਿਚ ਸਾਹਮਣੇ ਰੱਖੀਆਂ ਹਨ।

ਸੀ ਟੀ ਸਟੱਡ ਨੇ "ਆਪਣਾ ਸਾਰਾ ਧਨ-ਮਾਲ ਮਸੀਹ ਨੂੰ ਦੇਣ ਦਾ ਫੈਸਲਾ ਕੀਤਾ, ਅਤੇ ਉਸਨੇ ਸੁਨਿਹਰੀ ਮੌਕਾ ਪਾ ਕੇ ਉਹ ਕੀਤਾ ਜੋ ਉਹ ਨੌਜਵਾਨ ਅਮੀਰ ਸਰਦਾਰ ਕਰਨ ਤੋਂ ਚੂਕ ਗਿਆ ਸੀ ... ਇਹ ਸਿਰਫ਼ ਪ੍ਰਮੇਸ਼ੁਰ ਦੇ ਵਚਨ ਦੀ ਪਾਲਣਾ ਦੁਆਰਾ ਹੀ ਹੋ ਸਕਦਾ ਸੀ।"

ਹਜ਼ਾਰਾ ਰੁਪਏ ਪ੍ਰਭੂੱ ਦੇ ਕੰਮ ਲਈ ਦੇਣ ਤੋਂ ਬਾਅਦ ਉਸਨੇ 9,588 ਡਾਲਰ ਆਪਣੀ ਨਵੀਂ ਦੁਲਹਣ ਵਾਸਤੇ ਬਚਾ ਲਏ। ਉਹ ਆਪਣੀ ਪਤਨੀ ਨਾਲ ਜਾਜ਼ਤੀ ਨਹੀ ਕਰਨਾ ਚਾਹੁੰਦਾ ਸੀ। ਉਸਦੀ ਪਤਨੀ ਨੇ ਪੁਛਿਆ "ਚਾਰਲੀ" "ਪ੍ਰੱਭੂ ਨੇ ਨੌਜਵਾਨ ਅਮੀਰ ਸਰਦਾਰ ਨੂੰ ਕੀ ਆਖਿਆ ਸੀ?"

"ਸਭ ਵੇਚ " ਉਸਨੇ ਉੱਤਰ ਦਿੱਤਾ।

ਠੀਕ ਹੈ ਫਿਰ, ਅਸੀ ਆਪਣੀ ਸ਼ਾਦੀ ਦੇ ਦਿਨ ਤੋ ਹੀ ਪ੍ਰਭੂ ਦੇ ਸਾਹਮਣੇ ਆਪਣਾ ਵਿਵਹਾਰ ਸਾਫ ਰੱਖਾਂਗੇ। ਅਤੇ ਪੈਸੇ ਮਸੀਹੀ ਮਿਸ਼ਨ ਲਈ ਅਰਪਣ ਕਰ ਦਿੱਤੇ।।

ਫਿਰ ਉਹੀ ਸਮਰਪਣ ਦੀ ਆਤਮਾ ਜਿੰਮ ਏਲੀਅਟ ਵਿਚ ਸਜੀਵ ਹੈ।

*ਉਸਨੇ ਆਪਣੀ ਡਾਈਰੀ ਵਿਚ ਲਿਖਿਆ :*

"ਪਿਤਾ, ਮੈਨੂੰ ਕਮਜੋਰ ਰਹਿਣ ਦੇ ਤਾ ਕਿ ਮੇਰੀ ਹਰੇਕ ਸੰਸਾਰਿਕ ਚੀਜ਼ ਤੋਂ ਪਕੜ ਛੁੱਟ ਜਾਵੇ। ਮੇਰੀ ਜਿੰਦਗੀ, ਮੇਰੀ ਸ਼ੋਹਰਤ, ਮੇਰੀ ਮਲਕੀਅਤ, ਪ੍ਰਭੂ ਇਹਨਾਂ ਸਭ ਬੰਧਨਾਂ ਨੂੰ ਮੈਂ ਤਿਆਗ ਦੇਣਾ ਚਾਹੁੰਦਾ ਹਾਂ ।ਏਥੋ ਤੱਕ ਕਿ ਪਿਤਾ, ਮੈਂ ਲਾਡ ਦੇ ਮੋਹ ਤੋਂ ਵੀ ਛੁੱਟ ਜਾਵਾਂ। ਕਿੰਨੀ ਵਾਰ ਮੈਂ ਪੱਕੜ ਨੂੰ ਪ੍ਰਗਟ ਕੀਤਾ ਕੇਵਲ ਉਸ ਲਾਡ ਪੁਚਕਾਰ ਵਾਲਾ ਸਪਰਸ਼ ਪ੍ਰਾਪਤ ਕਰਨ ਲਈ, ਜਿਸਨੂੰ ਮੈਂ ਬਿਨਾ ਹਾਨੀ ਤਾਂਗ ਪਾਉਣ ਦਾ ਹੱਕਦਾਰ ਹਾਂ।

ਸਗੋਂ , ਮੇਰੇ ਹੱਥ ਖੋਲ ਕਲਵਰੀ ਦੇ ਕਿੱਲ ਸਵੀਕਾਰ ਕਰਨ ਲਈ, ਜਿਸ ਤਰ੍ਹਾਂ ਮਸੀਹ ਨੇ ਖੋਲੇ, ਤਾਂ ਕਿ ਮੈਂ ਸਭ ਕੁਝ ਸਪੁਰਦ ਕਰਦਾ ਹੋਇਆ ਅਰਪਣ ਹੋ ਜਾਵਾਂ , ਮੁਕਤ ਹੋ ਜਾਓ ਜੋ ਸਭ ਹੁਣ ਮੈਨੂੰ ਬੰਨਦਾ ਹੈ। ਉਸਨੇ ਸਵਰਗ, ਪ੍ਰਮੇਸ਼ੁਰ ਦੇ ਤੁੱਲ ਹੋਣਾ ਕਬਜ਼ੇ ਰੱਖਣ ਦੀ ਚੀਜ਼ ਨਾ ਜਾਣਿਆ। ਇਸ ਲਈ ਮੈਨੂੰ ਪਕੱੜ ਤੋਂ ਮੁਕਤ ਕਰ।" ਸਾਡੇ ਸ਼ਰਧਾਹੀਣ ਦਿਲ ਆਖਦੇ ਹਨ ਪ੍ਰੱਭੂ ਦੇ ਬਚਨਾ ਨੂੰ ਸ਼ਾਬਦਕ ਲੈਣਾ ਅਸੰਭਵ ਹੈ। ਜੇਕਰ ਅਸੀ ਸਭ ਕੁਝ ਤਿਆਗ ਦਿੱਤਾ ਹੈ ਅਸੀ ਮੋਹਤਾਜ ਹੋ ਜਾਵਾਂਗੇ। ਫਿਰ ਵੀ, ਸਾਨੂੰ ਆਪਣੇ ਅਤੇ ਆਪਣੇ ਅਜ਼ੀਜਾਂ ਦੇ ਭਵਿੱਖ ਲਈ ਪ੍ਰਬੰਧ ਕਰਨਾ ਲਾਜ਼ਮੀ ਹੈ। ਅਗਰ ਪ੍ਰਤੀ ਇਕ ਮਸੀਹੀ ਸਭ

ਕੁਝ ਤਿਆਗ ਦਵੇਗਾ, ਤਾ ਫਿਰ ਪ੍ਰੱਭੂ ਦੇ ਕੰਮ ਲਈ ਆਰਥਕ ਪਰਬੰਧ ਕੌਣ ਕਰੇਗਾ? ਅਤੇ ਜੇ ਕੁੱਝ ਸਰਮਾਏਦਾਰ ਮਸੀਹੀ ਨਾ ਹੋਣ, ਤਾਂ ਉਸ ਸ਼੍ਰੇਣੀ ਦੇ ਲੋਕਾਂ ਤੱਕ ਖੁਸ਼-ਖਬਰੀ ਕਿਸ ਤਰ੍ਹਾਂ ਪਹੁੰਚੇਗੀ ? ਅਤੇ ਇਸ ਲਈ ਦਲੀਲਾਂ ਦੀ ਪਰਮਾਰ ਤੁੰਰਤ ਬਰਸਦੀ ਹੈ। ਸਭ ਇਸ ਗਲ ਨੂੰ ਸਾਬਤ ਕਰਨ ਲਈ ਕਿ ਪ੍ਰਭੂੱ ਯਿਸੂ ਦਾ ਮਤਲਬ ਉਹ ਨਹੀ ਹੋਵੇਗਾ ਜੋ ਉਸਨੇ ਆਖਿਆ।

ਮਸਲਾ ਇਹ ਹੈ ਕਿ ਪ੍ਰੱਭੂ ਦੇ ਹੁਕਮ ਦੀ ਪਾਲਣਾ ਕਰਣਾ ਸਭ ਤੋ ਵਾਜਬ ਅਤੇ ਸਮਝਦਾਰੀ ਜੀਵਣ ਹੈ, ਜੋ ਉਸਨੂੰ ਕਰਦਾ ਹੈ ਸਰਬੋਤਮ ਅਨੰਦ ਪਾਉਂਦਾ ਹੈ। ਵਚਨ ਦੀ ਸਾਖੀ ਅਤੇ ਤਜੁਰਬਾ ਇਸ ਗੱਲ ਦੇ ਗਵਾਹ ਹਨ ਕਿ ਜੋ ਕੋਈ ਮਸੀਹ ਲਈ ਬਲੀਦਾਨਪੂਰਵਕ ਰਹਿੰਦਾ ਹੈ, ਉਹ ਕਦੇ ਵੀ ਘਾਟੇ ਨੂੰ ਨਹੀ ਭੋਗਦਾ। ਜਦ ਮਨੁੱਖ ਪ੍ਰਮੇਸ਼ਵਰ ਦਾ ਹੁਕਮ ਮੰਨ ਲੈਂਦਾ ਹੈ, ਪ੍ਰੱਭੂ ਉਸਦੀ ਭਾਲ ਕਰਦਾ ਹੈ।

ਜੋ ਮਨੁੱਖ ਮਸੀਹ ਦਾ ਪਿੱਛਾ ਕਰਨ ਵਾਸਤੇ ਸਭ ਕੁੱਝ ਤਿਆਗ ਦਿੰਦਾ ਹੈ ਉਹ ਲਾਚਾਰ ਕੰਗਾਲ ਨਹੀ ਜੋ ਆਪਣੇ ਸੰਗੀ ਮਸੀਹਾਂ ਦੁਆਰਾ ਸੰਭਾਲਿਆ ਜਾਵੇ।

1) ਉਹ ਉਦਮੀ ਹੈ। ਉਹ ਆਪਣੀਆ ਅਤੇ ਆਪਣੇ ਪਰੀਵਾਰ ਦੀਆਂ ਵਰਤਮਾਨ ਜ਼ਰੂਰਤਾ ਪੂਰੀਆਂ ਕਰਨ ਲਈ ਸਖ਼ਤ ਮੇਹਨਤ ਕਰਦਾ ਹੈ।

2) ਉਹ ਸਰਫੇਖੋਰ ਹੈ। ਉਹ ਜਿੰਨਾ ਹੋ ਸਕੇ ਘੱਟ ਖਰਚ ਕਰਦਾ ਹੈ ਤਾਂ ਕਿ ਸਭ ਕੁਝ ਜੋ ਉਸਦੀ ਤਤਕਾਲੀ ਜ਼ਰੂਰਤਾ ਤੋਂ ਵੱਧ ਜਾਂਦਾ ਹੈ ਪ੍ਰੱਭੂ ਦੇ ਕੰਮ ਤੇ ਲਗਾ ਸਕੇ।

3) ਉਹ ਦੂਰਦਰਸ਼ੀ ਹੈ। ਧਰਤੀ ਤੇ ਧੰਨ ਜੋੜ੍ਹਣ ਦੀ ਬਜਾਏ ਉਹ ਆਪਣਾ ਧੰਨ ਸਵਰਗ ਵਿਚ ਜੋੜ੍ਹਦਾ ਹੈ।

4) ਉਹ ਭਵਿੱਖ ਲਈ ਪ੍ਰਮੇਸ਼ੁਰ ਤੇ ਭਰੋਸਾ ਰੱਖਦਾ ਹੈ। ਜੀਉਣ ਦਾ ਸਰਬੋਤਮ ਆਪਣੀ ਬਿਰਧ-ਅਵਸੱਥਾ ਲਈ ਵਿਸ਼ਾਲ ਸੁਰਖਿਅੱਤਾ ਉਸਾਰਨ ਦੀ ਬਜਾਏ, ਉਹ ਆਪਣਾ ਸ੍ਰੇਸ਼ਟ ਭਾਗ ਮਸੀਹ ਦੀ ਖਿਦਮਤ ਲਈ ਦੇ ਦਿੰਦਾ ਹੈ ਅਤੇ ਭਵਿੱਖ ਲਈ ਉਸ ਉਤੇ ਭਰੋਸਾ ਕਰਦਾ ਹੈ। ਉਹ ਵਿਸ਼ਵਾਸ ਕਰਦਾ ਹੈ ਕਿ ਜੇਕਰ ਉਹ ਪਹਿਲਾਂ ਪ੍ਰਮੇਸ਼ੁਰ ਦੇ ਰਾਜ ਅਤੇ ਉਸਦੇ ਧਰਮ ਨੂੰ ਭਾਲੇਗਾ, ਉਸਨੂੰ ਕਦੇ ਵੀ ਖਾਣ ਅਤੇ ਪਹਿਨਣ ਦੀ ਘਾਟ ਨਾ ਹੋਵੇਗੀ (ਮੱਤੀ. 6:33)।

ਉਸ ਲਈ ਸੰਕਟਕਾਲ ਲਈ ਧੰਨ ਜੋੜਨਾ ਨਾਸਮਝੀ ਹੋਵੇਗੀ। ਉਹ ਇਸ ਤਰ੍ਹਾਂ ਤਰਕ ਕਰੇਗਾ :

1) ਅਸੀ ਵਿਵੇਕਪੂਰਵਕ ਕਿਸ ਤਰ੍ਹਾਂ ਵਾਧੂ ਧੰਨ ਜੋੜ ਸਕਦੇ ਹਾਂ ਜਦ ਪੈਸੇ ਹੁਣ ਆਤਮਾਵਾਂ ਦੀ ਮੁਕਤੀ ਲਈ ਇਸਤੇਮਾਲ ਕੀਤੇ ਜਾ ਸਕਦੇ ਹਨ। "ਜਿਸ ਕਿਸੇ ਕੋਲ ਸੰਸਾਰ ਦੇ ਪਦਾਰਥ ਹੋਣ ਅਤੇ ਉਹ ਆਪਣੇ ਭਰਾ ਨੂੰ ਲੋੜਵੰਦ ਵੇਖਕੇ ਉਸ ਉੱਤੇ ਤਰਸ ਨਾ ਖਾਵੇ ਤਾ ਉਹ ਦੇ ਵਿਚ ਪ੍ਰਮੇਸ਼ਵਰ ਦਾ ਪ੍ਰੇਮ ਕਿਵੇਂ ਰਹਿੰਦਾ ਹੈ ? " (1ਯੂਹੰਨਾ 3:17)

ਇਸ, ਮਹੱਤਵਪੂਰਨ ਆਗਿਆ ਵੱਲ ਧਿਆਨ ਦਿਓ-ਆਪਣੇ ਗੁਵਾਢੀ ਨੂੰ ਆਪਣੇ ਜਿਹਾ ਪ੍ਰੇਮ ਕਰ (ਲੇਵੀਆਂ 19:18)। ਕੀ ਅਸੀ ਕੋਈ ਦਲੀਲ ਦੇ ਸਕਦੇ ਹਾਂ ਅਸੀ ਆਪਣੇ ਗੁਆਢੀ ਨਾਲ ਆਪਣੇ ਵਰਗਾ ਪ੍ਰੇਮ ਕਰਦੇ ਹਾਂ ਜਦ ਸਾਡੇ ਕੋਲ ਕਾਫੀ ਅਤੇ ਬਚਾਉਣ ਲਈ ਵੀ ਹੈ ਅਤੇ ਉਸਨੂੰ ਭੁੱਖਾ ਮਰਨ ਦਿੰਦੇ ਹਾਂ?

ਜਿਸਨੇ ਪ੍ਰਮੇਸ਼ੁਵਰ ਦੇ ਭੇਦ ਦੇ ਵਰਦਾਨ ਨੂੰ ਜਾਣਨ ਦਾ ਅਨੰਦ ਅਨੁਭਵ ਕੀਤਾ, ਕੀ ਮੈਂ ਉਸ ਵਿਅਕਤੀ ਅੱਗੇ ਬੇਨਤੀ ਨਾ ਕਰਾਂ ਅਤੇ ਪੁੱਛਾ-- 'ਕੀ ਤੁਸੀ .... ਸੈਕੜੇ ਸੰਸਾਰ ਨਾਲ, ਇਸ ਗਿਆਨ ਨੂੰ ਵਟਾਉਗੇ? ਫਿਰ ਆਓ ਅਸੀ

ਜਿਸ ਦੁਆਰਾ ਦੂਸਰਿਆਂ ਨੂੰ ਸ਼ੁਧ ਕਰਨ ਵਾਲੇ ਗਿਆਨ ਅਤੇ ਸਵਰਗੀ ਤੱਸਲੀਦੇ ਣ ਵਾਲੇ ਸਾਧਨ ਨੂੰ ਨਾ ਰੋਕੀਏ " --- ਏ. ਐਨ. ਗਰੋਵਸ

2) ਅਗਰ ਅਸੀ ਸਚਮੁੱਚ ਇਹ ਵਿਸ਼ਵਾਸ ਕਰਦੇ ਹਾ ਕਿ ਮਸੀਹ ਦੀ ਆਮਦ ਜਲੱਦ ਹੈ, ਅਸੀ ਆਪਣੀ ਪੂੰਜੀ ਤੁਰੰਤ ਸੇਵਾ ਲਈ ਦੇ ਦੇਵਾਂਗੇ। ਤਾਂ ਜੋ ਧੰਨ ਸਦੀਪਕ ਕਾਲ ਦੀਆ ਬਰਕਤਾਂ ਹਾਸਲ ਕਰਨ ਲਈ ਲਗਾਇਆ ਜਾ ਸਕਦਾ ਹੈ-- ਸ਼ਤਾਨ ਦੇ ਹੱਥਾ ਵਿਚ ਡਿੱਗ ਜਾਣ ਦਾ ਡਰ ਹੈ।

3) ਜਦ ਸਾਡੇ ਕੋਲ ਪੈਸਾ ਹੈ ਜੋ ਅਸੀ ਇਸ ਮਕਸਦ ਲਈ ਖਰਚ ਕਰਨ ਲਈ ਤਿਆਰ ਨਹੀ ਹਾਂ ਤਾਂ ਅਸੀ ਪ੍ਰੱਭੂ ਅੱਗੇ ਕਿਸ ਤਰ੍ਹਾ ਪ੍ਰਾਥਨਾ ਕਰ ਸਕਦੇ ਹਾਂ ਕਿ ਉਹ ਮਸੀਹੀ ਸੇਵਕਾਈ ਲਈ ਪੈਸੇ ਦਾ ਪ੍ਰਬੰਧ ਕਰੇ। ਜਦ ਅਸੀਂ ਮਸੀਹ ਲਈ ਆਪਣਾ ਸਭ ਕੁਝ ਤਿਆਗ ਦਿੰਦੇ ਹਾਂ ਤਾਂ ਦੂਆ ਵਿੱਚ ਪਾਖੰਡ ਨਹੀਂ ਕਰ ਸਕਦੇ ।

4) ਅਸੀਂ ਕਿਵੇਂ ਪ੍ਰਮੇਸ਼ੁਰ ਦੀਆ ਸਾਰੀਆਂ ਵਿਧੀਆਂ ਦੂਸਰਿਆ ਨੂੰ ਸਖਾ ਸਕਦੇ ਹਾਂ ਜਦ ਕਿ ਅਸੀਂ ਅਜੇ ਤੱਕ ਕਈ ਸਚਾਈਆਂ ਦੀ ਪਾਲਣਾ ਕਰਨ ਵਿਚ ਅਸਫਲ ਰਹੇ ਹਾਂ? ਇਸ ਤਰ੍ਹਾ ਦੇ ਕੇਸ ਵਿਚ ਸਾਡੇ ਬੁਲ੍ਹਾਂ ਤੇ ਤਾਲਾ ਲਗਾ ਦਿੰਦੇ ਹਨ।

5) ਸੰਸਾਰ ਦੇ ਚਲਾਕ ਲੋਕ ਭਵਿੱਖ ਲਈ ਬਹੁਤਾਇਤ ਬਚਾ ਰੱਖ ਛਡੱਦੇ ਹਨ। ਇਹ ਵਿਸ਼ਵਾਸ ਨਾਲ ਨਹੀ ਦ੍ਰਿਸ਼ਟੀ ਨਾਲ ਚੱਲਣਾ ਹੈ। ਇੱਕ ਮਸੀਹੀ ਖੁਦਾ ਉਤੇ ਨਿਰਭਰ ਜੀਵਨ ਗੁਜਾਰਨ ਲਈ ਬੁਲਾਇਆ ਗਿਆ ਹੈ। ਜੇ ਉਹ ਧਰਤੀ ਉਤੇ ਜੋੜਦਾ ਹੈ, ਉਹ ਸੰਸਾਰ ਅਤੇ ਉਸਦੇ ਮਾਰਗਾ ਤੋਂ ਕਿਸ ਪ੍ਰਕਾਰ ਭਿੰਨ ਹੈ?

ਅਕਸਰ ਦਲੀਲ ਸੁਣਨ ਵਿਚ ਆਉਂਦੀ ਹੈ ਕਿ ਸਾਨੂੰ ਆਪਣੇ ਪਰੀਵਾਰ ਦੀਆਂ ਜ਼ਰੂਰਤਾ ਪੂਰੀਆਂ ਕਰਨੀਆ ਚਾਹੀਦੀਆਂ ਹਨ, ਨਹੀ ਤਾਂ ਅਸੀ ਬੇਪਰਤੀਤਿਆ ਨਾਲੋਂ ਵੀ ਨਿਕੰਮੇ ਹਾਂ। ਹੇਠ ਲਿਖੇ ਦੋ ਪਦ ਇਸ ਧਾਰਨਾ ਨੂੰ ਸਹਾਰਾ ਦੇਣ ਲਈ ਵਰਤੇ ਜਾਂਦੇ ਹਨ:

... ਬਾਲ ਬੱਚਿਆ ਨੂੰ ਮਾਪਿਆ ਲਈ ਨਹੀ ਸਗੋਂ ਮਾਪਿਆਂ ਨੂੰ ਬਾਲ ਬੱਚਿਆਂ ਲਈ ਜੋੜਨਾ ਚਾਹੀਦਾ ਹੈ (2 ਕੁਰਿੰਥੀ 12:14)।

ਪਰ ਜੇ ਕੋਈ ਆਪਣਿਆਂ ਲਈ ਅਤੇ ਖਾਸ ਕਰ ਆਪਣੇ ਘਰਾਣੇ ਲਈ ਅੱਗੋਂ ਹੀ ਤਰਦੱਦ ਨਹੀਂ ਕਰਦਾ ਤਾਂ ਉਹ ਨਿਹਚਾ ਤੋਂ ਬੇਮੁਖ ਹੋਇਆ ਅਤੇ ਬੇ ਪਰਤੀਤੇ ਨਾਲੋਂ ਬੁਰਾ ਹੈ (1 ਤਿਮੋਥਿਉਸ 5:8)

ਇਹਨ੍ਹਾਂ ਆਇਤਾ ਦਾ ਧਿਆਨਪੂਰਵਕ ਅਧਿਐਨ ਦੁਆਰਾ ਇਹ ਪਤਾ ਲਗਦਾ ਹੈ ਕਿ ਇਹ ਮੌਜੂਦਾ ਲੋੜਾਂ ਬਾਰੇ ਦਸਦੇ ਹਨ ਅਤੇ ਨਾਂ ਕਿ ਭਵਿੱਖ ਦੇ ਅਚੇਤ ਖਰਚ ਬਾਰੇ।

ਪਹਿਲੀ ਆਇਤ ਵਿਚ ਪੌਲੁਸ ਵਿਅੰਗ ਇਸਤੇਮਾਲ ਕਰਦਾ ਹੈ। ਉਹ ਮਾਂ-ਬਾਪ ਹੈ ਅਤੇ ਕੁਰਿੰਥੀਅਨ ਉਸਦੇ ਬੱਚੇ। ਪ੍ਰਭੂ ਦਾ ਦਾਸ ਹੋਣ ਦੇ ਨਾਤੇ ਭਾਂਵੇ ਕਿ ਉਸਦਾ ਪੂਰਾ ਹੱਕ ਸੀ, ਫਿਰ ਵੀ ਉਹ ਉਨ੍ਹਾਂ ਉਤੇ ਆਰਥਿਕ ਰੂਪ ਵਿਚ ਬੋਝ ਨਹੀਂ ਬਣਿਆ। ਇਹ ਸਭ ਦੇ ਬਾਵਜੂਦ ਵਿਸ਼ਵਾਸ ਵਿਚ ਉਹ ਉਨ੍ਹਾਂ ਦਾ ਪਿਤਾ ਹੈ, ਅਤੇ ਅਸਕਰ ਮਾਪੇ ਬੱਚਿਆ ਲਈ ਪ੍ਰਬੰਧ ਕਰਦੇ ਹਨ ਨਾਂਕਿ ਬੱਚੇ ਮਾਪਿਆਂ ਲਏ। ਪੂਰਨ ਪੈਰਾ ਪੋਲੁਸ ਦੀਆਂ ਵਰਤਮਾਨ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ, ਨਾਂਕਿ ਉਸ ਦੀਆਂ ਭਵਿੱਖ ਦੀਆਂ ਲੋੜਾ ।

1 ਤਿਮੋਥਿਉਸ 5:8 ਵਿਚ ਰਸੂਲ ਵਿਧਵਾਂ ਦੀ ਦੇਖਭਾਲ ਕਰਨ ਬਾਰੇ

ਲਿਖਦਾ ਹੈ। ਉਹ ਜ਼ੋਰ ਦਿੰਦਾ ਹੈ ਕਿ ਉਨ੍ਹਾਂ ਦੇ ਰਿਸ਼ਤੇਦਾਰ ਉਨ੍ਹਾਂ ਦੀ ਦੇਖਭਾਲ ਕਰਨ ਲਈ ਜਿੰਮੇਦਾਰ ਹਨ। ਅਗਰ ਉਨ੍ਹਾਂ ਦੇ ਰਿਸ਼ਤੇਦਾਰ ਨਾ ਹੋਣ ਜਾਂ ਉਹ ਜਿੰਮੇਦਾਰੀ ਨਾ ਨਿਭਾਉਣ ਤਾਂ ਫਿਰ ਸਥਾਨੀ ਕਲੀਸਿਆ ਮਸੀਹੀ ਵਿਧਵਾਂ ਦੀ ਦੇਖਭਾਲ ਕਰੇ। ਏਥੇ ਫਿਰ ਵਿਸ਼ਾ ਮੌਜੂਦਾ ਲੋੜਾਂ ਦਾ ਹੈ ਨਾਂਕਿ ਭਵਿੱਖ ਦੀਆਂ ਜਰੂਰਤਾਂ ਦਾ ।

ਪ੍ਰਮੇਸ਼ੁਰ ਦਾ ਆਦਰਸ਼ ਇਹ ਹੈ ਕਿ ਮਸੀਹ ਦੀ ਦੇਹ ਦੇ ਅੰਗ ਆਪਣੇ ਸੰਗੀ ਵਿਸ਼ਵਾਸੀ ਦੀਆਂ ਮੌਜੂਦਾ ਲੋੜਾਂ ਦਾ ਧਿਆਨ ਰੱਖਣ।

"ਇਹ ਮਾਮਲਾ ਹੈ ਵੰਡੋ ਅਤੇ ਵੰਛਣ ਦਿਓ ਦਾ। ਐਂਤਕੀ ਤੁਹਾਡਾ ਵਾਧਾ ਉਹਨਾਂ ਦੇ ਘਾਟੇ ਨੂੰ ਪੂਰਾ ਕਰੇ, ਤਾਂ ਜੋ ਭਵਿੱਖ ਵਿਚ ਉਹਨਾ ਦਾ ਵਾਧਾ ਭੀ ਤੁਹਾਡੇ ਘਾਟੇ ਨੂੰ ਪੂਰਾ ਕਰੇ। ਇਸ ਤਰ੍ਹਾ ਅਸੀ ਇਕ ਦੂਜੇ ਨਾਲ ਵੰਡਦੇ ਹਾਂ, ਜਿਵੇ ਲਿਖਿਆ ਹੋਇਆ ਹੈ, ਜਿਸਨੇ ਵੱਧ ਲਿਆ ਸੀ ਉਸਦਾ ਵੱਧ ਨਾ ਨਿੱਕਲਿਆ ਅਤੇ ਜਿਸਨੇ ਘੱਟ ਲਿਆ ਸੀ ਉਸਦਾ ਘੱਟ ਨਾ ਨਿੱਕਲਿਆ" (2 ਕੁਰਿੰਥੀਆਂ 8:15)। ਮਸੀਹੀ ਜੋ ਭਵਿੱਖ ਦੀਆ ਜ਼ਰੂਰਤਾ ਪੂਰੀਆਂ ਕਰਨਾ ਮਹਿਸੂਸ ਕਰਦਾ ਹੈ ਉਹ ਇਹ ਜਾਣਨ ਦੀ ਸਮੱਸਿਆ ਦਾ ਸਾਹਮਣਾ ਕਰਦਾ ਹੈ ਕਿ ਭਵਿੱਖ ਵਾਸਤੇ ਕਿੰਨਾ ਕਾਫੀ ਹੋਵੇਗਾ। ਇਸ ਲਈ ਉਹ ਆਪਣੀ ਜਿੰਦਗੀ ਕੁੱਝ ਅਨਿਸ਼ਚਿਤ ਰਾਸ਼ੀ ਜੋੜਨ ਪਿੱਛੇ ਲਗਾ ਦਿੰਦਾ ਹੈ ਅਤੇ ਪ੍ਰਭੂ ਯਿਸੂ ਮਸੀਹ ਨੂੰ ਆਪਣਾ ਸਰਵੋਤਮ ਦੇਣ ਦਾ ਸੁਭਾਗ ਗਵਾ ਲੈਂਦਾ ਹੈ। ਉਹ ਆਪਣੇ ਵਿਅਰਥ ਜੀਵਣ ਦੇ ਅੰਤ ਵਿਚ ਪਹੁੰਚਦਾ ਹੈ ਅਤੇ ਤਾਂ ਇਹ ਪਾਉਂਦਾ ਹੈ ਕਿ ਜੇਕਰ ਉਸਨੇ ਸੰਪੂਰਨ ਦਿਲ ਨਾਲ ਮੁਕਤੀਦਾਤੇ ਲਈ ਜੀਵਣ ਬਤਾਇਆ ਹੁੰਦਾ ਤਾਂ ਉਸਦੀਆਂ ਸਾਰੀਆਂ ਲੋੜਾਂ ਕਿਸੇ-ਨ ਤਰੀਕੇ ਪੂਰੀਆਂ ਹੋ ਜਾਣੀਆਂ ਸਨ।

ਅਗਰ ਸਭ ਮਸੀਹੀ ਪ੍ਰੱਭੂ ਯਿਸੂ ਦੇ ਵਚਨਾ ਨੂੰ ਸ਼ਾਬਦਕ ਰੂਪ ਵਿਚ ਲੈਣ

ਤਾਂ ਫਿਰ ਪ੍ਰਭੂ ਦੇ ਕੰਮ ਵਿਚ ਪੈਸੇ ਦੀ ਕੋਈ ਕਮੀ ਨਾ ਆਵੇਗੀ। ਸ਼ੁਭਸਮਾਚਾਰ ਬੜੀ ਸਮਰੱਥ ਅਤੇ ਬੜੇ ਵਿਸਤਾਰ ਨਾਲ ਪਹੁੰਚੇਗਾ। ਅਗਰ ਕੋਈ ਚੇਲਾ ਕਿਸੇ ਜ਼ਰੂਰਤ ਦਾ ਸਾਹਮਣੇ ਕਰੇ ਦੂਸਰਿਆਂ ਚੇਲਿਆ ਲਈ ਅਨੰਦ ਅਤੇ ਖੁਸ਼ਕਿਸਮਤੀ ਹੋਵੇਗੀ ਕਿ ਉਹ ਆਪਣਾ ਉਨ੍ਹਾਂ ਨਾਲ ਵੰਡ ਸਕਨ।

ਸੰਸਾਰ ਦੇ ਅਮੀਰ ਲੋਕਾ ਤੱਕ ਪਹੁੰਚਣ ਲਈ ਅਮੀਰ ਮਸੀਹੀ ਜ਼ਰੂਰੀ ਹੋਣਾ ਫਜ਼ੂਲ ਦੀ ਗੱਲ ਹੈ। ਪੌਲੂਸ ਜਦ ਕੈਦ ਵਿਚ ਸੀ ਕੈਸਰ ਦੇ ਘਰਾਣੇ ਤਾਂਈ ਪਹੁੰਚਿਆ (ਫਿਲਿੱਪੀਆਂ 4:22)। ਜੇਕਰ ਅਸੀ ਪ੍ਰਮੇਸ਼ਵਰ ਦੀ ਆਗਿਆ ਮੰਨਦੇ ਹਾਂ ਤਾਂ ਉਹ ਬਾਕੀ ਸਭ ਵਸਤਾਂ ਦਾ ਬੰਦੋਬਸਤ ਕਰੇਗਾ ਇਹ ਅਸੀਂ ਭਰੋਸਾ ਕਰ ਸਕਦੇ ਹਾਂ।

ਇਸ ਮਕਸਦ ਲਈ ਪ੍ਰਭੂ ਯਿਸੂ ਦੀ ਮਿਸਾਲ ਪੂਰੀ ਢੁਕਦੀ ਹੈ। ਨੌਕਰ ਆਪਣੇ ਮਾਲਕ ਤੋ ਵੱਡਾ ਨਹੀਂ ਹੈ। " ਜਿਸ ਸੰਸਾਰ ਵਿੱਚ ਸਾਡਾ ਪ੍ਰਭੂ ਕੰਗਾਲ, ਦੀਨ ਅਤੇ ਤੁੱਛ ਜਾਣਿਆ ਗਿਆ ਸੀ ਉਸ ਸੰਸਾਰ ਵਿੱਚ ਉਸਦਾ ਸੇਵਕ ਧਨ, ਸਨਮਾਣ ਅਤੇ ਫਕਰ ਦੀ ਖੋਜ਼ ਵਿੱਚ ਰਹੇ ਇਹ ਸੋਭਹੀਣ ਗੱਲ ਹੈ" ਜਾਰਜ਼ ਮੂਲਰ

"ਮਸੀਹ ਦੁਖਾਂ ਵਿਚ ਨਿਰਧਨਤਾ ਸ਼ਾਮਿਲ ਹੈ 2 ਕੁਰਿੰਥੀ. 8:2। ਭਾਵੇ ਕਿ ਨਿਰਧਨਤਾ ਦਾਂ ਮਤਲਬ, ਜਰੂਰੀ ਨਹੀ ਮੈਲੇ-ਕੁਚੈਲੇ ਲਿਬੜੇ ਨਹੀਂ ਪਰ ਇਸ ਵਿਚ ਬਚਾਕੇ ਰੱਖੇ ਹੋਏ ਧੰਨ ਅਤੇ ਭੋਗ ਵਿਲਾਸ ਹੋਣ ਦੇ ਸਾਧਨ ਦੀ ਕਮੀ ਸ਼ਾਮਲ ਹੈ.... ਕੁੱਝ ਤੀਹ ਕੁ ਵਰ੍ਹੇ ਪੈਹਲਾਂ ... ਐਂਡਰੂ ਮੂਰੇ ਨੇ ਆਖਿਆ ਜੇਕਰ ਪ੍ਰੱਭੂ ਅਤੇ ਉਸਦੇ ਰਸੂਲ ਸਚਮੁੱਚ ਨਿਰਧਨ ਨਾ ਹੁੰਦੇ ਤਾ ਜੋ ਕੰਮ ਉਨ੍ਹਾਂ ਨੇ ਕਰਨੇ ਸਨ ਉਹ ਸੰਪੂਰਨ ਨਾ ਕਰ ਪਾਉਂਦੇ। ਅਗਰ ਕੋਈ ਦੂਸਰੇ ਨੂੰ ਉੱਚਾ ਉਠਾਏਗਾ ਉਸਨੂੰ ਸਾਮਗੀ ਦੀ ਤਰ੍ਹਾ ਨੀਵਾਂ ਹੋਣਾ ਪਵੇਗਾ, ਅਤੇ ਬੇਅੰਤ ਮਨੁੱਖਾ

ਦਾ ਬਹੁਮਤ ਇਸ ਤਰ੍ਹਾਂ ਗਰੀਬ ਹੁੰਦਾ ਆਇਆ ਹੈ ਅਤੇ ਫਿਰ ਵੀ ਗਰੀਬ ਹਨ- -- ਏ. ਐਨ. ਗਰੋਬਸ

ਲੋਕ ਇਹ ਆਖਦੇ ਆਪਣੇ ਪੱਖ ਦਾ ਸਮਰਥਨ ਕਰਦੇ ਹਨ ਕਿ ਗ੍ਰਹਿ ਗ੍ਰਹਿਸਥੀ ਲਈ ਕੁੱਝ ਭੋਤਿਕ ਸਮਗਰੀ ਦੀ ਜ਼ਰੂਰਤ ਹੁੰਦੀ ਹੈ । ਇਹ ਸੱਚ ਹੈ ।

ਲੋਕ ਇਹ ਆਖਦੇ ਆਪਣੀ ਗੱਲ ਸਿੱਧ ਕਰਨਾ ਚਾਹੁੰਦੇ ਹਨ ਕਿ ਮੋਟਰ-ਗੱਡੀਆਂ ਆਦਿ ਹੋਰ ਵੀ ਕੁਝ ਭੋਤਿਕ ਸੁਵਿਧਾਂ ਦੀ ਜ਼ਰੂਰਤ ਹੈ ਜਿਨ੍ਹਾਂ ਦਾ ਉਪਯੋਗ ਪ੍ਰਮੇਸਰ ਦੀ ਮਹਿਮਾ ਲਈ ਕੀਤਾ ਜਾ ਸਕਦਾ ਹੈ । ਇਹ ਵੀ ਸੱਚ ਹੈ ।

ਪ੍ਰੰਭੂ ਇਹਨਾਂ ਹਕਦਾਰ ਲੋੜਾਂ ਤੋਂ ਵੱਧਕੇ, ਇਕ ਮਸੀਹੀ ਨੂੰ ਸੁਭ - ਸਮਾਚਾਰ ਫਲਾਉਣ ਲਈ ਘਟਖਰਚੀ ਅਤੇ ਬਲੀਦਾਨਪੂਰਵਕ ਰਹਿਣਾ ਚਾਹੀਦਾ ਹੈ । ਉਸਦਾ ਉਦੇਸ਼, ਜ਼ਿਆਦਾ ਮਿਹਨਤ, ਘੱਟ ਖਰਚ, ਬਹੁਤਾ ਦੇਣਾ --- ਅਤੇ ਸਭ ਮਸੀਹ ਲਈ ਹੋਣਾ ਚਾਹੀਦਾ ਹੈ, " ਏ. ਐਨ,ਗਰੋਵਸ।

ਸਭ ਕੁੱਝ ਤਿਆਗਣ ਦਾ ਕੀ ਮਤਲਬ ਹੈ ਇਸ ਕਾਰਜ ਲਈ ਹਰੇਕ ਮਸੀਹੀ ਜਨ ਪ੍ਰਮੇਸ਼ਵਰ ਸਾਹਮਣੇ ਜਵਾਬਦੇਹੀ ਹੈ। ਕੋਈ ਵੀ ਚੇਲਾ, ਜਾਂ ਵਿਸ਼ਵਾਸੀ ਆਪਣੀ ਜੁੰਮੇਵਾਰੀ ਦੂਸਰੇ ਤੇ ਨਹੀ ਪਾ ਸਕਦੀ। ਇਹ ਬਿਲਕੁਲ ਨਿੱਜੀ ਮਾਮਲਾ ਹੈ। ਅਗਰ ਇਸ ਤਰ੍ਹਾਂ ਦੇ ਅਭਿਆਸ ਕਾਰਨ, ਪ੍ਰੱਭੂ ਵਿਸ਼ਵਾਸੀ ਨੂੰ ਸਮਰਪੱਣ ਦੀ ਉਸ ਡਿਗਰੀ ਤੱਕ ਪਹੁੰਚੇਗਾ ਜਿਸ ਤੋ ਉਹ ਹੁਣ ਤੋੜੀ ਅਗਿਆਤ ਹੈ। ਫਿਰ ਵਿਅਕਤੀਗਤ ਘਮੰਡ ਲਈ ਕੋਈ ਜਗ੍ਹਾਂ ਨਹੀ ਬਚੇਗੀ। ਸਾਡੀ ਕੋਈ ਵੀ ਕੁਰਬਾਨੀ, ਕੁਰਬਾਨੀ ਨਹੀ ਜੇ ਅਸੀ ਕਲਵਰੀ ਦੇ ਪ੍ਰਕਾਸ਼ ਵਿਚ ਵੇਖੀਏ। ਇਸ ਤੋਂ ਇਲਾਵਾ ਅਸੀ ਪ੍ਰੱਭੂ ਨੂੰ ਸਿਰਫ ਉਹੀ ਦਿੰਦੇ ਹਾਂ ਜੋ ਅਸੀਂ ਕਿਸੇ ਤਰੀਕੇ ਨਾਲ ਰੱਖ ਨਹੀ ਸਕਦੇ ਅਤੇ ਜਿਸਨੂੰ ਅਸੀ ਮੋਹ ਕਰਨਾ

ਛੱਡ ਦਿੱਤਾ ਹੈ।

"ਉਹ ਮੂਰਖ ਨਹੀ ਹੈ ਜੋ ਉਹ ਦਿੰਦਾ ਹੈ ਜਿਸਨੂੰ ਉਹ ਰੱਖ ਨਹੀ ਸਕਦਾ, ਉਹ ਪ੍ਰਾਪਤ ਕਰਨ ਲਈ ਜਿਸਨੂੰ ਉਹ ਗਵਾ ਨਹੀ ਸਕਦਾ।"--

ਜਿੰਮ ਏਲੀਅਟ

# ਸ਼ਾਗਿਰਦੀ ਲਈ ਰੁਕਾਵਟਾਂ

ਜੋ ਕੋਈ ਮਸੀਹ ਦਾ ਪੈਰਵੀ ਕਰਨ ਲਈ ਨਿਕਲ ਤੁਰਿਆ ਹੈ ਉਸਨੂੰ ਇਸ ਗੱਲ ਲਈ ਨਿਸ਼ਚਿਤ ਹੋ ਜਾਣਾ ਚਾਹੀਦਾ ਹੈ ਕਿ ਉਸਦੇ ਅੱਗੇ ਬਹੁਤ ਸਾਰੇ ਬੱਚ ਨਿਕਲਣ ਵਾਲੇ ਰਾਸਤੇ ਆਉਣਗੇ। ਉਸਨੂੰ ਪਿਛੇ ਮੁੜਨ ਲਈ ਬਹੁਤ ਸਾਰੇ ਮੌਕੇ ਮਿਲਣਗੇ । ਸਲੀਬ ਨੂੰ ਛੋਟਾ ਕਰਨ ਲਈ ਬਹੁਤ ਆਵਾਜਾਂ ਆਉਣਗੀਆਂ। ਆਤਮ-ਤਿਆਗ ਅਤੇ ਬਲੀਦਾਨ ਦੇ ਮਾਰਗ ਤੋਂ ਭਟਕਾਉਣ ਲਈ ਦੂਤਾਂ ਦੇ ਲਸ਼ਕਰ ਤਿਆਰ ਖੜੇ ਹਨ

ਇਸਦੀ ਉਦਾਹਰਨ ਤਿੰਨ ਕਥਿਤ ਚਲਿਆ ਦੇ ਵਿਵਰਨ ਵਿਚ ਸ਼ਪਸ਼ਟ ਤੌਰ ਤੇ ਦਿੱਤੀ ਗਈ ਹੈ ਜਿੰਨਾਂ ਨੇ ਮਸੀਹ ਦੀ ਅਵਾਜ ਨਾਲੋਂ ਦੂਸਰੀਆਂ ਅਵਾਜਾਂ ਨੂੰ ਪ੍ਰਾਥਮਿਕਤਾ ਦਿੱਤੀ।

ਜਾਂ ਉਹ ਰਾਸਤੇ ਵਿੱਚ ਚੱਲੇ ਜਾਂਦੇ ਸਨ ਤਾਂ ਉਸਨੂੰ ਕਿਨੇ ਆਖਿਆ, ਜਿਥੇ ਕਿਤੇ ਤੁਸੀਂ ਜਾਓ ਮੈਂ ਤੁਹਾਡੇ ਮਗਰ ਚੱਲਾਗਾ। ਯਿਸੂ ਨੇ ਉਹਨੂੰ ਕਿਹਾ, ਲੂੰਬੜੀਆਂ ਦੇ ਘੁਰਨੇ ਅਤੇ ਅਕਾਸ਼ ਦੇ ਪੰਛੀਆਂ ਦੇ ਆਹਲਣੇ ਹਨ ਪਰ ਮਨੁੱਖ ਦੇ ਪੁੱਤਰ ਦੇ ਸਿਰ ਧਰਨ ਨੂੰ ਥਾਂ ਨਹੀਂ। ਉਸਨੇ ਹੋਰ ਦੂਜੇ ਨੂੰ ਆਖਿਆ ਕਿ ਮੇਰੇ

ਪਿੱਛੇ ਤੁਰਿ ਆ ਪਰ ਉਹਨੇ ਕਿਹਾ, ਪ੍ਰਭੂ ਜੀ ਮੈਨੂੰ ਆਗਿਆ ਦਿਓ ਜੋ ਪਹਿਲਾਂ ਜਾ ਕੇ ਆਪਣੇ ਪਿਉ ਨੂੰ ਦੱਬਾਂ। ਉਸਨੇ ਉਹ ਨੂੰ ਆਖਿਆ, ਮੁਰਦਿਆ ਨੂੰ ਆਪਣੇ ਮੁਰਦੇ ਦੱਬਣ ਦਿਹ ਪਰ ਤੂੰ ਜਾ ਕੇ ਪ੍ਰਮੇਸ਼ਵਰ ਦੇ ਰਾਜ ਦੀ ਖਬਰ ਸੁਣਾ। ਅਤੇ ਇਕ ਹੋਰ ਬੋਲਿਆ, ਪ੍ਰਭੂ ਜੀ, ਮੈਂ ਤੁਹਾਡੇ ਲੜ ਲੱਗਾਂਗਾ ਪਰ ਪਹਿਲਾ ਮੈਨੂੰ ਅਗਿਆ ਦਿਓ ਜੋ ਆਪਣੇ ਘਰਦਿਆਂ ਲੋਕਾਂ ਤੋਂ ਵਿਦਿਆ ਹੋ ਆਵਾਂ। ਪਰ ਯਿਸੂ ਨੇ ਉਹਨੂੰ ਅਖਿਆ, ਜੇ ਕੋਈ ਆਪਣਾ ਹੱਥ ਹੱਲ ਤੇ ਰੱਖ ਕੇ ਪਿਛਾਹਾ ਨੂੰ ਵੇਖੇ ਤਾਂ ਉਹ ਪ੍ਰਮੇਸ਼ੁਰ ਦੇ ਰਾਜ ਦੇ ਜੋਗ ਨਹੀਂ (ਲੂਕਾ. 9:57-62)।

ਇਹ ਤਿੰਨ ਗੁਮਨਾਮ ਚੇਲੇ ਯਿਸੂ ਨੂੰ ਰੂ-ਬ-ਰੂ ਮਿਲੇ। ਇਨ੍ਹਾਂ ਨੇ ਉਸਦਾ ਪਿਛਾ ਕਰਨ ਦੀ ਅੰਦਰੂਨੀ ਇੱਛਾ ਮਹਿਸੂਸ ਕੀਤੀ। ਲੇਕਿਨ ਉਨ੍ਹਾਂ ਆਪਣੀਆਂ ਜਾਨਾਂ ਅਤੇ ਸਮਰਪੱਣ ਵਿਚਕਾਰ ਕਿਸੇ ਹੋਰ ਚੀਜ ਨੂੰ ਆਉਣ ਦੀ ਅਨੁਮਤੀ ਦੇ ਦਿੱਤੀ।

## ਸ੍ਰੀਮਾਨ ਅਤਿ ਸ਼ੀਘਰ

ਪਹਿਲਾ ਵਿਅਕਤੀ ਸ੍ਰੀਮਾਨ ਅਤਿ ਸ਼ੀਘਰ ਜਾਣਿਆ ਜਾਂਦਾ ਹੈ। ਉਹ ਉਤਸਾਹਪੂਰਵਕ ਸਵੈ-ਇੱਛਾ ਨਾਲ ਪ੍ਰਭੂ ਦੇ ਪਿਛੇ ਕਿਤੇ ਵੀ ਜਾਣ ਲਈ ਤਿਆਰ ਹੈ। "ਜਿਥੇ ਕਿਤੇ ਵੀ ਤੁਸੀਂ ਜਾਓ ਮੈਂ ਤੁਹਾਡੇ ਮਗਰ ਚਲਾਂਗਾ" ਉਸ ਲਈ ਕੋਈ ਵੀ ਕੀਮਤ ਬਹੁਤ ਅਧਿਕ ਨਾ ਹੋਵੇਗੀ। ਕੋਈ ਸਲੀਬ ਬਹੁਤ ਭਾਰੀ ਨਹੀ। ਕੋਈ ਵੀ ਰਾਸਤਾ ਏਨਾਂ ਖਰ੍ਹਵਾ ਨਹੀ ਹੋਵੇਗਾ ।

ਸ਼ੁਰੂ ਵਿਚ ਐਓਂ ਲਗਦਾ ਹੈ ਮੁਕਤੀਦਾਤੇ ਦੇ ਉੱਤਰ ਦਾ ਸ਼੍ਰੀਮਾਨ ਅਤਿ ਸ਼ੀਘਰ ਦੇ ਇੱਛੁਕ ਹਿਰਦੇ ਨਾਲ ਕੋਈ ਸਬੰਧ ਨਹੀ ਹੈ। ਯਿਸੂ ਨੇ ਕਿਹਾ, "ਲੂੰਬੜੀਆ ਦੇ ਘੁਰਨੇ ਅਤੇ ਅਕਾਸ਼ ਦੇ ਪੰਛੀਆਂ ਦੇ ਆਹਲਣੇ ਹਨ ਪਰ

ਮਨੁੱਖ ਦੇ ਪੁੱਤਰ ਦੇ ਸਿਰ ਧਰਨ ਨੂੰ ਥਾਂ ਨਹੀਂ" ਅਸਲ ਵਿਚ ਪ੍ਰਭੂ ਦਾ ਉੱਤਰ ਸਭ ਤੋਂ ਢੁਕਵਾਂ ਸੀ। ਇਹ ਇਸ ਤਰ੍ਹਾਂ ਹੈ ਜਿਵੇ ਉਹ ਨੇ ਆਖਿਆ ਹੋਵੇ, "ਤੂੰ ਮੇਰੇ ਪਿੱਛੇ ਕਿਤੇ ਵੀ ਆਉਣ ਲਈ ਤਿਆਰ ਹੋ, ਲੇਕਿਨ ਕੀ ਤੂੰ ਜੀਵਣ ਦੇ ਅਰਾਮ ਤੋਂ ਬਿਨਾਂ ਇਹ ਕਰਨ ਲਈ ਤਿਆਰ ਹੈ? ਮੇਰੇ ਨਾਲੋ ਲੂੰਬੜੀਆਂ ਦੇ ਕੋਲ ਇਸ ਸੰਸਾਰ ਵਿਚ ਸੁੱਖ ਸਵਿਧਾਂ ਹਨ। ਪੰਛੀਆਂ ਕੋਲ ਉਨ੍ਹਾਂ ਦੇ ਆਪਣੇ ਆਹਲਣੇ ਹਨ। ਪ੍ਰੰਤੂ ਮੈ ਇਸ ਸੰਸਾਰ ਵਿਚ ਬੇਘਰ ਘੁੰਮਣ ਵਾਲਾ ਹਾਂਜਿਸਨੂੰ ਮੈ ਆਪਣੇ ਹੱਥਾ ਨਾਲ ਬਣਾਇਆ। ਕੀ ਤੂੰ ਮੇਰੇ ਪਿਛੇ ਆਉਣ ਲਈ ਘਰ ਦੀ ਸੁਰਖਿਆਤਾ ਤਿਆਗਣ ਲਈ ਤਿਆਰ ਹੈਂ? ਸਮਰਪਣ ਨਾਲ ਖਿਦਮਤ ਕਰਨ ਲਈ ਕੀ ਤੂੰ ਜੀਵਣ ਦੇ ਕਨੂੰਨਨ ਸੁੱਖ ਛੱਡਣ ਲਈ ਤਿਆਰ ਹੈ?

ਜ਼ਾਹਿਰ ਹੈ ਵਿਅਕਤੀ ਤਿਆਰ ਨਹੀ ਸੀ, ਕਿਉਂਕਿ ਉਸ ਬਾਰੇ ਅਸੀਂ ਪਵਿੱਤ੍ਰ ਸ਼ਾਸਤਰ ਵਿਚ ਹੋਰ ਨਹੀਂ ਪੜਦੇ। ਉਸਨੇ ਮਸੀਹ ਪ੍ਰਤੀ ਸਮਰਪੱਣ ਨਾਲੋਂ ਧਰਤੀ ਦੀਆਂ ਵਸਤਾਂ ਨਾਲ ਮੁਹਬੱਤ ਕੀਤੀ।

## ਸ੍ਰੀਮਾਨ ਅਤਿ ਧੀਮਾ

ਦੂਸਰੇ ਵਿਅਕਤੀ ਨੂੰ ਸ੍ਰੀਮਾਨ ਅਤੀ ਧੀਮਾ ਕਹਾ ਜਾਦਾ ਹੈ। ਇਹ ਪਹਿਲੇ ਦੀ ਤਰ੍ਹਾਂ ਸਵੈਇਛੱਕ ਨਹੀ ਸੀ, ਪ੍ਰੰਤੂ ਮੁਕਤੀਦਾਤੇ ਨੇ ਉਸਨੂੰ ਪਿਛੇ ਆਉਣ ਲਈ ਬੁਲਾਇਆ ਸੀ। ਉਸਦਾ ਉੱਤਰ ਬਿਲਕੁਲ ਇਨਕਾਰ ਨਹੀ ਸੀ। ਇਹ ਨਹੀ ਕਿ ਉਸਨੂੰ ਪ੍ਰਭੂੱ ਵਿਚ ਸਮੁੱਚੇ ਤੌਰ ਤੇ ਰੂਚੀ ਨਹੀ ਸੀ।

ਲੇਕਿਨ ਉਹ ਪਹਿਲਾਂ ਕੁੱਝ ਹੋਰ ਕਰਨਾ ਚਾਹੁੰਦਾ ਸੀ। ਇਹ ਉਸਦਾ ਵੱਡਾ ਪਾਪ ਸੀ। ਉਸਨੇ ਆਪਣੇ ਦਾਅਵੇ ਮਸੀਹ ਦੇ ਦਾਅਵਿਆਂ ਨਾਲੋ ਉੱਪਰ ਰਖੇ। ਉਸਦੇ ਉੱਤਰ ਵੱਲ ਧਿਆਨ ਦਿਓ, " ਪ੍ਰਭੂ ਜੀ ਮੈਨੂੰ ਅਗਿਆ ਦਿਓ ਜੋ ਪਹਿਲਾ ਜਾਕੇ ਆਪਣੇ ਪਿਉ ਨੂੰ ਦੱਬਾਂ।"

ਹੁਣ ਬੇਟੇ ਲਈ ਇਹ ਸਮੁੱਚੇ ਤੌਰ ਤੇ ਕਾਨੂੰਨਨ ਹੈ ਕਿ ਉਹ ਮਾਂ-ਬਾਪ ਨੂੰ ਉਚਿਤ ਸਨਮਾਨ ਦੇਵੇ। ਅਤੇ ਜੇ ਪਿਤਾ ਦੀ ਮੌਤ ਹੋ ਜਾਂਦੀ ਹੈ, ਮਸੀਹੀ ਵਿਸ਼ਵਾਸ ਵਿਚ ਇਹ ਨਿਸ਼ਚਿਤ ਦਸਤੂਰ ਹੈ ਕਿ ਉਸਨੂੰ ਇੱਜ਼ਤ ਨਾਲ ਦਫਾਇਆ ਜਾਵੇ।

ਲੇਕਿਨ ਜੀਵਣ ਦੀ ਸ਼ਿਸ਼ਟਤਾ ਜਦ ਪ੍ਰਭੂ ਯਿਸੂ ਦੇ ਕੰਮਾਂ ਨਾਲੋ ਪ੍ਰਮੁੱਖਤਾ ਲੈ ਲੈਂਦੀ ਹੈ ਤਾਂ ਗੁਨਾਹਗਾਰ ਬਣ ਜਾਂਦੀ ਹੈ। ਇਸ ਮੁਨੱਖ ਦੀ ਜਿੰਦਗੀ ਦੀ ਅਭਿਲਾਸ਼ਾ ਉਸਦੀ ਖੁਲ੍ਹੇਆਮ ਬੇਨਤੀ ਤੋਂ ਪ੍ਰਦਰਸ਼ਿਤ ਹੁੰਦੀ ਹੈ, "ਪ੍ਰਭੂ..... ਮੈਨੂੰ ਪਹਿਲਾ...." ਦੂਸਰੇ ਸ਼ਬਦ ਜੋ ਉਸਨੂੰ ਬੋਲੇ ਉਸਦੀ ਛੁਪੀ ਹੋਈ ਇੱਛੀਆ ਨੂੰ ਪੈਹਲ ਦੇਣ ਲਈ ਸਨ।

ਜਾਹਿਰ ਹੈ ਉਹ ਇਹ ਨਹੀ ਸਮਝਿਆ ਕਿ ਸ਼ਬਦ "ਪ੍ਰਭੂ ਜੀ... ਮੈਨੂੰ ਪਹਿਲਾਂ " ਨੈਤਿਕ ਵਿਅਰਥਤਾ ਅਤੇ ਅਸੰਭਵਤਾ ਦੇ ਹਨ। ਜੇ ਯਿਸੂ ਪ੍ਰਭੂ ਹੈ ਤਾਂ ਫਿਰ ਉਹ ਪਹਿਲਾਂ ਆਉਣਾ ਚਾਹੀਦਾ ਹੈ। ਅਗਰ ਨਿੱਜੀ ਪੜਨਾਂਹ " ਮੈਂ" ਸਿੰਘਾਸਣ ਤੇ ਹੈ ਤਾਂ ਮਸੀਹ ਅਜੇ ਸ਼ਾਸਨ ਨਹੀ ਕਰ ਰਹਾ।

ਸ੍ਰੀਮਾਨ ਅਤਿ ਧੀਮੇ ਨੂੰ ਇਹ ਕੰਮ ਸੰਪੂਰਨ ਕਰਨਾ ਹੈ, ਅਤੇ ਉਹ ਕੰਮ ਨੂੰ ਪ੍ਰਮੁੱਖਤਾ ਦਿੰਦਾ ਹੈ। ਇਸ ਲਈ ਇਹ ਉਚਿਤ ਸੀ ਕਿ ਯਿਸੂ ਉਸਨੂੰ ਕਹੇ, "ਮੁਰਦਿਆਂ ਨੂੰ ਆਪਣੇ ਮੁਰਦੇ ਦੱਬਣ ਦਿਹ ਪਰ ਤੂੰ ਜਾਕੇ ਪਰਮੇਸ਼ੁਰ ਦੀ ਰਾਜ ਦੀ ਖਬਰ ਸੁਣਾ ।" ਅਸੀਂ ਉਸਦੇ ਸ਼ਬਦਾਂ ਦੀ ਵਿਆਖਿਆ ਹੇਠਲੇ ਤਰੀਕੇ ਨਾਲ ਕਰ ਸਕਦੇ ਹਾਂ: "ਕੁੱਝ ਇਸ ਤਰ੍ਹਾਂ ਦੇ ਕੰਮ ਹਨ ਜੋ ਰੂਹਾਨੀ ਮੁਰਦੇ ਅਤੇ ਵਿਸ਼ਵਾਸੀ ਵੀ ਕਰ ਸਕਦੇ ਹਨ। ਪ੍ਰੰਤੂ ਜਿੰਦਗੀ ਵਿਚ ਕੁਝ ਇਸ ਤਰ੍ਹਾਂ ਦੇ ਕੰਮ ਹਨ ਜੋ ਸਿਰਫ ਵਿਸ਼ਵਾਸੀ ਹੀ ਕਰ ਸਕਦੇ ਹਨ। ਦੇਖ ਤੂੰ ਕਿਤੇ ਆਪਣਾ ਜੀਉਣ ਉਨਾਂ ਕੰਮਾਂ ਵਿਚ ਨਾ ਗੁਜਾਰ ਦਵੀਂ ਜੋ ਕੰਮ ਇਕ ਗੈਰਵਿਸ਼ਵਾਸੀ ਵੀ ਕਰ ਸਕਦੇ

ਹਨ। ਰੂਹਾਨੀ ਮੁਰਦਿਆਂ ਨੂੰ ਸਰੀਰਕ ਮੁਰਦੇ ਦੱਬਣ ਦੇ ਲੇਕਿਨ ਤੇਰੇ ਲਈ- ਅੱਵਸ਼ਕ ਹੋਵੇ। ਤੇਰੀ ਜਿੰਦਗਾਨੀ ਦਾ ਪ੍ਰਮੁੱਖ ਮਕਸਦ ਮੇਰੇ ਕੰਮ ਨੂੰ ਪ੍ਰਿਥਵੀ ਤੇ ਵਧਾਉਣਾ ਹੋਵੇ।" ਜਾਪਦਾ ਹੈ ਸ੍ਰੀਮਾਨ ਅਤਿ ਧੀਮੇ ਲਈਇਹ ਕੀਮਤ ਚਕਾਉਣੀ ਬਹੁਤ ਔਖੀ ਸੀ।

ਜੇਕਰ ਪਹਿਲਾ ਵਿਅਕਤੀ ਸ਼ਾਗਿਰਦੀ ਦੀ ਰੁਕਾਵਟ ਵਿਚ ਭੌਤਿਕ ਸੁੱਖਾ ਨੂੰ ਕਮਾਉਂਦਾ ਹੈ। ਦੂਜਾ ਵਿਅਕਤੀ ਮਸੀਹੀ ਅਸਤਿਤਵ ਵਿਚ ਨੌਕਰੀ ਜਾਂ ਪੇਸ਼ੇ ਨੂੰ ਪ੍ਰਮੁੱਖਤਾ ਦੇਣ ਵਾਲਾ ਹੈ। ਇਹ ਨਹੀ ਕਿ ਦੁਨਿਆਵੀ ਰੋਜ਼ਗਾਰ ਵਿਚ ਕੁਝ ਗਲਤ ਹੈ, ਖ਼ੁਦਾ ਦੀ ਇੱਛਾ ਹੈ ਕਿ ਮੱਨੁਖ ਆਪੰਣੀਆ ਅਤੇ ਆਪਣੇ ਪਰੀਵਾਰ ਦੀਆਂ ਜ਼ਰੂਰਤਾ ਦਾ ਪ੍ਰਬੰਧ ਕਰੇ। ਲੇਕਿਨ ਸੱਚੀ ਸ਼ਾਗਿਰਦੀ ਪੈਹਲਾਂ ਪ੍ਰਮੇਸ਼ੁਰ ਦੇ ਰਾਜ ਅਤੇ ਧਰਮ ਨੂੰ ਖੋਜਨ ਦੀ ਮੰਗ ਕਰਦੀ ਹੈ। ਇਸ ਲਈ ਇਕ ਵਿਸ਼ਵਾਸੀ ਆਪਣਾ ਜੀਵਣ ਉਨ੍ਹਾਂ ਕੰਮਾ ਵਿਚ ਨਾ ਬਤਾ ਦੇਵੇ ਜੋ ਕੰਮ ਇਕ ਗੈਰਵਿਸ਼ਵਾਸੀ ਵੀ ਕਰ ਸਕਦਾ ਹੈ ਪ੍ਰੰਤੂ ਉਸ ਨਾਲੋਂ ਵੀ ਵੱਧਰੇ ਕਰਨਾ ਚਾਹੀਦਾ ਹੈ। ਉਸਦੀ ਨੌਕਰੀ ਦਾ ਮੁੱਖ ਕੰਮ ਉਸਦੀਆ ਮੌਜੂਦਾ ਜ਼ਰੂਰਤਾ ਦਾ ਪੂਰਾ ਕਰਨਾ ਹੈ, ਜਦਕਿ ਮਸੀਹੀ ਵਿਅਕਤੀ ਦਾ ਮੁੱਖ ਕੰਮ ਪ੍ਰਮੇਸ਼ੁਰ ਦੇ ਰਾਜ ਦੀ ਮਨਾਦੀ ਕਰਨਾ ਹੈ।

## ਸ੍ਰੀਮਾਨ ਅਤਿ ਸੁਖਾਲਾ

ਤੀਸਰਾ ਵਿਅਕਤੀ ਸ੍ਰੀਮਾਨ ਅਤਿ ਸੁਖਾਲਾ ਸਦੀਦਾ ਹੈ। ਇਹ ਪਹਿਲੇ ਨਾਲ ਮਿਲਦਾ ਜੁਲਦਾ ਹੈ ਕਿਉਂਕਿ ਇਹ ਵੀ ਪ੍ਰੱਭੂ ਦੇ ਪਿਛੇ ਤੁਰਨ ਲਈ ਇਛੁੱਕ ਹੈ। ਪਰ ਉਸਨੇ ਵੀ ਦੂਸਰੇ ਵਾਂਗਰ ਅਸੰਗਤ ਸ਼ਬਦ ਵਰਤੇ, "ਪ੍ਰੱਭੂ ਜੀ.... ਮੈਨੂੰ ਪਹਿਲਾਂ ...." ਉਸ ਆਖਿਆ, "ਪ੍ਰੱਭੂ ਜੀ, ਮੈ ਤੇਰੇ ਪਿਛੇ ਹੋ ਤੁਰੋਂ, ਲੇਕਿਨ ਪੈਹਲਾਂ ਮੈਨੂੰ ਜੋ ਮੇਰੇ ਘਰ ਹਨ ਅਲਵਿਦਾ ਕਹਿ ਆਉਣਦੇ।"

ਇਸ ਲਈ, ਸਾਨੂੰ ਇਹ ਸਵੀਕਾਰ ਕਰਨਾ ਪਵੇਗਾ ਕਿ ਬੁਨਿਆਦੀ ਤੌਰ ਤੇ ਇਸ ਬੇਨਤੀ ਵਿੱਚ ਕੁੱਝ ਗਲਤੀ ਨਹੀ। ਆਪਣੇ ਰਿਸ਼ਤੇਦਾਰਾਂ ਪ੍ਰਤੀ ਪ੍ਰੇਮ ਦਿਖਾਉਣਾ ਜਾਂ ਵਿਦਿਆ ਲੈਣਾ ਪ੍ਰਮੇਸ਼ੁਰ ਦੀ ਵਿਵਸਥਾ ਦੇ ਵਿਰੁੱਧ ਨਹੀ ਹੈ। ਪਰ ਕਿਸ ਕਾਰਨ ਕਰਕੇ ਇਹ ਆਦਮੀ ਪ੍ਰਿਖੀਆਂ ਵਿਚੋਂ ਨਾਕਮਯਾਬ ਹੋ ਗਿਆ ? ਉਸਨੇ ਮਸੀਹ ਦੇ ਸਥਾਨ ਨਾਲੋਂ ਆਪਣਾ ਸਥਾਨ ਉੱਚਾ ਕੀਤਾ।

ਅਤੇ ਇਸ ਲਈ ਪ੍ਰੱਭੂ ਨੇ ਅੰਤਰ ਦ੍ਰਿਸ਼ਟੀ ਦੁਆਰਾ ਜਾਣਕੇ ਕਹਾ, "ਜੇ ਕੋਈ ਆਪਣਾ ਹੱਥ ਹਲ ਤੇ ਰੱਖਕੇ ਪਿਛਾਹਾਂ ਨੂੰ ਵੇਖੇ ਤਾਂ ਉਹ ਪ੍ਰਮਸ਼ੁਰ ਦੇ ਰਾਜ ਦੇ ਜੋਗ ਨਹੀ।" ਦੂਸਰੇ ਸ਼ਬਦਾਂ ਵਿਚ, "ਮੇਰੇ ਰਸੂਲ ਉਹ ਨਹੀ ਜੋ ਸਵੈ-ਕੇਂਦ੍ਰਤ ਹੋਣ, ਜਿਸ ਤਰ੍ਹਾਂ ਢਿੱਲਾਪਣ ਤੂਸੀ ਦਿਖਾਇਆ ਹੈ। ਮੈਂ ਉਨ੍ਹਾਂ ਨੂੰ ਚਾਹੁੰਦਾ ਹਾਂ ਜੋ ਘਰ ਦੇ ਹਰੇਕ ਬੰਧਨਾ ਨੂੰ ਤਿਆਗਣ ਲਈ ਤਿਆਰ ਹਨ, ਜੋ ਭਾਵੁਕ ਰਿਸ਼ਤੇ ਦਾਰਾ ਦੁਆਰਾ ਬੇਧਿਆਨ ਨਾ ਹੋਵੇਗਾ, ਜੋ ਆਪਣੀ ਜਿੰਦਗੀ ਵਿਚ ਮੈਨੂੰ ਸਰਬੋਤਮ ਸਥਾਨ ਦੇਵੇਗਾ।"

ਅਸੀ ਇਸ ਨਤੀਜੇ ਤੇ ਪਹੁੰਚਣ ਤੇ ਮਜਬੂਰ ਹਾਂਕਿ ਸ੍ਰੀਮਾਨ ਅਤੀ ਧੀਮਾ ਯਿਸੂ ਨੂੰ ਛੱਡਕੇ ਉਦਾਸ ਹੋ ਕੇ ਚਲਿਆ ਗਿਆ। ਉਸਦਾ ਚੇਲਾ ਬਣਨ ਵਾਲੀ ਆਤਮ ਭਰੋਸੀ ਆਰਜੂ, ਸਹਾਵਣੇ ਪਰੀਵਾਰਿਕ ਬੰਧਨਾਂ ਦੀਆਂ ਚਟਾਨਾਂ ਨਾਲ ਖੈਹ ਕੇ ਆਪਣੇ ਆਪ ਵਿਚ ਚੂਰ ਹੋ ਗਈ। ਸ਼ਾਇਦ ਮਾਂ ਰੋਂਦੀ ਹੋਵੇ, "ਤੂੰ ਆਪਣੀ ਮਾਤਾ ਦਾ ਦਿਲ ਤੋੜੇਗਾ ਮੈਨੂੰ ਛੱਡਕੇ ਮਿਸ਼ਨ ਖੇਤਰ ਵਿਚ ਜਾ ਕੇ।" ਅਸੀ ਬਸ ਇਹ ਜਾਣਦੇ ਹਾਂ ਕਿ ਬਾਈਬਲ ਇਸ ਬੁਝਦਿਲ ਇਨਸਾਨ ਦਾ ਨਾਮ ਨਹੀਂ ਦਿੰਦੀ ਜਿਸਨੇ ਪਿੱਛੇ ਮੋੜਕੇ ਆਪਣੀ ਜਿੰਦਗੀ ਦੇ ਸਰਵਸ਼੍ਰੇਟ ਮੌਕੇ ਨੂੰ ਗੁਵਾ ਲਿਆ ਅਤੇ ਸਦੀਪਕਾਲ ਵਾਸਤੇ, "ਪ੍ਰਮੇਸ਼ੁਰ ਦੇ ਰਾਜ ਦੇ ਅਯੋਗ ਕਲੰਕ ਹਾਸਲ ਕੀਤਾ ।"

## ਨਚੋੜ

ਇਹ ਸੱਚੀ ਸ਼ਾਗਿਰਦੀ ਵਿਚ ਇਹ ਤਿੰਨ ਪ੍ਰਮੁੱਖ ਰੁਕਾਵਟਾਂ ਹਨ, ਤਿੰਨ ਵਿਅਕਤੀਆਂ ਦੁਆਰਾਂ ਵਿਆਖਿਆਂ-ਕੀਤੀਆਂ ਗਈਆਂ ਹਨ ਜੋ ਪ੍ਰੱਭੂ ਯਿਸੂ ਮਸੀਹ ਦੇ ਨਾਲ-ਨਾਲ ਚਲੱਣ ਲਈ ਤਿਆਰ ਨਹੀ ਸਨ।

ਸ੍ਰੀਮਾਨ ਅਤਿ ਸ਼ੀਘਰ ਨੇ ਦੁਨਿਆਵੀ ਸੁੱਖ-ਵਿਲਾਸ ਨੂੰ ਪਿਆਰ ਕੀਤਾ।

ਸ੍ਰੀਮਾਨ ਅਤਿ ਧੀਮੇ - ਨੇ ਨੌਕਰੀ ਜਾਂ ਪੇਸ਼ੇ ਨੂੰ ਪ੍ਰਾਥਮਿਕਤਾ ਦਿੱਤੀ ।

ਸ੍ਰੀਮਾਨ ਅਤਿ ਸੁਖਾਲੇ ਨੇ ਨਾਜ਼ੁਕ ਪਰਿਵਾਰਿਕ ਬੰਧਨਾਂ ਨੂੰ ਪ੍ਰਮੁੱਖਤਾ ਦਿੱਤੀ।

ਜਿਸ ਤਰ੍ਹਾਂ ਪ੍ਰੱਭੂ ਯਿਸੂ ਪਹਿਲਾਂ ਬਲਾਉਂਦਾ ਰਹਾ ਅੱਜਵੀ ਉਹ ਬਲਾਉਂਦਾ ਹੈ ਉਨ੍ਹਾਂ ਆਦਮੀਆਂ ਅਤੇ ਔਰਤਾਂ ਨੂੰ ਜੋ ਵੀਰਤਾ ਪੂਰਵਕ ਅਤੇ ਬਲੀਦਾਨ ਪੂਰਵਕ ਉਸਦਾ ਪਿੱਛਾ ਕਰਨ।

ਬਚਾਓ ਦੇ ਰਾਸਤੇ ਅਜੇ ਵੀ ਆਪਣੇ-ਆਪਨੂੰ ਆਕਰਸ਼ਿਤ ਸ਼ਬਦਾ ਨਾਲ ਪੇਸ਼ ਕਰਦੇ ਹਨ,

"ਆਪਣੇ ਆਪਨੂੰ ਬਚਾ ਲਵੋ ! ਉਸ ਤੋਂ ਦੂਰ ਰਹੋ !"
ਕੁਝ ਉੱਤਰ ਦੇਣ ਲਈ ਤਿਆਰ ਹਨ।
ਯਿਸੂ, ਮੈ ਆਪਣੀ ਸਲੀਬ ਚੁੱਕ ਲਈ,
ਸਭ ਕੁੱਝ ਛੱਡਕੇ ਅਤੇ ਤੇਰਾ ਪਿੱਛਾ ਕਰਨ ਲਈ,
ਨੰਗਾ, ਨਿਰਧਨ ਤੁੱਛ, ਤਿਆਗਿਆ ਗਿਆ,
ਮੇਰਾ ਸਭ ਕੁੱਝ ਤੇਰੇ ਤੋਂ ਹੋਵੇਗਾ,
ਹਰੇਕ ਅਭਿਲਾਸ਼ਾ ਨੂੰ ਨਾਸ਼ ਕਰ,
ਜੋ ਸਭ ਕੁਝ ਮੈਂ ਢੂੰਡਿਆ, ਜਾਂ ਜਿਸਦੀ ਇੱਛਾ ਕੀਤੀ,

ਜਾਂ ਜਾਣਿਆ,
ਫਿਰ ਵੀ ਮੈਂ ਕਿੰਨਾ ਮੁਬਾਰਕ ਹਾਂ
ਪ੍ਰਮੇਸ਼ੁਰ ਅਤੇ ਸਵਰਗ ਅਜੇ ਵੀ ਮੇਰਾ ਹੈ।
ਸੰਸਾਰ ਮੈਨੂੰ ਛੱਡ ਦਵੇ, ਅਤੇ ਤਿਆਗ ਦਵੇ,
ਉਹ ਮੇਰੇ ਮੁਕਤੀਦਾਤੇ ਨੂੰ ਵੀ ਛੱਡ ਚੁਕੇ ਹਨ;
ਇਨਸਾਨੀ ਹਿਰਦੇ ਅਤੇ ਨਜ਼ਰਾ ਮੈਨੂੰ ਧੋਖਾ ਦਿੰਦੇ ਹਨ--
ਤੁਸੀ ਉਨਾਂ ਦੀ ਤਰ੍ਹਾਂ, ਝੂਠੇ ਨਹੀ ਹੋ;
ਓਹ! ਜਦ ਤੂੰ ਮੇਰੀ ਵੱਲ ਮੁਸਕਰਾਕੇ ਦੇਖਦਾ ਹੈ,
ਸਮਰੱਥਾ, ਪ੍ਰੇਮ ਅਤੇ ਗਿਆਨ ਦੇ ਪ੍ਰਮੇਸ਼ੁਰ
ਦੁਸ਼ਮਣ ਭਾਵੇਂ ਘ੍ਰਿਣਾ ਕਰਨ, ਅਤੇ ਮਿਤ੍ਰ ਧੋਖਾ ਦੇਣ।
ਆਪਣਾ ਚਿਹਰਾ ਅਤੇ ਸੰਪੂਰਨ ਤੇਜ ਨੂੰ ਦਿਖਾ।

---- ਐਚ.ਐਫ਼.ਲਾਈਟ

# ਸ਼ਾਗਿਰਦ ਪ੍ਰਬੰਧਕ ਹਨ

ਪੜ੍ਹੋ-ਲੂਕਾ 16:1-13

ਬੇਈਮਾਨ ਮੁਖਤਾਰ ਦਾ ਦ੍ਰਿਸ਼ਟਾਂਤ ਚੇਲਿਆਂ ਨੂੰ ਆਖਿਆ ਗਿਆ ਸੀ। ਇਸ ਵਿਚ ਮੁਕਤੀਦਾਤਾ ਉਹ ਸਿਧਾਂਤ ਪ੍ਰਸਤੁਤ ਕਰਦੇ ਹਨ ਜੋ ਹਰ ਸਮੇਂ ਦੇ ਚੇਲਿਆਂ ਤੇ ਲਾਗੂ ਹੁੰਦੇ ਹਨ। ਮਸੀਹ ਦੇ ਰਸੂਲ ਧਰਤੀ ਉਤੇ ਉਸਦੀ ਮਿਲਖ ਅਤੇ ਉਸਦੀ ਸੇਵਾ ਦੀ ਜਿੰਮੇਵਾਰੀ ਸੰਭਾਲਣ ਲਈ ਸਚਮੁੱਚ ਮੁਖਤਾਰ (ਪ੍ਰਬੰਧਕ) ਹੀ ਹਨ। ਦਿ੍ਸ਼ਟਾਂਤ ਮੁਸ਼ਕਲਾਂ ਨਾਲ ਭਰਿਆ ਹੈ। ਇਹ ਲਗਦਾ ਬੇਇਮਾਨੀ ਅਤੇ ਧੋਖੇਬਾਜ਼ੀ ਨੂੰ ਉਲੇਖਦਾ ਹੈ।ਲੇਕਿਨ ਜਦ ਸਹੀ ਨਜ਼ਰੀਏ ਨਾਲ ਸਮਝਿਆ ਜਾਵ, ਇਹ ਅੱਤ ਮਹਤਵਪੂਰਨ ਹਦਾਇਤਾਂ ਨਾਲ ਪਰਿਪੂਰਨ ਹੈ।

ਸੰਖੇਪ ਵਿਚ ਕਹਾਣੀ ਇਹ ਹੈ। ਇਕ ਧਨਵਾਨ ਨੇ ਆਪਣੇ ਕਾਰੋਬਾਰ ਨੂੰ ਸੰਭਾਲਣ ਲਈ ਇਕ ਮੁਲਾਜ਼ਮ ਰਖਿਆ ਹੁੰਦਾ ਹੈ। ਵਕਤ ਗੁਜਰਦੇ ਮਾਲਕ ਨੂੰ ਪਤਾ ਲਗਦਾ ਹੈ ਕਿ ਉਸਦਾ ਮੁਲਾਜਮ ਪੈਸੇ ਨੂੰ ਉਡਾ ਰਹਾ ਹੈ, ਤੁਰੰਤ ਉਹ ਲੇਖਾ-ਹਿਸਾਬ ਦੀ ਮੰਗ ਕਰਦਾ ਹੈ, ਫਿਰ ਉਸਨੂੰ ਨੌਕਰੀ ਕੱਢੇ ਜਾਣ ਦੀ ਸੂਚਨਾ ਦੇ ਦਿੰਦਾ ਹੈ।

ਮੁਲਾਜ਼ਮ ਜਾਣ ਜਾਂਦਾ ਹੈ। ਕਿ ਉਸਦਾ ਭਵਿੱਖ ਉਦਾਸੀਨ ਹੈ। ਉਹ ਸਰੀਰਕ ਮਹਿਨਤ ਕਰਨ ਲਈ ਕਾਫ਼ੀ ਬਿਰਧ ਹੋ ਚੁੱਕਾ ਸੀ ਅਤੇ ਭੀਖ਼ ਮੰਗਣ ਵਿਚ ਉਸਨੂੰ ਲੱਜਾ ਆਉਦੀ ਸੀ। ਇਸ ਲਈ ਉਸਨੂੰ ਇਕ ਸਕੀਮ ਸੁੱਜੀ ਜਿਸ ਨਾਲ ਉਸਨੂੰ ਆਉਣ ਵਾਲੇ ਦਿਨਾਂ ਵਿਚ ਮਿੱਤਰ ਮਿਲ ਸਕਣ। ਉਹ ਆਪਣੇ ਮਾਲਕ ਦੇ ਇਕ ਕਰਜਾਈ ਕੋਲ ਗਿਆ ਅਤੇ ਪੁਛਿਆ "ਤੈਂ ਮੇਰੇ ਮਾਲਕ ਦਾ ਕਿੰਨਾ ਦੇਣਾ ਹੈ"? ਉੱਤਰ ਆਇਆਂ "ਸੌ ਮਣ ਤੇਲ।" ਮੁਲਾਜ਼ਮ ਨੇ ਆਖਿਆ,"ਠੀਕ ਹੈ," ਇਸ ਵਿਚ ਅੱਧਾ ਹੁਣ ਭੁਗਤਾਹ ਦੇ ਤਾਂ ਅਸੀ ਬਰਾਬਰ ਸਮਝਾਂਗੇ। ਉਹ ਦੂਸਰੇ ਕਰਜਾਈ ਕੋਲ ਗਿਆ ਅਤੇ ਪੁਛਿਆ, "ਤੈਂ ਕਿੰਨਾ ਦੇ ਣਾ ਹੈ?" ਗਾਹਕ ਨੇ ਉੱਤਰ ਦਿੱਤਾ, "ਸੌ ਮਣ ਕਣਕ"। ਸਮਝ ਗਿਆ, ਠੀਕ ਹੈ, ਤੂੰ ਮੈਨੂੰ ਪੰਜਾਹ ਮਣ ਕਣਕ ਦੇਂਦੇ ਤਾਂ ਅਸੀਂ ਲੇਖਾ ਬੰਦ ਸਮਝਾਗੇ।

ਬੇਈਮਾਨ ਮੁਲਾਜਮ ਦੀਆਂ ਹਰਕਤਾਂ ਨਾਲੋਂ ਉਸ ਉਤੇ ਟਿਪੱਣੀਆਂ ਜ਼ਿਆਦਾ ਹਿਲਾ ਦੇਣ ਵਾਲੀਆਂ ਹਨ ।

"ਤਾਂ ਮਾਲਕ ਨੇ ਉਸ ਨਮਕਹਰਾਮ ਮੁੱਖਤਿਆਰ ਦੀ ਵਡਿਆਈ ਕੀਤੀ ਇਸ ਲਈ ਜੋ ਉਹ ਨੇ ਚਤੁਰਾਈ ਕੀਤੀ ਸੀ। ਕਿਉਂ ਜੋ ਐਸ ਜੁਗ ਦੇ ਪੁੱਤਰ ਆਪਣੀ ਪੀੜ੍ਹੀ ਵਿਚ ਚਾਨਣ ਦੇ ਪੁੱਤਰਾਂ ਨਾਲੋਂ ਚਾਤਰ ਹਨ" (8 ਆਇਤ)।

ਇਸ ਬੇਈਮਾਨ ਵਪਾਰ ਦੀ ਸ਼ਪਸ਼ਟ ਮਨਜ਼ੂਰੀ ਨੂੰ ਅਸੀ ਕਿਸ ਤਰ੍ਹਾਂ ਸਮਝਦੇ ਹਾਂ? ਇਕ ਗੱਲ ਅਵੱਸ਼ ਹੈ। ਨਾਂ ਕੀ ਉਸਦਾ ਮਾਲਕ ਅਤੇ ਨਾ ਹੀ ਸਾਡਾ ਪ੍ਰਭੂ ਇਸ ਪ੍ਰਕਾਰ ਦੀ ਧੋਖੇਵਾਜ਼ੀ ਨੂੰ ਵਡਿਆਵੇਗਾ। ਇਸੇ ਹੀ ਕਾਰਨ ਕਰਕੇ ਤਾ ਉਸਨੂੰ ਉਸਦੀ ਪਦਵੀ ਤੋਂ ਹਟਾ ਦਿੱਤਾ ਸੀ। ਕੋਈ ਵੀ ਧਰਮੀ ਮਨੁੱਖ ਇਸ ਪ੍ਰਕਾਰ ਦੀ ਧੋਖੇਬਾਜੀ ਅਤੇ ਬੇਵਫਾਈ ਦੀ ਮੰਨਜ਼ੂਰੀ ਨਹੀ ਦੇਵੇਗਾ। ਦ੍ਰਿਸ਼ਟਾਂਤ ਕੁੱਝ ਵੀ ਸਖਾਵੇ, ਇਹ ਬੁਰਾ ਕੰਮ ਕਰਨ ਲਈ ਸਲਾਹ ਨਹੀ ਦਿੰਦਾ।

ਉਥੇ ਸਿਰਫ਼ ਇਕੋ ਗੱਲ ਹੈਜਿਸ ਵਾਸਤੇ ਬੇਈਮਾਨ ਮੁਖਤਾਰ ਦੀ ਸ਼ਲਾਘਾ ਕੀਤੀ ਗਈ, ਉਹ ਇਹ ਹੈ, ਕਿ ਉਸਨੇ ਭਵਿੱਖ ਲਈ ਯੋਜਨਾ ਬਣਾਈ, ਉਸਨੇ ਕਦਮ ਉਠਾਏ ਇਹ ਨਿਸ਼ਚਿਤ ਕਰਨ ਲਈ ਕਿ ਜੇ ਉਸ ਕੋਲੋਂ ਭੰਡਾਰੀਪਣ (ਮੁੱਖਤਿਆਰੀ) ਖੋਹ ਵੀ ਲਿਆ ਜਾਵੇ ਫਿਰ ਵੀ ਉਸ ਕੋਲ ਮਿੱਤਰ ਹੋਣ। ਉਸਨੇ "ਹੁਣ" ਦੀ ਬਜਾਇ "ਓਦੋਂ" ਕੰਮ ਕੀਤਾ।

ਦ੍ਰਿਸ਼ਟਾਂਤ ਦਾ ਮੁੱਖ ਮੁੱਦਾ ਇਹ ਹੈ। ਸੰਸਾਰੀ ਲੋਕ ਭਵਿੱਖ ਲਈ ਪ੍ਰਬੰਧ ਕਰਨ ਲਈ ਕਿਰਿਆਸ਼ੀਲ ਕੰਮ ਕਰਦੇ ਹਨ। ਕੇਵਲ ਅਜਿਹੇ ਭਵਿੱਖ ਵਾਸਤੇ ਜੋ ਉਨ੍ਹਾਂ ਦੇ ਬੁਢਾਪੇ ਅਤੇ ਕੰਮ-ਤਿਆਗ ਦੇ ਵਰ੍ਹਿਆਂ ਤੱਕ ਸੀਮਤ ਹੈ । ਇਸ ਲਈ ਉਹ ਸਖ਼ਤ ਮਹਿਨਤ ਕਰਦੇ ਹਨ ਤਾਂ ਕਿ ਜਦ ਉਨ੍ਹਾਂ ਕੋਲ ਰੋਜਗਾਰ ਨਾ ਰਹੇ ਉਹ ਅਰਾਮਦਾਇਕ ਸਥਿਤੀ ਤੇ ਹੋਣ । ਉਹ ਸਮਾਜਿਕ ਸੁਰੱਖਿਅਤਾ ਲਈ ਉਦਮ ਅਤੇ ਉਪਰਾਲੇ ਕਰਦੇ ਰਹਿੰਦੇ ਹਨ ।

ਇਸ ਤਰੀਕੇ ਨਾਲ, ਗੈਰ ਵਿਸ਼ਵਾਸ਼ੀ ਇਕ ਮਸੀਹੀ ਨਾਲੋਂ ਜ਼ਿਆਦਾ ਬੁੱਧੀਮਾਨ ਹੈ ਫਿਰ ਵੀ, ਇਹ ਸਮਝਣ ਲਈ ਕਿ ਕਿਓ ਬੁੱਧੀਮਾਨ ਹੈ, ਸਾਨੂੰ ਇਹ ਜਾਣਨਾ ਜ਼ਰੂਰੀ ਹੈ ਕਿ ਇੱਕ ਮਸੀਹ ਦਾ ਭਵਿੱਖ ਇਸ ਧਰਤੀ ਤੇ ਨਹੀ ਸਗੋਂ ਸਵਰਗ ਵਿਚ ਹੈ। ਇਹ ਮਹੱਤਵਪੂਰਨ ਗੱਲ ਹੈ। ਇਕ ਗੈਰ-ਵਿਸ਼ਵਾਸੀ ਲਈ ਭਵਿੱਖ ਹੁਣ ਅਤੇ ਕਬਰ ਦੇ ਵਿਚਕਾਰ ਦਾ ਸਮਾਂ ਹੈ ਅਤੇ ਇੱਕ ਮਸੀਹ ਦੇ ਲਈ ਭਵਿੱਖ ਦਾ ਅਰਥ ਮਸੀਹ ਦੇ ਨਾਲ ਅਨੰਤਤਾ ਹੈ।

ਦ੍ਰਿਸ਼ਟਾਂਤ ਇਹ ਸਖਾਉਂਦਾ ਹੈ ਕਿ ਇਸ ਧਰਤੀ ਉੱਤੇ ਭਵਿੱਖ ਤਿਆਰ ਕਰਨ ਲਈ ਵਿਸ਼ਵਾਸੀਆਂ ਨਾਲੋਂ ਵੀ ਜ਼ਿਆਦਾ ਗੈਰ-ਵਿਸ਼ਵਾਸੀ ਸਮਝਦਾਰ ਅਤੇ ਜੋਸ਼ੀਲੇ ਹਨ ਜਿੰਨਾਂ ਦਾ ਭਵਿੱਖ ਸਵਰਗ ਵਿੱਚ ਹੈ।

ਇਸ ਪਛੋਕੜ ਨਾਲ, ਪ੍ਰੱਭੂ ਯਿਸੂ ਅਮਲਯੋਗ ਸਬਕ ਪ੍ਰਸਤੁਤ ਕਰਦੇ ਹਨ ।

ਮੈ ਤੁਹਾਨੂੰ ਆਖਦਾ ਹਾਂ ਭਈ ਕੁਧਰਮ ਦੀ ਮਾਯਾ ਨਾਲ ਆਪਣੇ ਲਈ ਮਿੱਤਰ ਬਣਾਓ ਤਾਂ ਜੋ ਜਿਸ ਵੇਲੇ ਇਹ ਜਾਂਦੀ ਰਹੇ ਉਹ ਤੁਹਾਨੂੰ ਸਦੀਪਕਾਲ ਦੇ ਡੇਰਿਆਂ ਵਿਚ ਕਬੂਲ ਕਰਨ।

ਕੁਧਰਮ ਦੀ ਮਾਯਾ ਧੰਨ ਅਤ ਹੋਰ ਭੌਤਿਕ ਸੰਪਤੀਆਂ ਹਨ। ਅਸੀਂ ਇਹਨਾਂ ਵਸਤੂਆਂ ਨੂੰ ਮਸੀਹ ਲਈ ਆਤਮਾਵਾਂ ਜੀਤੱਣ ਲਈ ਵਰਤ ਸਕਦੇ ਹਾਂ। ਧੰਨ ਦੁਆਰਾ ਜਿੱਤੇ ਗਏ ਲੋਕਾਂ ਏਥੇ ਨੂੰ "ਮਿੱਤਰ" ਆਖਿਆ ਗਿਆ ਹੈ। ਇਕ ਦਿਨ ਆ ਰਹਾ ਹੈ ਜਦ ਅਸੀ ਚਲੇ ਜਾਵਾਂਗੇ (ਮਰ ਜਾਵਾਂਗੇ) ਜਾਂ ਮਸੀਹ ਦੇ ਬਦੱਲਾਂ ਤੇ ਆਉਣ ਦੌਰਾਨ ਸਵਰਗ ਵਿਚ ਲੇਜਾਏ ਜਾਵਾਂਗੇ। ਵਫਾਦਾਰੀ ਨਾਲ ਭੌਤਿਕ ਸੰਪੱਤੀਆ ਇਸਤੇਮਾਲ ਕਰੰਨ ਦੁਆਰਾ ਜਿੱਤੇ ਗਏ ਮਿੱਤ੍ਰ ਫਿਰ ਸਾਨੂੰ ਸਦੀਪਕਾਲ ਦੇ ਡੇਰਿਆਂ ਵਿਚ ਕਬੂਲ ਕਰਂਗੇ।

ਇਸ ਤਰੀਕੇ ਨਾਲ ਬੁੱਧੀਮਾਨ ਮੁੱਖਤਿਆਰ ਨੇਂ ਆਪਣੇ ਭਵਿੱਖ ਲਈ ਯੋਜਨਾ ਬਣਉਂਦਾ ਹੈ-- ਆਪਣੀ ਛੋਟੀ ਜਿੰਦਗੀ ਨੂੰ ਧਰਤੀ ਉਤੇ ਸੁਰਖਿਅੱਤਾ ਦੀ ਖੌਜ ਵਿਚ ਨਹੀਂ, ਲੇਕਿਨ ਆਪਣੇ ਧਨ ਦੇ ਇਸਤੇਮਾਲ ਦੁਆਰਾ ਉਤਸ਼ਹਪੂਰਨ ਉੱਦਮ ਨਾਲ ਮਸੀਹ ਲਈ ਮਿੱਤਰ ਇਕੱਠੇ ਕਰਨ ਵਿਚ ਅਜਿਹਾ ਧੰਨ ਜਿਸ ਨਾਲ ਬਾਈਬਲਾਂ, ਨੇਮ (ਪੁਰਾਣੇ ਜਾਂ ਨਵੇਂ), ਧਰਮ ਸ਼ਾਸ਼ਤਰ ਦੇ ਭਾਗ, ਪਰਚੇ ਅਤੇ ਹੋਰ ਮਸੀਹੀ ਸਹਿਤ ਖ੍ਰੀਦਿਆ ਗਿਆ। ਜਿਸ ਨਾਲ ਮਿਸ਼ਨਰੀਆਂ ਅਤੇ ਦੂਸਰੇ ਮਸੀਹੀ ਸੇਵਕਾਂ ਦੀ ਸਹਾਇਤਾ ਕੀਤੀ ਗਈ । ਜੋ ਮਸੀਹੀ ਰੇਡੀਓ ਕਾਰਿਆਕ੍ਰਮਾਂ ਅਤੇ ਹੋਰ ਮਸੀਹੀ ਕੰਮਾਂ ਵਿਚ ਲਗਾਇਆ ਗਿਆ। ਸੰਖੇਪ ਵਿਚ, ਸੁਭਸਮਾਚਾਰ ਹਰ ਤਰ੍ਹਾਂ ਅਤੇ ਹਰ ਜਗ੍ਹਾ ਫਲਾਉਣ ਲਈ ਧਨ ਵਰਤਿਆ ਗਿਆ। "ਜੋ ਚੀਜ਼ ਸਵਰਗ ਜਾ ਰਹੀ ਹੈ ਉਸ ਉਤੇ ਆਪਣਾ ਧੰਨ ਖਰਚ ਕਰਨ ਨਾਲ ਹੀ ਸਿਰਫ ਅਸੀ ਆਪਣਾ ਧੰਨ ਸਵਰਗ ਵਿਚ ਜੋੜ

ਸਕਦੇ ਹਾਂ।

ਜਦ ਕੋਈ ਮਸੀਹੀ ਦੇਖਦਾ ਹੈ ਕਿ ਉਸਦੀ ਭੌਤਿਕ ਜਾਇਦਾਦ ਕੀਮਤੀ ਰੂਹਾਂ ਨੂੰ ਬਚਾਉਣ ਲਈ ਇਸਤੇਮਾਲ ਹੋ ਸਕਦੀ ਹੈ ਤਾਂ ਉਹ "ਚੀਜਾਂ" ਲਈ ਪ੍ਰੇਮ ਛੱਡ ਦਿੰਦਾ ਹੈ।

ਭੋਗ-ਵਿਲਾਸ, ਧੰਨ -ਦੌਲਤ ਅਤੇ ਭੌਤਿਕ-ਗੌਰਵ ਉਸਦੇ ਪੇਟ ਵਿਚ ਕੌੜਾਂ ਹੋ ਜਾਂਦਾ ਹੈ। ਉਹ ਕੁਧਰਮ ਦੀ ਮਾਯਾ ਨੂੰ ਦੈਵੀ ਰਸਾਇਣ ਦੁਆਰਾ ਮੇਮਣੇ ਦੇ ਅਰਾਧਕਾਂ (ਭਗਤਾਂ) ਵਿਚ ਹਮੇਸ਼ਾ-ਹਮੇਸ਼ਾ ਲਈ ਦੇ ਦਿੰਦਾ ਹੈ। ਉਹ ਮਨੁੱਖਾਂ ਦੇ ਜੀਵਨਾਂ ਵਿਚ ਕੰਮ ਕਰਨ ਲਈ ਵਚਨਬਧ ਹੋਏ ਜਿਸ ਨਾਲ ਪ੍ਰਮੇਸ਼ਰ ਨੂੰ ਹਮੇਸ਼ਾ ਲਈ ਮਹੀਮਾ ਅਤੇ ਲੋਕਾਂ ਨੂੰ ਹਮੇਸ਼ਾ ਲਈ ਬਰਕਤਾਂ ਮਿਲਣ। ਉਹ ਰਦਰਫੋਰਡ ਦੀ ਪਿਆਸ; ਦੀ ਤਰ੍ਹਾਂ ਮਹਿਸੂਸ ਕਰਦਾ ਹੈ:

ਕਾਸ਼ ਐਨਵਰਥ ਦੀ ਇਕ ਆਤਮਾ
ਮੈਨੂੰ ਪ੍ਰਮੇਸ਼ਵਰ ਦੇ ਸੱਜੇ ਹੱਥ ਮਿਲੇ,
ਮੇਰਾ ਸਵਰਗ ਦੁਗਣਾ ਹੋ ਜਾਵੇਗਾ।
ਇਮਾਨੂੰਏਲ ਦੇ ਦੇਸ਼ ਵਿਚ। ਐਨ.ਆਰ.ਕਸਿਨ

ਉਸ ਲਈ ਹੀਰੇ, ਲਾਲ ਅਤੇ ਮੋਤੀ, ਜਮਾ ਕੀਤੀ ਰਕਮ, ਬੀਮਾ ਪਾਲਸੀ, ਸਾਰਿਆਂ ਮਹਿਲ ਮਾੜੀਆਂ, ਅਰਾਮਦਾਇਕ ਕਿਸ਼ਤੀਆਂ ਅਤੇ ਸ਼ਾਨਦਾਰ ਕਾਰਾਂ ਸਭ ਕੁਝ ਸਿਰਫ਼ ਕੁਧਰਮ ਦੀ ਮਾਯਾ ਹੈ। ਜੇਕਰ ਆਪਣੇ ਲਈ ਇਸਤੇਮਾਲ ਕੀਤੀ ਜਾਵੇ, ਤਾਂ ਨਾਸ਼ ਹੋ ਜਾਵੇਗੀ, ਪਰ ਅਗਰ ਮਸੀਹ ਲਈ ਵਰਤੀ ਜਾਵੇ, ਅਨੰਤਤਾ ਵਿਚ ਸਦੀਪਕਾਲ ਲਈ ਲਾਭ ਵੱਡੇਗੀ।

ਅਸੀਂ ਆਪਣੀਆਂ ਸੰਸਾਰਿਕ ਵਸਤੂਆਂ ਨੂੰ ਕਿਸ ਪ੍ਰਕਾਰ ਇਸਤੇਮਾਲ ਕਰਦੇ ਹਾਂ, ਕਿਸ ਹਦ ਤਕ ਫੜੀ ਰਖਦੇ ਹਾਂ ਇਹੀ ਸਾਡੇ ਚਰਿੱਤਰ ਦੀ ਪ੍ਰੀਖਿਆ

ਹੈ । ਪ੍ਰੱਭੁ ਇਸਤੇ ਆਇਤ 10 ਵਿਚ ਜ਼ੋਰ ਦਿੰਦੇ ਹਨ:

ਜੋ ਵਿਅਕਤੀ ਬਹੁਤ ਛੋਟੇ ਕੰਮ ਲਈ ਨਿਰਭਰ ਹੈ ,
ਵੱਡੇ ਕੰਮ ਲਈ ਵੀ ਨਿਰਭਰ ਹੈ, ਜੋ
ਵਿਅਕਤੀ ਬਹੁਤ ਛੋਟੇ ਕੰਮ ਵਿਚ ਬੇਈਮਾਨ
ਹੈ ਵੱਡੇ ਕੰਮ ਵਿਚ ਵੀ ਬੇਈਮਾਨ ਹੈ (ਵਿਲੀਅਮ ਦਾ ਅਨੁਵਾਦ)

ਏਥੇ ਛੋਟੇ ਕੰਮ ਦੀ ਮੁਖਤਿਆਰੀ ਭੌਤਿਕ ਸਾਮਗਰੀ ਹੈ। ਜੋ ਨਿਰਭਰ ਹਨ ਉਹ ਖੁਦਾਵੰਦ ਦੀ ਮਹੀਮਾ ਲਈ ਅਤੇ ਆਪਣੇ ਸੰਗੀਆ ਦੀ ਅਸੀਸ ਲਈ ਚੀਜਾਂ ਵਰਤਦੇ ਹਨ। ਜੋ ਬੇਈਮਾਨ ਹਨ ਉਹ ਆਪਣੀ ਸੰਪੱਤੀ ਅਰਾਮ, ਭੋਗ -ਵਿਲਾਸ ਅਤੇ ਸੁਆਰਥੀ ਆਨੰਦ ਲਈ ਇਸਤੇਮਾਲ ਕਰਦੇ ਹਨ। ਜੋ ਕੋਈ ਛੋਟੇ ਕੰਮ ਵਿਚ (ਭੌਤਿਕ ਵਸਤੂਆਂ) ਭਰੋਸੇਮੰਦ ਨਹੀ, ਵੱਡੇ ਕੰਮ (ਰੁਹਾਨੀ ਵੰਸਤਾਂ ਦੇ ਪ੍ਰਬੰਧਕ) ਲਈ ਉਸ ਉੱਤੇ ਕਿਸ ਤਰ੍ਹਾਂ ਭਰੋਸਾ ਕੀਤਾ ਜਾ ਸਕਦਾ ਹੈ। ਅਗਰ ਕੋਈ ਵਿਅਕਤੀ ਕੁਧਰਮ ਦੀ ਮਾਯਾ ਨਾਲ ਬੇਈਮਾਨ ਹੈ, ਉਸ ਲਈ ਕਿਸ ਤਰ੍ਹਾਂ ਮਸੀਹ ਦਾ ਸਵੇਕ ਅਤੇ ਪ੍ਰਮੇਸ਼ੁਰ ਦੇ ਭੇਦਾ ਦਾ ਵਫਾਦਾਰ ਪ੍ਰਬੰਧਕ ਹੋਣ ਦੀ ਉਮੀਦ ਕੀਤੀ ਜਾ ਸਕਦੀ ਹੈ (1 ਕੁਰਿੰਥ 4:1)

ਇਸ ਲਈ ਮੁਕਤੀਦਾਤਾ ਗੱਲ ਨੂੰ ਅਗੇ ਵਧਾਉਂਦੇ ਹਨ:

ਸੋ ਜੇ ਤੁਸੀਂ ਕੁਧਰਮ ਦੀ ਮਾਯਾ ਵਿਚ ਵਿਸ਼ਵਾਸਯੋਗ ਨਾ ਹੋਏ ਤਾਂ ਸੱਚਾ ਧਨ ਕੌਣ ਤੁਹਾਨੂੰ ਸੌਂਪੇਗਾ? (ਆਇਤ11)

ਸੰਸਾਰਿਕ ਖਜਾਨਾ ਅਸਲੀ ਧਨ ਨਹੀ ਹੈ; ਉਨ੍ਹਾਂ ਦੀ ਕੀਮਤ ਸੀਮਤ ਅਤੇ ਛਿਣਭਰ ਲਈ ਹੈ । ਆਤਮਿਕ ਖਜਾਨਾ ਸੱਚਾ ਧੰਨ ਹੈ; ਉਸਦੀ ਕੀਮਤ ਮਾਪੀ ਨਹੀ ਜਾ ਸਕਦੀ ਅਤੇ ਉਸਦਾ ਅੰਤ ਨਹੀ ਹੁੰਦਾ। ਜਦ ਤੱਕ ਕੋਈ

ਵਿਅਕਤੀ ਭੌਤਿਕ ਵਸਤਾਂ ਦੀ ਵਰਤੋਂ ਵਿਚ ਨਿਰਭਰ ਨਹੀ ਹੁੰਦਾ, ਉਹ ਇਹ ਉਮੀਦ ਨਹੀ ਕਰ ਸਕਦਾ ਕਿ ਪ੍ਰਮੇਸ਼ੁਰ ਉਸਨੂੰ ਇਸ ਜੀਵਨ ਵਿਚ ਰੂਹਾਨੀ ਸੰਪੱਤੀ ਜਾਂ ਸਵਰਗੀ ਧਨ ਸੌਂਪੇ ।

ਫਿਰ ਪ੍ਰੱਭੂ ਇਹ ਆਖਦਿਆ ਤਰਕ ਵਧਾਉਂਦੇ ਹਨ:

ਅਰ ਜੇ ਤੁਸੀਂ ਪਰਾਏ ਮਾਲ ਵਿਚ ਦਿਆਨਤਦਾਰ
ਨਾ ਹੋਏ ਤਾਂ ਤੁਹਾਡਾ ਆਪਣਾ ਹੀ ਕੌਣ
ਤੁਹਾਨੂੰ ਦੇਵੇਗਾ (ਅਇਤ 12)।

ਭੌਤਿਕ ਵਸਤਾਂ ਸਾਡੀਆ ਨਹੀ ਹਨ, ਉਹ ਪ੍ਰਮੇਸ਼ੁਰ ਦੀਆ ਹਨ। ਜੋ ਕੁਝ ਵੀ ਸਾਡਾ ਹੈ ਪ੍ਰਮੇਸ਼ੁਰ ਵਲੋਂ ਮਕਦੱਸ ਮੁਖਤਿਆਰੀ ਹੈ। ਸਭ ਕੁੱਝ ਜਿਸਨੂੰ ਅਸੀਂ ਆਪਣਾ ਆਖਦੇ ਹਾਂ, ਏਥੇ ਸਾਡੀ ਸਖ਼ਤ ਅਧਿਐਨ ਅਤੇ ਸੇਵਾ ਦਾ ਫਲ ਹੈ ਅਤੇ ਵਫਾਦਾਰ ਮੁਖਤਿਆਰ ਦਾ ਪ੍ਰਤਿਫੱਲ ਉਥੇ ਹੈ। ਅਗਰ ਅਸੀ ਪ੍ਰਮੇਸ਼ਵਰ ਦੀ ਸੰਪੱਤੀ ਸੰਭਾਲਣ ਵਿਚ ਨਿਰਭਰਯੋਗ ਸਾਬਤ ਨਹੀ ਹੋਏ, ਤਾਂ ਫਿਰ ਅਸੀਂ ਇਸ ਜੀਵਣ ਵਿਚ ਪ੍ਰਮੇਸ਼ਵਰ ਦੇ ਬਚਨ ਦੀਆਂ ਡੂੰਗੀਆ ਸੱਚਾਈਆਂ ਵਿਚ ਪ੍ਰਵੇਸ਼ ਕਰਨ ਜਾਂ ਭਵਿੱਖ ਵਿਚ ਇਨਾਮ ਦੀ ਆਸ ਨਹੀਂ ਕਰ ਸਕਦੇ।

ਆਖਿਰ ਵਿਚ ਜ਼ੋਰ ਦਿੰਦਿਆਂ ਹੋਇਆ ਪ੍ਰੱਭੂ ਸਮੁੱਚੇ ਦ੍ਰਿਸ਼ਟਾਂਤ ਦਾ ਸੰਖੇਪ ਕਰਦੇ ਹਨ:

ਕੋਈ ਟਹਿਲੂਆ ਦੋ ਮਾਲਕਾਂ ਦੀ ਟਹਿਲ ਨਹੀ ਕਰ ਸਕੱਦਾ ਕਿਉਂ ਜੋ ਉਹ ਇਕ ਨਾਲ ਵੈਰ ਅਤੇ ਦੂਏ ਨਾਲ ਪ੍ਰੀਤ ਰੱਖੇਗਾ, ਯਾ ਇਕ ਨਾਲ ਮਿਲਿਆ ਰਹੇਗਾ ਅਤੇ ਦੂਏ ਨੂੰ ਤੁੱਛ ਜਾਵੇਗਾ। ਤੁਸੀਂ ਪ੍ਰਮੇਸ਼ਵਰ ਅਤੇ ਮਾਯਾ ਦੋਹਾਂ ਦੀ ਸੇਵਾਂ ਨਹੀਂ ਕਰ ਸਕਦੇ ਹੋ (ਆਇਤ 13) ।

ਵਫਾਦਾਰੀ ਵੰਡੀ ਨਹੀਂ ਜਾ ਸਕਦੀ ਚੇਲਾ ਦੋ ਸੰਸਾਰਾਂ ਵਿਚ ਰਹਿ ਨਹੀ

ਸਕਦਾ। ਇਕ ਪ੍ਰਬੰਧਕ (ਮੁਖਤਿਆਰ) ਜਾਂ ਪ੍ਰਮੇਸ਼ੁਰ ਨੂੰ ਪ੍ਰੇਮ ਕਰਦਾ ਹੈ ਜਾਂ ਮਾਯਾ ਨੂੰ। ਜੇ ਉਹ ਮਾਯਾ ਨੂੰ ਪ੍ਰੇਮ ਕਰੇ, ਉਹ ਪ੍ਰਮੇਸ਼ੁਰ ਨਾਲ ਵੈਰ ਰਖਦਾ ਹੈ।

ਅਤੇ ਧਿਆਨ ਦਿਓ, ਇਹ ਚੇਲਿਆਂ ਲਈ ਲਿਖਿਆ ਗਿਆ ਸੀ, ਗੈਰ -ਵਿਸ਼ਵਾਸੀਆਂ ਲਈ ਨਹੀਂ।

# ਜੋਸ਼

ਜੇ ਕਿਸੇ ਸ਼ਾਗਿਰਦ ਕੋਲ ਵਿਸ਼ਾਲ ਮਾਨਸਿਕ ਯੋਗਤਾ ਨਾਂ ਹੋਵੇ ਤਾਂ ਉਸਨੂੰ ਮਾਫ਼ ਕੀਤਾ ਜਾ ਸਕਦਾ ਹੈ। ਜੇ ਉਹ ਸਰੀਰਕ ਵੀਰਤਾ ਨਾ ਦਿਖਾਵੇ ਤਾਂ ਵੀ ਉਸਨੂੰ ਮਾਫ ਕੀਤਾ ਜਾ ਸਕਦਾ ਹੈ। ਪਰ ਜੇ ਉਸ ਕੋਲ ਉਤਸਾਹ ਨਹੀ ਹੈ ਤਾਂ ਉਸਨੂੰ ਮਾਫ਼ ਨਹੀ ਕੀਤਾ ਜਾ ਸਕਦਾ। ਜੇਕਰ ਉਸਦਾ ਹਿਰਦੇ ਮੁਕਤੀਦਾਤੇ ਲਈ ਜੋਸ਼ ਨਾਲ ਭਖ ਨਹੀ ਰਹਾ, ਉਹ ਦੋਸ਼ੀ ਹੈ।

ਕਿਉਕਿ, ਮਸੀਹੀ ਉਸਦੇ ਅਨੁਆਈ ਹਨ ਜਿਸਨੇ ਆਖਿਆ, "ਤੇਰੇ ਘਰ ਦੀ ਗ਼ੈਰਤ ਮੈਨੂੰ ਖਾ ਜਾਵੇਗੀ" (ਯੂਹੰਨਾ 2:17) ਉਹਨਾਂ ਦੇ ਮੁਕਤੀਦਾਤੇ ਦੇ ਦਿਲ ਵਿੱਚ ਪ੍ਰਮੇਸ਼ੁਰ ਲਈ ਅਤੇ ਉਸਦੇ ਕੰਮਾਂ ਲਈ ਪ੍ਰਜ਼ੋਰ ਜੋਸ਼ ਸੀ । ਉਸਦੇ ਘਰ ਵਿਚ ਥੋੜਦਿਲੀ ਚੇਲਿਆਂ ਲਈ ਕੋਈ ਸਥਾਨ ਨਹੀ ਹੈ।

ਪ੍ਰੱਭੂ ਯਿਸੂ ਆਤਮਿਕ ਤਨਾਅ ਦੀ ਸਥਿਤੀ ਵਿਚ ਰਹੇ। ਉਸਦੇ ਸ਼ਬਦਾ ਦੁਆਰਾ ਇਹ ਜ਼ਾਹਿਰ ਹੈ: "ਪਰ ਮੈ ਇੱਕ ਬਪਤਿਸਮਾ ਲੈਣਾ ਹੈ ਅਤੇ ਜਦ ਤੀਕੁਰ ਉਹ ਸੰਪੂਰਣ ਨਾ ਹੋਵੇ ਤਦ ਤੀਕਰ ਮੈ ਕੇਡਾ ਔਖਾ ਰਹਾਂਗਾ" (ਲੂਕਾ 12:50) । ਅਤੇ ਫਿਰ ਉਸਦੇ ਯਾਦਗਾਰ ਬਚਨਾਂ ਵਿਚ, "ਮੈਨੂੰ ਚਾਹੀਦਾ ਹੈ ਕਿ ਦਿਨ ਹੁੰਦੇ ਹੁੰਦੇ ਉਹਦੇ ਕੰਮ ਕਰੀਏ ਜਿਨ੍ਹ ਮੈਨੂੰ ਘੱਲਿਆ। ਰਾਤ ਚੱਲੀ ਆਉਂਦੀ

ਹੈ ਜਦੋਂ ਕੋਈ ਨਹੀਂ ਕੰਮ ਕਰ ਸਕਦਾ (ਯੂਹੰਨਾ 9:4)

ਯੂਹੰਨਾ ਬਪਤਿਸਮਾ ਦੇਣ ਵਾਲੇ ਦਾ ਜੋਸ਼ ਪ੍ਰੱਭੂ ਦੁਆਰਾ ਪਰਮਾਣਤ ਕੀਤਾ ਗਿਆ ਜਦ ਉਸਨੇ ਕਿਹਾ, "ਉਹ ਬਲਦਾ ਅਤੇ ਜਗਮਗਉਂਦਾ ਦੀਵਾ ਸੀ" (ਯੂਹੰਨਾ 5:35)।

ਰਸੂਲ ਪੌਲੁਸ ਇਕ ਡੂੰਘੀ ਸਰਧਾ ਰਖੱਣ ਵਾਲਾ ਸੀ। ਕਿਸੇ ਨੇ ਉਸਦੇ ਜੀਵਣ ਦੀ ਉਕਸੁਕਤਾ ਨੂੰ ਹੇਠ ਲਿਖਿਆ ਢਾਂਚਾ ਦਿੱਤਾ ਹੈ:

ਉਹ ਨਾ ਮਿੱਤਰ ਬਣਾਉਣ ਵਿਚ ਧਿਆਨ ਰੱਖਣ ਵਾਲਾ, ਨਾ ਸੰਸਾਰੀ ਚੀਜ਼ਾ ਪਾਉਣ ਦੀ ਆਸ ਜਾਂ ਇੱਛਾ ਰਖੱਣ ਵਾਲਾ, ਨਾ ਦੁਨਿਆਵੀ ਘਾਟੇ ਦੀ ਚਿੰਤਾ ਕਰਨ ਵਾਲਾ, ਨਾ ਮੌਤ ਦਾ ਖੌਫ ਰੱਖਣ ਵਾਲਾ ਵਿਅਕਤੀ ਹੈ। ਉਹ ਬਿਨਾਂ ਪਦਵੀ,. ਦੇਸ਼ ਜਾਂ ਸ਼ਰਤ ਵਾਲਾ ਮੱਨੁਖ ਹੈ। ਉਸਦੇ ਮਨ ਵਿਚ ਇਕ ਹੀ ਵਿਚਾਰ ਛਾਇਆ ਹੋਇਆ ਹੈ - ਪ੍ਰੱਭੂ ਯਿਸੂ ਦਾ ਸ਼ੁਭਸਮਾਚਾਰ। ਇਕ ਉਦੇਸ਼-ਪ੍ਰਮੇਸ਼ਵਰ ਦੀ ਮਹੀਮਾ, ਵਾਲਾ ਬੰਦਾ ਹੈ। ਇਕ ਮੂਰਖ, ਅਤੇ ਮਸੀਹ ਲਈ ਮੂਰਖ ਗਿਣਿਆ ਜਾਣ ਵਾਲਾ ਬੰਦਾ ਹੈ। ਉਹ ਉਤਸ਼ਾਹੀ, ਜਾਨੂੰਨੀ, ਬਰਬਾਦੀ ਸਦਿਆ ਜਾਵੇ ਜਾਂ ਕੋਈ ਅਜੀਬ ਅਣਪਛਾਤਾ ਉਸਨੂੰ ਕੋਈ ਪਰਵਾਹ ਨਹੀਂ ਸੀ। ਲੇਕਿਨ ਫਿਰ ਵੀ ਉਹ ਅਣਪਛਾਣਿਆ ਹੈ। ਜੋ ਲੋਕ ਉਸਨੂੰ ਵਪਾਰੀ, ਗਰਿਸਤੀ ਵਾਲਾ, ਨਾਗਰਿਕ, ਧੰਨਵਾਨ, ਸੰਸਾਰ ਦਾ ਵਿਅਕਤੀ, ਸਿਖੱਣ ਵਾਲਾ, ਸਦੱਣ ਲੱਗ ਪੈਣ ਤਾਂ ਉਸਦਾ ਮਸੀਹ ਚਰਿਤੱਰ ਭ੍ਰਸ਼ਟ ਹੋ ਗਿਆ। ਉਹ ਬੋਲੇ ਜਾਂ ਮਰ ਜਾਵੇ, ਉਹ ਫਿਰ ਵੀ ਬੋਲੇਗਾ। ਉਸਨੂੰ ਅਰਾਮ ਨਹੀ ਲੇਕਿਨ ਭੂਮੀ ਉਤੇ, ਚਟਾਨਾਂ ਤੇ, ਅਤੇ ਬਿਨ-ਰਾਸਤੇ ਜਗਲਾਂ ਲਈ ਜਲਦੀ ਹੈ। ਉਹ ਉੱਚੀ ਚਲਾਉਂਦਾ ਅਤੇ ਹਟੱਦਾ ਨਹੀਂ, ਅਤੇ ਰੋਕਿਆ ਨਹੀ ਜਾ ਸਕਦਾ। ਕੈਦ ਵਿਚ ਉਹ ਆਪਣੀ ਅਵਾਜ ਉਠਾਉਂਦਾ, ਅਤੇ ਸਾਗਰ ਦੇ ਤੂਫਾਨਾ ਵਿਚ ਸ਼ਾਤ ਨਹੀ ਬੈਠਦਾ ਹੈ।

ਉਹ ਭਿਆਨਕ ਸਭਾਵਾਂ ਅਤੇ ਰਾਜਿਆਂ ਦੇ ਸਾਹਮਣੇ ਸਚਾਈ ਦੀ ਗਵਾਹੀ ਦਿੰਦਾ ਹੈ। ਮੌਤ ਤੋਂ ਇਲਾਵਾ ਕੋਈ ਉਸਦੀ ਅਵਾਜ਼ ਨੂੰ ਬੰਦ ਨਹੀ ਕਰ ਸਕਦਾ, ਅਤੇ ਮੌਤ ਦੇ ਸਮੇ, ਇਸ ਤੋਂ ਪਹਿਲਾਂ ਕਿ ਤਲਵਾਰ ਉਸਦਾ ਸਿਰ ਧੱੜ ਤੋਂ ਅਲੱਗ ਕਰੇ, ਉਹ ਬੋਲਦਾ ਹੈ, ਪ੍ਰਾਰਥਨਾ ਕਰਦਾ ਹੈ, ਸਾਖੀ ਦਿੰਦਾ ਹੈ, ਉਹ ਯੁੱਧ ਕਰਦਾ ਹੈ, ਅਤੇ ਏਥੋਂ ਤੱਕ ਕਿ ਉਹ ਅਤਿਆਚਾਰੀ ਲੋਕਾਂ ਨੂੰ ਅਸੀਸ ਦਿੰਦਾ ਹੈ।

ਪ੍ਰਮੇਸ਼ੁਰ ਦੇ ਦੂਸਰੇ ਸੰਤਾ ਨੇ ਪ੍ਰਮੇਸ਼ੁਰ ਨੂੰ ਪ੍ਰਸੰਨ ਕਰਨ ਲਈ ਏਸੇ ਤਰ੍ਹਾਂ ਦੀ ਭਖਦੀ ਹੋਈ ਇੱਛਾ ਨੂੰ ਜ਼ਾਹਿਰ ਕੀਤਾ ਹੈ। ਇਕ ਵਾਰ ਸੀ.ਟੀ.ਸਟੱਡ ਨੇ ਲਿਖਿਆ:

> ਕੁਝ ਗਿਰਜਾ ਘਰ ਜਾ ਪ੍ਰਾਰਥਨਾ ਘਰ
> ਦੀ ਅਵਾਜ ਵਿਚ ਰਹਿਣਾ ਚਾਹੁੰਦੇ ਹਨ।
> ਪ੍ਰੰਤੂ ਮੈ ਨਰਕ ਵਿਚਾਲੇ ਇੱਕ ਬਚਾਉ ਦੀ ਦੁਕਾਨ
> ਖੋਲਣਾ ਚਾਹੁੰਦਾ ਹੈ।

ਅਤੇ ਇਤਫਾਕ ਨਾਲ ਇਹ ਇਕ ਨਾਸਤਿਕ ਦੁਆਰਾ ਲਿਖਿਆ ਲੇਖ ਸੀ ਜਿਸਨੇ ਸਟੱਡ ਨੂੰ ਮਸੀਹ ਲਈ ਸਭ-ਕੁੱਝ ਸਮਰਪਣ ਕਰਨ ਲਈ ਪ੍ਰੇਰਿਆ। ਲੇਖ ਇਸ ਤਰ੍ਹਾ ਸੀ:

ਜੇ ਮੈਂ ਦ੍ਰਿੜਤਾ ਨਾਲ ਵਿਸ਼ਵਾਸ ਕਰਦਾ ਜਿਸ ਤਰ੍ਹਾਂ ਲੱਖਾਂ ਕਰਦੇ ਹਨ ਕਿ ਇਸ ਜੀਵਨ ਵਿਚ ਧਰਮ ਦਾ ਗਿਆਨ ਅਤੇ ਅਸਰ ਸਾਡੀ ਆਉਣ ਵਾਲੀ ਤਕਦੀਰ ਤੇ ਪ੍ਰਭਾਵ ਪਾਉਂਦੇ ਹਨ ਤਾ ਫਿਰ ਧਰਮ ਮੇਰੇ ਲਈ ਸਭ ਕੁੱਝ ਹੁੰਦਾ। ਮੈਂ ਧਰਤੀ ਦੇ ਆਨੰਦਾਂ ਨੂੰ ਕੂੜਾ-ਕਰਕਟ ਦੀ ਤਰ੍ਹਾਂ, ਧਰਤੀ ਦੀਆ ਚਿੰਤਾਵਾਂ ਨੂੰ ਮੂਰਖਤਾਈ, ਅਤੇ ਧਰਤੀ ਦੇ ਵਿਚਾਰਾਂ ਅਤੇ ਜਜਬਾਤਾਂ ਨੂੰ ਵਿਅਰਥਤਾ

ਵਾਂਗਰ ਸੁੱਟ ਦਿੰਦਾ। ਮੇਰੇ ਵਿਚਾਰਾਂ ਦਾ ਵਿਸ਼ਾ ਸਿਰਫ ਧਰਮ ਹੁੰਦਾ, ਅਤੇ ਇਸ ਤੋਂ ਪਹਿਲਾਂ ਦੀ ਨੀਂਦ ਮੈਨੂੰ ਆਪਣੇ ਆਗੋਸ਼ ਵਿੱਚ ਲੁਕਾ ਲੈਂਦੀ ਧਰਮ ਦੀ ਉਪਮਾ ਮੇਰੀਆਂ ਅੱਖਾਂ ਦੇ ਸਾਹਮਣੇ ਤੈਰਦੀ ਰਹਿੰਦੀ।

ਮੈਂ ਸਿਰਫ ਏਸੇ ਲਈ ਮਿਹਨਤ ਕਰਦਾ। ਮੈਂ ਸਿਰਫ ਅਨੰਤਤਾ ਦੀ ਸਵੇਰ ਲਈ ਸੋਚਦਾ ਸਾਰੀ ਜਿੰਦਗੀ ਦੁੱਖ ਭੋਗਣ ਨਾਲ ਇਕ ਆਤਮਾ ਸਵਰਗ ਲਈ ਜਿੱਤਣਾ ਮੇਰੇ ਲਈ ਫਕਰ ਹੁੰਦਾ। ਧਰਤੀ ਦੇ ਪਰਿਣਾਮ ਕਦੀ ਮੇਰੇ ਹੱਥ ਜਾਂ ਸੁੱਖ ਨਾ ਰੋਕਣ, ਇਸਦੇ ਸੋਗ, ਮੇਰੇ ਵਿਚਾਰਾਂ ਤੇ ਕੋਈ ਕਾਬੂ ਨਾ ਪਾਉਂਦੇ। ਮੈ ਕੇਵਲ ਅਨੰਤਤਾ, ਅਤੇ ਆਪਣੇ ਚਫੇਰੇ ਮਰਣਹੀਣ ਆਤਮਾਵਾਂ ਨੂੰ ਤਕੱਣ ਦਾ ਸੰਘਰਸ਼ ਕਰਦਾ, ਜੋ ਜਲਦੀਹੀ ਹਮੇਸ਼ਾ ਦੀ ਖੁਸ਼ੀ ਜਾਂ ਹਮੇਸ਼ਾ ਦੇ ਦੁੱਖ ਭੋਗਣ ਜਾ ਰਹੀਆਂ ਹਨ। ਮੈ ਸੰਸਾਰ ਵਿਚ ਵੇਲੇ-ਕਵੇਲੇ ਪ੍ਰਚਾਰ ਕਰਦਾ, ਅਤੇ ਮੇਰਾ ਵਿਸ਼ਾ-ਵਸਤੂ ਹੁੰਦਾ, ਕਿਉਕਿ ਮਨੁੱਖ ਨੂੰ ਕੀ ਲਾਭ ਕੀ ਸਾਰੇ ਜਗਤ ਨੂੰ ਕੁਮਾਵੇ ਪਰ ਆਪਣੀ ਜਾਨ ਦਾ ਨੁਕਸਾਨ ਕਰੇ?

ਜਾੱਨ ਵੈਸਲੀ ਇਕ ਜੋਸ਼ੀਲਾ ਵਿਅਕਤੀ ਸੀ। ਉਸਨੇ ਆਖਿਆ, "ਮੈਨੂੰ ਇਕ ਸੌ ਆਦਮੀ ਦਵੋ ਜੋ ਪ੍ਰਮੇਸ਼ੁਰ ਨੂੰ ਆਪਣੇ ਸੰਪੂਰਨ ਹਿਰਦੇ ਨਾਲ ਪ੍ਰੇਮ ਕਰਦੇ ਹਨ ਅਤੇ ਪਾਪ ਤੋਂ ਇਲਾਵਾ ਕਿਸੇ ਚੀਜ਼ ਤੋਂ ਨਾ ਡਰਦੇ ਹੋਣ ਅਤੇ ਮੈਂ ਸੰਸਾਰ ਹਿਲਾਕੇ ਰੱਖ ਦੇਵਾਂਗਾ।"

ਏਕੂਏਡਰ ਦਾ ਸ਼ਹੀਦ, ਜਿਮ ਏਲੀਅਟ, ਮਸੀਹ, ਲਈ ਇਕ ਅੱਗ ਦੀ ਬਲਦੀ ਮਸ਼ਾਲ ਸੀ। ਇਕ ਦਿਨ ਜਦ ਉਹ ਵਚਨ ਤੇ ਵਿਚਾਰ ਕਰ ਰਿਹਾ ਸੀ, " ਉਹ ਆਪਣੇ ਉਪਾਸਕਾਂ ਨੂੰ ਅਗਨ ਦੀਆ ਲਾਟਾਂ ਬਣਾਉਂਦਾ ਹੈ। (ਇਬਰਾਨੀਆਂ 1:7), ਉਸਨੇ ਆਪਣੀ ਡਾਈਰੀ ਲਿਖੀ:

ਕੀ ਮੈਂ ਬਲਨਯੋਗ ਹਾਂ? ਮੈਨੂੰ ਦੂਸਰੀਆ ਵਸਤਾਂ ਦੇ ਲਾਲਚ ਤੋਂ ਪਰੇ

ਰੱਖ। ਮੈਨੂੰ ਆਤਮਾ ਦੇ ਤੇਲ ਨਾਲ ਭਰਦੇ ਤਾਂਕਿ ਮੈਂ ਇਕ ਲਾਟ ਬਣ ਜਾਵਾਂ। ਲੇਕਿਨ ਲਾਟ ਛਿਣਭਰ, ਅਕਸਰ ਥੌੜਾ ਚਿਰ ਹੀ ਟਿਕਦੀ ਹੈ, ਕੀ ਤੂੰ ਇਸ ਤਰ੍ਹਾਂ ਨਹੀ ਕਰ ਸਕਦਾ ਕਿ ਮੇਰਾ ਜੀਵਨ ਛੋਟਾ ਹੋ ਜਾਵੇ?

ਮੇਰੇ ਵਿਚ ਮਹਾਨ ਅਲਪਜੀਵੀ ਦਾ ਆਤਮਾ ਰਹਿੰਦਾ ਹੈ। ਜਿਸਨੂੰ ਉਸਦੇ ਘਰ ਦੀ ਗੈਰਤ ਖਾ ਗਈ। "ਪ੍ਰਮੇਸ਼ੁਰ ਦੀ ਲਾਟ, ਮੈਨੂੰ ਆਪਣਾ ਬਾਲਣ ਬਣਾ ਲੈ।"

ਅੰਤਲੀ ਪੰਗਤੀ ਐਮੀ ਕਾਰਮਾਈਕਲ ਦੀ ਜੋਸ਼ਭਰੀ ਕਵੀਤਾ ਵਿਚੋਂ ਉਲੇਖੀ ਗਈ ਹੈ। ਇਹ ਬੜੀ ਅਚਰਜ ਗੱਲ ਹੈ ਕਿ ਜਿਮ ਏਲੀਅਟ ਨੇ ਇਸ ਤੋਂ ਪ੍ਰੇਰਨਾ ਲਈ:

ਉਸ ਪ੍ਰਾਰਥਨਾ ਤੋਂ ਜੋ ਆਖਦੀ ਹੈ ਕਿ
ਮੈਨੂੰ ਉਨ੍ਹਾਂ ਪੌਣਾ ਤੋਂ ਬਚਾ ਜੋ ਤੇਰੇ ਵਜਦੀਆਂ ਸਨ,
ਡਰ ਤੋਂ ਜਦ ਮੈਂ ਚਾਹੁੰਦਾ ਹਾਂ,
ਖਿੜਕਣ ਤੋਂ ਜਦੋਂ ਮੈਨੂੰ ਉੱਚਾ ਚੜਨਾ ਹੈ,
ਖ਼ੁਦ ਦੀ ਕੋਮਲਤਾ ਤੋ, ਓ ਕਪਤਾਨ
ਆਪਣੇ ਸਿਪਾਹੀ ਨੂੰ ਛੁਡਾ ਜੋ ਤੇਰੀ ਪੈਰਵੀ ਕਰੇ।
ਸੁਖਦਾਇਕ ਵਸਤੂਆਂ ਦੇ ਸੂਖਮ ਪਿਆਰ ਤੋਂ,
ਅਰਾਮਦਾਇਕ ਚੁਣਾਵਾਂ, ਕੰਮਜ਼ੋਰੀਆਂ ਤੋਂ,
ਸਾਡੀਆਂ ਜਾਨਾਂ ਸੁੱਰਖਿਅਤ ਨਹੀਂ ਰੈਹ ਪਾਉਂਦੀਆਂ,
ਇਸ ਮਾਰਗ ਤੋਂ ਸਾਡਾ ਪ੍ਰੱਭੂ ਜੋ ਸਲੀਬ ਉਤੇ ਚੜ੍ਹਾਇਆ
ਗਿਆ ਸੀ, ਨਹੀਂ ਚਲਿਆ,
ਸਭ ਕੁੱਝ ਜੋ ਤੇਰੀ ਕਲਵਰੀ ਨੂੰ ਫਿਕਾ ਕਰਦਾ ਹੈ

ਪ੍ਰਮੇਸ਼ੁਰ ਦੇ ਮੇਮਨੇ, ਮੈਨੂੰ ਬਚਾ।
ਮੈਨੂੰ ਉਹ ਪਿਆਰ ਦੇ ਜੋ ਮਾਰਗ ਦਰਸ਼ਾਉਂਦਾ ਹੈ,
ਉਹ ਵਿਸ਼ਵਾਸ, ਜਿਸਨੂੰ ਕੋਈ ਉਦਾਸ ਨਹੀ ਕਰ ਸਕਦਾ,
ਆਸ ਜਿਸਨੂੰ ਕੋਈ ਨਿਰਾਸ਼ਾ ਥਕਾ ਨਾ ਸਕੇ,
ਜੋਸ਼ ਜੋ ਅੱਗ ਦੀ ਤਰ੍ਹਾ ਬਲੇ,
ਮੈਨੂੰ ਢੇਲੇ ਵਾਂਗਰ ਡੁਬਣ ਨਾ ਦੇ:
ਪ੍ਰਮੇਸ਼ਵਰ ਦੀ ਲਾਟ, ਮੈਨੂੰ ਆਪਣਾ ਤੇਲ ਬਣਾ ਲੈ।

20ਵੀਂ ਸਦੀ ਦੀ ਕਲੀਸਿਆ ਦੀ ਬਦਕਿਸਮਤੀ ਇਹ ਸੀ ਕਿ ਸਾਮਵਾਦੀਆ (ਕਮਿਊਨਿਸਟ) ਅਤੇ ਕਾਫ਼ਰਾਂ ਵਿਚ ਮਸੀਹਾਂ ਨਾਲੋਂ ਵੀ ਜਿਆਦਾ ਉਤਸਾਹ ਸੀ।

1903 ਵਿਚ ਇਕ ਆਦਮੀ ਨੇ ਸਤਾਰਾਂ ਅਨੁਆਇਆਂ ਸਮੇਤ ਸੰਸਾਰ ਤੇ ਹਮਲਾ ਕੀਤਾ। ਉਸਦਾ ਨਾਮ ਲੇਨਿਨ ਸੀ। 1918 ਵਿਚ ਗਿਣਤੀ ਚਾਲੀ ਹਜ਼ਾਰ ਤੱਕ ਪਹੁੰਚ ਗਈ, ਅਤੇ ਚਾਲੀ ਹਜ਼ਾਰ ਨਾਲ ਉਸਨੇ ਰੂਸ ਦੇ ਸੋਲ੍ਹਾਂ ਲੱਖ ਲੋਕਾਂ ਤੇ ਕਾਬੂ ਪਾਇਆ। ਅਤੇ ਮੁਹਿੰਮ ਚਲਦੀ ਗਈ ਅਤੇ ਹੁਣ ਸੰਸਾਰ ਦੀ ਅਬਾਦੀ ਦਾ ਤੀਜਾਂ ਹੀਸਾ ਕਾਬੂ ਕਰੀ ਬੈਠੀ ਹੈ, ਕੋਈ ਕਿੰਨਾ ਵੀ ਉਨ੍ਹਾਂ ਦੇ ਸਿਧਾਤਾਂ ਦਾ ਖੰਡਨ ਕਰੇ, ਫਿਰਵੀ ਉਨ੍ਹਾਂ ਦੇ ਜੋਸ਼ ਸੰਲਾਘਾ ਕੀਤੇ ਬਿਨਾਂ ਨਹੀਂ ਰਹਿਆ ਜਾ ਸਕਦਾ।

ਬਹੁਤ ਸਾਰੇ ਮਸੀਹੀ ਲੋਕਾਂ ਨੇ ਕਠੋਰ ਡਾਂਟ ਮਹਿਸੂਸ ਕੀਤੀ ਜਦ ਬਿਲੀ ਗ੍ਰਾਹਮ ਨੇ, ਅਮਰੀਕਨ ਵਿਸ਼ਵ ਵਿਦਿਆਲਾ ਦੇ ਇਕ ਵਿਦਿਆਰਥੀ ਦੁਆਰਾ ਲਿਖੇ ਇਸ ਪੱਤਰ ਨੂੰ ਪੜ੍ਹਿਆ ਜੋ ਮੈਸੀਕੋ ਵਿਚ ਕਮਿਊਨਿਸਟ ਬਣ ਗਿਆ ਸੀ।

ਪੱਤਰ ਦਾ ਮਕਸਦ ਆਪਣੀ ਮੰਗੇਤਰ ਨੂੰ ਇਹ ਦਸੱਣਾ ਸੀ ਕਿ ਉਹ ਆਪਣੇ ਬਚਣਾਂ ਨੂੰ ਕਿਉਂ ਤੋੜ ਰਿਹਾ ਹੈ:

ਸਾਡੇ ਸਾਮਵਾਦੀਆ ਵਿਚ ਹਾਦਸੇ ਜਿਆਦਾ ਵਾਪਰਦੇ ਹਨ। ਸਾਨੂੰ ਗੋਲੀ ਦਾ ਨਿਸ਼ਾਨਾ ਬਣਾਇਆ ਜਾਦਾਂ ਅਤੇ ਫਾਂਸੀ ਦਿੱਤੀ ਜਾਂਦਾ ਅਤੇ ਸਾਡੇ ਤੇ ਅਤਿੱਆਚਾਰ ਕੀਤੇ ਜਾਂਦੇ ਅਤੇ ਮ੍ਰਿਤੂਦੰਡ ਦਿੱਤਾ ਜਾਂਦਾ ਅਤੇ ਅਸੀਂ ਜੰਜ਼ੀਰਾਂ ਨਾਲ ਬੱਦੇ ਜਾਂਦੇ ਅਤੇ ਕੈਦ ਕੀਤੇ ਜਾਂਦੇ ਅਤੇ ਬਦਨਾਮ ਕੀਤੇ ਜਾਂਦੇ ਅਤੇ ਸਾਡਾ ਮਜ਼ਾਕ ਉਡਾਇਆ ਜਾਂਦਾ ਅਤੇ ਨੌਕਰੀਆਂ ਤੋਂ ਕੱਢੇ ਜਾਂਦੇ, ਅਤੇ ਹਰ ਸੰਭਵ ਪਾਸਿਓਂ ਤੰਗ ਕੀਤੇ ਜਾਂਦੇ। ਸਾਡੇ ਵਿਚੋਂ ਕੁਝ ਪ੍ਰਤੀਸ਼ਤ ਮਾਰੇ ਜਾਂਦੇ ਜਾਂ ਕੈਦ ਕਰ ਦਿੱਤੇ ਜਾਂਦੇ । ਅਸੀਂ ਸੱਚ ਮੁਚ ਦੀ ਗਰੀਬੀ ਵਿਚ ਰਹਿੰਦੇ। ਜਿੰਦਾ ਰਹਿਣ ਲਈ ਅਤਿ ਜਰੂਰਤ ਵੰਦ ਤੋ ਇਲਾਵਾ ਅਸੀ. ਹਰੇਕ ਦਮੜੀ ਪਾਰਟੀ ਨੂੰ ਵਾਪਸ ਕਰ ਦਿੰਦੇ।ਅਸਾਂ ਸਾਮਵਾਦੀਆਂ ਕੋਲ ਫਿਲਮਾਂ ਜਾਂ ਸੰਗੀਤ ਪਾਰਟੀਆਂ, ਮਾਸ ਦੀਆ ਪਲੇਟਾਂ, ਅਲੀਸ਼ਾਨ ਘਰਾਂ ਅਤੇ ਨਵੀਆਂ ਕਾਰਾਂ ਲਈ ਸਮਾਂ ਜਾਂ ਪੈਸਾ ਨਹੀ ਹੈ। ਸਾਡੀ ਵਿਆਖਿਆ ਕੱਟੜਪੱਖੀ ਕਹਿਕੇ ਕੀਤੀ ਜਾਂਦੀ ਹੈ। ਅਸੀ ਕੱਟੜਪੰਥੀ ਹਾਂ। ਸਾਡੀ ਜਿੰਦਗੀ ਇਕ ਵਿਸ਼ਾਲ ਮਕਸਦ, ਵਿਸ਼ਵ ਸਾਮਵਾਦ ਲਈ ਸੰਘਰਸ਼ ਨਾਲ ਭਰੀ ਹੋਈ ਹੈ।

ਅਸੀਂ ਸਾਮਵਾਦਿਆਂ ਕੋਲ ਜੀਵਣ ਦਾ ਉਹ ਫਲਸਫਾ ਹੈ ਜਿਸਨੂੰ ਕੋਈ ਧੰਨ ਨਹੀ ਖ੍ਰੀਦ ਸਕਦਾ। ਸਾਡੇ ਕੋਲ ਲੜਾਈ ਲਈ ਕਾਰਨ ਹੈ, ਜੀਵਣ ਨੂੰ ਵਿਸ਼ਾਲ ਮਾਨਵੀ ਅੰਦੋਲਨ ਲਈ ਨੀਵਾਂ ਕਰ ਲੈਂਦੇ ਹਾਂ ਅਤੇ ਜੇਕਰ ਸਾਡਾ ਵਿਅਕਤੀਗਤ ਜੀਵਣ ਔਖਾ ਜਾਪੇ ਜਾਂ ਪਾਰਟੀ ਦੀ ਅਧੀਨਤਾ ਦੁਆਰਾ ਸਾਡੀ ਮੈਂ ਨੂੰ ਨੁਕਸਾਨ ਪਾਉਂਦਾ ਹੈ ਤਾਂ ਅਸੀਂ ਇਸ ਵਿਚਾਰ ਦੁਆਰਾ ਪੂਰਾ ਮੁਆਵਜ਼ਾ ਕਰਦੇ ਹਾਂ ਕਿ ਸਾਡੇ ਵਿਚੋਂ ਹਰੇਕ ਆਪਣੇ ਢੰਗ ਨਾਲ ਮਨੁੱਖਤਾ ਲਈ ਕੁਝ ਨਵਾਂ, ਬੇਹਤਰ ਅਤੇ ਸੱਚ ਪ੍ਰਦਾਨ ਕਰਦਾ ਹੈ। ਇਕ ਗੱਲ ਹੈ ਜਿਸ ਵਿਚ ਮੈ ਸੰਪੂਰਨ ਇਮਾਨਦਾਰ ਹਾਂ ਅਤੇ ਉਹ ਹੈ ਸਾਮਵਾਦ। ਇਹ ਮੇਰੀ ਜਿੰਦਗੀ ਹੈ, ਪੇਸ਼ਾ ਹੈ, ਮੇਰਾ ਧਰਮ ਹੈ, ਮੇਰਾ ਸ਼ੌਕ, ਮੇਰੀ ਪ੍ਰੇਮੀਕਾ, ਮੇਰੀ ਪਤਨੀ, ਅਤੇ ਮਾਲਕਣ,

ਮੇਰੀ ਰੋਟੀ ਅਤੇ ਮੇਰਾ ਮਾਸ। ਮੈਂ ਦਿਨ ਵੇਲੇ ਇਸ ਲਈ ਕੰਮ ਕਰਦਾ ਹਾਂ ਅਤੇ ਰਾਤ ਵੇਲੇ ਇਸ ਲਈ ਸੁਪਨੇ ਲੈਂਦਾ ਹਾਂ ਇਸਦੀ ਮੇਰੇ ਤੇ ਪਕੜ ਵਧਦੀ ਜਾਂਦੀ ਹੈ। ਇਸ ਲਈ, ਮੈਂ ਕੋਈ ਮਿੱਤਰਤਾ, ਕੋਈ ਪ੍ਰੇਮ-ਸੰਬਧ ਜਾਂ ਕੋਈ ਵਾਰਤਾ ਨਹੀਂ ਕਰ ਸਕਦਾ ਜਿਸਦਾ ਸਬੰਧ ਇਸ ਕੰਮ ਨਾਲ ਨਹੀ ਜੋ ਮੇਰੀ ਜਿੰਦਗੀ ਨੂੰ ਚਲਾਉਂਦਾ ਅਤੇ ਮਾਰਗ ਦਰਸ਼ਨ ਕਰਦਾ ਹੈ। ਮੈਂ ਲੋਕਾਂ, ਪੁਸਤਕਾਂ, ਵਿਚਾਰਧਾਰਾਂ ਅਤੇ ਉਨਾਂ ਦੇ ਕੰਮਾਂ ਨੂੰ ਜਾਂਚਦਾ ਹਾਂ ਕਿ ਕਿਸ ਪ੍ਰਕਾਰ ਉਨ੍ਹਾਂ ਆਪਣੇ ਸੁਭਾਵ ਦੁਆਰਾ ਕਮਿਉਨਿਸਟ ਕੰਮ ਤੇ ਪ੍ਰਭਾਵ ਪਾਇਆ। ਆਪਣੇ ਵਿਚਾਰਾਂ ਕਾਰਨ ਪਹਿਲਾਂ ਵੀ ਜੇਲ੍ਹ ਜਾ ਚੁੱਕਾ ਹਾਂ ਅਤੇ ਲੋੜ ਪੈਣ ਤੇ ਮੈਂ ਬੰਦੂਕਧਾਰੀਆਂ ਦੇ ਸਾਹਮਣੇ ਵੀ ਜਾਣ ਲਈ ਤਿਆਰ ਹਾਂ।

ਜੇਕਰ ਸਾਮਵਾਦੀ ਆਪਣੇ ਕੰਮ ਲਈ ਐਂਨਾ ਸਮਰਪਤ ਹਨ ਤਾਂ ਕਿੰਨਾ ਜ਼ਿਆਦਾ ਮਸੀਹਾਂ ਨੂੰ ਆਪਣੇ ਮਹਿਮਾਪੂਰਨ ਪ੍ਰੱਭੂ ਪ੍ਰਤੀ ਪ੍ਰੇਮ ਅਤੇ ਅਨੰਦ ਉਪਾਸਨਾ ਲਈ ਉੱਡੇਲ ਦੇਣਾ ਚਾਹੀਦਾ ਹੈ। ਸਚਮੁੱਚ, ਅਗਰ ਪ੍ਰੱਭੂ ਯਿਸੂ ਕਿਸੇ ਚੀਜ਼ ਦੇ ਯੋਗ ਹਨ ਤਾਂ ਉਹ ਸਭ ਕੰਮਾ ਦੇ ਯੋਗ ਹਨ। "ਅਗਰ ਮਸੀਹੀ ਜੀਵਨ ਵਿਸ਼ਵਾਸ ਕਰਨ ਯੋਗ ਹੈ, ਤਾਂ ਸਾਨੂੰ ਬੜੀ ਸ਼ੂਰਬੀਰਤਾ ਨਾਲ ਇਸ ਉਤੇ ਵਿਸ਼ਵਾਸ ਕਰਨਾ ਹੈ"-- ਫਿੰਡਲੇ

ਅਗਰ ਪ੍ਰਮੇਸ਼ਵਰ ਨੇ ਮਸੀਹ ਵਿਚ ਕੁਝ ਕੀਤਾ ਹੈ ਜਿਸ ਉਤੇ ਸੰਸਾਰ ਦੀ ਮੁਕਤੀ ਨਿਰਭਰ ਹੈ, ਅਤੇ ਜੇਕਰ ਇਸ ਸੱਤ ਨੂੰ ਉਸਨੇ ਪ੍ਰਗਟ ਕੀਤਾ ਹੈ ਤਾਂ ਫਿਰ ਇਹ ਇਕ ਮਸੀਹੀ ਕਰਤੱਵ ਹੈ ਕਿ ਅਸੀਂ ਸਭ ਕੁਝ ਲਈ ਵਿਰੁੱਧ ਖੜੇ ਹੋ ਜਾਈਏ ਜੋ ਇਸ ਪਵਿੱਤਰ ਉਦੇਸ਼ ਦੀ ਉਮੀਦ ਕਰਦੀਆਂ ਹਨ, ਉਸਦਾ, ਇਨਕਾਰ ਕਰਦੀਆਂ ਹਨ--- ਜੇਮਸ ਡਿਨੀ

ਪ੍ਰਮੇਸ਼ੁਰ ਉਨ੍ਹਾਂ ਲੋਕਾ ਨੂੰ ਚਾਹੁੰਦਾ ਹੈ ਜੋ ਪੂਰੀ ਤਰ੍ਹਾਂ ਪਵਿੱਤਰ ਆਤਮਾ

ਦੇ ਕਾਬੂ ਵਿਚ ਹੋਣ। ਇਹ ਆਦਮੀ ਦੂਸਰਿਆਂ ਨੂੰ ਇੰਝ ਲਗਣਗੇ ਕੀ ਉਨ੍ਹਾਂ ਨੇ ਮੈਂਹ ਪੀਤੀ ਹੋਈ ਹੈ, ਲੇਕਿਨ ਜੋ ਬੇਹਤਰ ਜਾਣਦੇ ਹਨ ਉਹ ਸਮਝ ਜਾਣਗੇ ਕਿ ਉਹ " ਪ੍ਰਮੇਸ਼ੁਰ ਲਈ ਡੂੰਗੀ,ਵਿਸ਼ਾਲ,ਲਗਾਤਾਰ,ਨਾ ਤਰਿਪਤ ਹੋਣ ਵਾਲੀ ਪਿਆਸ ਦੁਆਰਾ ਚੱਲ ਰਹੇ ਹਨ।"

ਹਰੇਕ ਜੋ ਚੇਲੇ ਬਣਨਾ ਚਾਹੁੰਦਾ ਹੈ ਆਪਣੇ ਜੀਵਨ ਵਿਚ ਅਵੱਸ਼ਕ ਉਤਸਾਹ ਨੂੰ ਲਵੇ। ਉਹ ਬਿਸ਼ਪ ਰਾਇਲੇ ਦੁਆਰਾ ਕੀਤੀ ਗਈ ਵਿਆਖਿਆ ਨੂੰ ਪੂਰਾ ਕਰਨ ਵਾਲਾ ਹੋਣਾ ਚਾਹੀਦਾ ਹੈ:

ਧਰਮ ਵਿਚ ਜੋਸ਼ੀਲਾ ਵਿਅਕਤੀ ਦਾ ਪ੍ਰਮੁੱਖ-ਤੌਰ ਤੇ ਇਕ ਲਕਸ਼ ਹੁੰਦਾ ਹੈ। ਇਹ ਕਹਿਣਾ ਕਾਫੀ ਨਹੀ ਕਿ ਉਹ ਇਮਾਨਦਾਰ, ਦਿਲਵਾਲਾ,ਸਮਝੌਤਾ ਨਾ ਕਰਨਾ ਵਾਲਾ, ਸੰਪੂਰਨ ਦਿਲੀ, ਆਤਮਾ ਵਿਚ ਜੋਸ਼ ਭਰਿਆ ਹੈ,। ਉਹ ਸਿਰਫ਼ ਇਕ ਚੀਜ਼ ਦੇਖਦਾ ਹੈ, ਇਕ ਚੀਜ਼ ਦੀ ਪਰਵਾਹ ਕਰਦਾ ਹੈ, ਇਕ ਚੀਜ ਲਈ ਜੀਉਦਾ ਹੈ, ਇਕ ਚੀਜ਼ ਨਾਲ ਭਰਿਆ ਹੋਇਆ ਹੈ, ਅਤੇ ਉਹ ਇਕ ਚੀਜ਼ ਪ੍ਰਮਾਤਮਾ ਨੂੰ ਪ੍ਰਸੰਨ ਕਰਨਾ ਹੈ। ਭਾਵੇਂ ਉਹ ਜੀਉਂਦਾ ਹੈ ਜਾਂ ਉਹ ਮਰਦਾ ਹੈ, ਭਾਵੇਂ ਉਹ ਅਮੀਰ ਹੈ ਜਾਂ ਉਹ ਗਰੀਬ ਹੈ-, ਭਾਵੇਂ ਉਹ ਇਨਸਾਨ ਨੂੰ ਪ੍ਰਸੰਨ ਕਰਦਾ ਹੈ ਜਾਂ ਠੇਸ ਪਹੁੰਚਾਉਂਦਾ ਹੈ-,ਭਾਵੇਂ ਉਹ ਸਮਝਦਾਰ ਸਮਝਿਆ ਜਾਂਦਾ ਹੈ ਜਾਂ ਉਹ ਮੂਰਖ, ਪਾਵੇਂ ਉਹ ਦੋਸ਼ ਪਾਉਂਦਾ ਹੈ ਜਾਂ ਲੱਜਾ--ਇਨ੍ਹਾਂ ਸਭਨਾਂ ਵਿਚ ਇਕ ਜੋਸ਼ੀਲਾ ਵਿਅਕਤੀ ਕਿਸੇ ਚੀਜ਼ ਦੀ ਪਰਵਾਹ ਨਹੀ ਕਰਦਾ । ਉਹ ਇਕ ਗੱਲ ਲਈ ਬਲਦਾ ਹੈ ਅਤੇ ਇਹ ਇਕ ਗੱਲ ਪ੍ਰਮੇਸ਼ੁਵਰ ਨੂੰ ਪ੍ਰਸੰਨ ਕਰਨਾ ਹੈ ਅਤੇ ਉਸਦੀ ਮਹਿਮਾ ਨੂੰ ਵਧਾਉਣਾ ਹੈ। ਅਗਰ ਉਹ ਇਕ ਬਲੱਣ ਕਿਰਿਆ ਵਿਚ ਭਸਮ ਹੋ ਜਾਵੇ ਤਾਂ ਉਹ ਪਰਵਾਹ ਨਹੀ ਕਰਦਾ, ਉਹ ਸੰਤੁਸ਼ਟ ਹੈ। ਉਹ ਸਮਝਦਾ ਹੈ ਕਿ ਉਹ ਇਕ ਲਾਲਟੈਨ ਦੀ ਤਰ੍ਹਾਂ ਜਗਣ ਲਈ ਬਣਾਇਆ ਗਿਆ ਹੈ; ਅਤੇ ਜੇਕਰ ਉਹ ਜਗਣ ਵਿਚ ਭਸਮ ਹੋ ਜਾਵੇ, ਤਾਂ ਉਸਨੇ ਉਹ ਕੰਮ ਕਰ

ਦਿੱਤਾ ਹੈ ਜੋ ਪ੍ਰਮੇਸ਼ਵਰ ਨੇ ਉਸਨੂੰ ਸੌਂਪਿਆ ਸੀ। ਇਸ ਤਰ੍ਹਾਂ ਦਾ ਜਨ ਆਪਣੇ ਉਤਸ਼ਾਹ ਲਈ ਖ਼ੁਦ ਹੀ ਖੇਤਰ ਲੱਭ ਲਵੇਗਾ। ਜੇਕਰ ਉਹ ਪ੍ਰਚਾਰ ਅਤੇ ਕੰਮ ਨਹੀ ਕਰ ਸਕਦਾ ਅਤੇ ਪੈਸੇ ਨਹੀ ਦੇ ਸਕਦਾ, ਉਹ ਚਿਲਾਵੇਗਾ, ਹੌਕੇ ਭਰ-ਭਰ ਕੇ ਅਤੇ ਪ੍ਰਾਰਥਨਾ ਕਰੇਗਾ। ਹਾਂ, ਜੇਕਰ ਉਹ ਕੇਵਲ ਕੰਗਾਲ ਹੈ, ਨਿੱਤ ਬਿਮਾਰੀ ਦੇ ਬਿਸਤਰ ਤੇ ਹੈ, ਤਾਂ ਉਹ ਆਪਣੇ, ਦੁਆਲੇ ਪਾਪ ਦੀ ਗਤੀ ਵਿਰੁੱਧ ਲਗਾਤਾਰ ਪ੍ਰਾਰਥਨਾ ਕਰਨ ਨਾਲ ਇਸਨੂੰ ਧੀਮਾ ਕਰ ਦੇਵੇਗਾ। ਅਗਰ ਉਹ ਯਹੋਸ਼ੁ ਨਾਲ ਵਾਦੀ ਵਿਚ ਯੁੱਧ ਨਹੀ ਕਰ ਸਕਦਾ, ਉਹ ਮੂਸਾ, ਹਰੂਨ ਅਤੇ ਹੂਰ ਨਾਲ ਪਹਾੜ ਉੱਤੇ ਹੋਵੇਗਾ (ਕੂਚ 17:9-13)। ਜੇਕਰ ਉਹ ਖ਼ੁਦ ਕੰਮ ਨਹੀਂ ਕਰ ਸਕਦਾ ਜਦ ਤੱਕ ਕਿਸੇ ਹੋਰ ਪਾਸਿਓਂ ਸਹਾਇਤਾ ਨਾ ਮਿਲ ਸਕੇ ਉਹ ਪ੍ਰਮੇਸ਼ੁਰ ਨੂੰ ਅਰਾਮ ਨਹੀਂ ਕਰਨ ਦਵੇਗਾ। ਧਰਮ ਵਿਚ "ਜੋਸ਼" ਰਖੱਣ ਬਾਰੇ ਮੇਰਾ ਇਹੀ ਮਤਲਬ ਹੈ।

# ਵਿਸ਼ਵਾਸ

ਜੀਉਂਦੇ ਪ੍ਰਮੇਸ਼ਵਰ ਉਤੇ ਡੂੰਘਾ ਅਤੇ ਨਿਹਸੰਦੇਹ ਵਿਸਵਾਸ਼ ਤੋਂ ਬਿਨਾ ਸੱਚੀ ਸ਼ਾਗਿਰਦੀ ਨਹੀਂ ਹੋ ਸਕਦੀ। ਜੋ ਪ੍ਰਮੇਸ਼ਵਰ ਲਈ ਵੱਡੇ ਵੱਡੇ ਕੰਮ ਕਰਨਾ ਚਾਹੰਦਾ ਹੈ ਪਹਿਲਾਂ ਉਸ ਉਤੇ ਪੂਰਾ-ਪੂਰਾ ਭਰੋਸਾ ਕਰੇ। "ਪ੍ਰਮੇਸ਼ਵਰ ਦੇ ਸਭ ਮਹਾਨ ਬੰਦੇ ਕਮਜ਼ੋਰ ਵਿਅਕਤੀ ਸਨ ਜਿੰਨਾ ਨੇ ਪ੍ਰਮੇਸ਼ਵਰ ਲਈ ਮਹਾਨ ਕੰਮ ਕੀਤੇ ਕਿਉਂਕਿ ਉਨ੍ਹਾਂ ਨੇ ਪ੍ਰਮੇਸ਼ੁਰ ਨੂੰ ਆਪਣੇ ਸੰਗ ਸਮਝਿਆ-" ਹੱਡਸਨ ਟੇਲਰ

ਹੁਣ ਸੱਚਾ ਵਿਸ਼ਵਾਸ ਹਮੇਸ਼ਾ ਪ੍ਰਮੇਸ਼ਵਰ ਦੇ ਕਿਸੇ ਵਾਅਦੇ ਉਤੇ, ਉਸਦੇ ਵਚਨ ਦੇ ਕਿਸੇ ਭਾਗ ਉਤੇ ਅਧਾਰਿਤ ਹੁੰਦਾ ਹੈ। ਇਹ ਅਤਿ ਮਹੱਤਵਪੂਰਨ ਹੈ। ਵਿਸਵਾਸ਼ੀ ਪਹਿਲਾਂ ਪ੍ਰਭੂ ਦੇ ਵਾਅਦੇ ਪੜ੍ਹਦਾ ਜਾਂ ਸੁਣਦਾ ਹੈ। ਪਵਿੱਤ੍ਰ ਆਤਮਾ ਉਨ੍ਹਾਂ ਵਾਅਦਿਆਂ ਨੂੰ ਲੈਕੇ ਉਸਦੇ ਹਿਰਦੇ ਅਤੇ ਅੰਤਹਕਰਨ ਨਾਲ ਵਿਸ਼ੇਸ਼ ਪ੍ਰਕਾਰ ਨਾਲ ਲਾਗੂ ਕਰਦਾ ਹੈ। ਮਸੀਹੀ ਨਿਸ਼ਚਿਤ ਹੋ ਜਾਂਦਾ ਹਾਂ ਕਿ ਪ੍ਰਮੇਸ਼ਵਰ ਨੇ ਉਸ ਨਾਲ ਸਿੱਧਾ-ਸਿੱਧਾ ਗੱਲਬਾਤ ਕੀਤੀ ਹੈ। ਜਿਸਨੇ ਪ੍ਰਤਿਗਿਆ ਕੀਤੀ ਉਸਦੀ ਵਿਸਵਾਸ਼ ਯੋਗਤਾ ਤੇ ਸੰਪੂਰਨ ਭਰੋਸਾ

ਰੱਖਕੇ ਉਹ ਵਾਅਦਿਆਂ ਨੂੰ ਐਉ ਸਮਝ ਲੈਂਦਾ ਹੈ ਜਿਵੇਂ ਉਹ ਪਹਿਲੇ ਹੀ ਪੂਰੇ ਹੋ ਚੁੱਕੇ ਹਨ, ਭਾਵੇਂ ਮਨੁੱਖੀ ਤੌਰ ਤੇ ਇਹ ਅਸੰਭਵ ਹੋਵੇ।

ਸ਼ਾਇਦ ਇਕ ਵਾਅਦੇ ਦੀ ਬਜਾਏ ਉਹ ਭਾਵੇਂ ਇਕ ਹੁਕਮ ਹੋਵੇ। ਵਿਸਵਾਸ਼ ਵਿਚ ਕੋਈ ਫਰਕ ਨਹੀਂ। ਜੇਕਰ ਪ੍ਰਮੇਸ਼ੁਰ ਹੁਕਮ ਦਿੰਦਾ ਹੈ, ਉਹ ਯੋਗ ਬਣਾਉਦਾ ਹੈ। ਅਗਰ ਉਹ ਪਤਰਸ ਨੂੰ ਪਾਣੀ ਉਤੇ ਚਲੱਣ ਲਈ ਬਲਾਉਦਾ ਹੈ ਪਤਰਸ ਨੂੰ ਨਿਸ਼ਚਿਤ ਹੋ ਜਾਣਾ ਚਾਹੀਦਾ ਹੈ ਕਿ ਉਸਨੂੰ ਲੋੜੀਦੀ ਸਮਰੱਥ ਵੀ ਦਿੱਤੀ ਜਾਵੇਗੀ। (ਮੱਤੀ14:28)। ਜੇ ਉਹ ਆਦੇਸ਼ ਦਿੰਦਾ ਹੈ, ਅਸੀਂ ਭਰੋਸਾ ਕਰ ਸਕਦੇ ਹਾਂ ਕਿ ਉਹ ਸਾਨੂੰ ਕ੍ਰਿਪਾ ਵੀ ਪ੍ਰਦਾਨ ਕਰੇਗਾ(ਮਰ16:15) ਵਿਸਵਾਸ਼ ਮੁਮਕਿਨ ਦੇ ਖੇਤਰ ਵਿਚ ਨਹੀ ਕੰਮ ਕਰਦਾ। ਮਨੁੱਖੀ ਸੰਭਵਤਾ ਵਿਚ ਪ੍ਰਮੇਸ਼ੁਰ ਲਈ ਮਹਿਮਾ ਦਾ ਕੋਈ ਸਥਾਨ ਨਹੀ ਹੈ। ਵਿਸਵਾਸ਼ ਉੱਥੇ ਸ਼ੁਰੂ ਹੁੰਦਾ ਹੈ ਜਿੱਥੇ ਇਨਸਾਨ ਦੀ ਤਾਕਤ ਖ਼ਤਮ ਹੁੰਦੀ ਹੈ। "ਵਿਸਵਾਸ਼ ਦਾ ਕੰਮ ਉਥੋਂ ਆਰੰਭ ਹੁੰਦਾ ਹੈ ਜਿੱਥੋਂ ਸੰਭਾਵਨਾਵਾਂ ਤੇ ਦ੍ਰਿਸ਼ਟੀ ਖ਼ਤਮ ਹੋ ਜਾਂਦੇ ਹਨ ਅਤੇ ਸਮਝ ਅਸਫਲ ਹੋ ਜਾਂਦੀ ਹੈ--" ਜ਼ਾਰਜ ਮੂਲਰ

ਵਿਸ਼ਵਾਸ ਕਹਿੰਦਾ ਹੈ, "ਜੇ ਕੇਵਲ ਨਾਮੁਮਕਿਨ ਹੀ ਵਿਰੋਧ ਦਾ ਕਾਰਨ ਹੈ, ਇਹ ਹੋ ਸਕਦਾ ਹੈ।

ਵਿਸ਼ਵਾਸ਼ ਪ੍ਰਮੇਸ਼ੁਵਰ ਨੂੰ ਸਾਹਮਣੇ ਲੈਕੇ ਆਉਂਦਾ ਹੈ, ਅਤੇ ਇਸ ਲਈ ਮੁਸ਼ਕਿਲਾ ਨੂੰ ਬਿਲਕੁਲ ਨਹੀਂ ਜਾਣਦਾ-- ਹਾਂ, ਇਹ ਅਸੰਭਵਤਾਵਾਂ ਦਾ ਮਜਾਕ ਉੜਾਉਂਦਾ ਹੈ। ਵਿਸਵਾਸ਼ ਦੀ ਰਾਇ ਵਿਚ, ਪ੍ਰਮੇਸ਼ਵਰ ਹਰ ਪ੍ਰਸ਼ਨ ਦਾ ਮਹਾਨ ਉਤੱਰ ਹੈ-- ਹਰੇਕ ਮੁਸ਼ਕਿਲ ਦਾ ਵਿਸ਼ਾਲ ਉਤੱਰ ਹੈ। ਸਾਰੀਆਂ ਗੱਲਾਂ ਉਸ ਵੱਲ ਨਿਰਦੇਸ਼ ਕਰਦੀਆਂ ਹਨ ਅਤੇ ਇਹ ਫ਼ਰਕ ਨਹੀਂ ਪੈਂਦਾ ਕਿ ਮਾਮਲਾ ਛੇ ਸੌ ਡਾਲਰਾਂ ਦਾ ਹੈ ਜਾਂ ਛੇ ਲੱਖ ਡਾਲਰਾਂ ਦਾ; ਇਹ ਜਾਣਦਾ ਹੈ ਕਿ ਰੱਬ ਸਭ

ਕੁੱਝ ਲਈ ਸੰਪੂਰਨ ਹੈ। ਇਹ ਆਪਣੇ ਸਭ ਸੋਤੇ ਉਸ ਵਿਚੋਂ ਪਾਉਂਦਾ ਹੈ। ਸ਼ੱਕ ਆਖਦਾ ਹੈ। ਇਹ ਕੰਮ ਕਿਸ ਤਰ੍ਹਾਂ ਹੋ ਸਕਦੇ ਹਨ ? ਇਹ ਅਨੇਕਾਂ 'ਕਿਸ ਤਰ੍ਹਾਂ' ਨਾਲ ਭਰਿਆ ਹੋਇਆ ਹੈ; ਪਰ ਵਿਸ਼ਵਾਸ ਕੋਲ ਦੱਸ ਹਜ਼ਾਰ 'ਕਿਸ ਤਰ੍ਹਾਂ' ਲਈ ਇਕੋ ਉਤੱਰ ਹੈ, ਅਤੇ ਉਹ ਹੈ; ਪ੍ਰਮੇਸ਼ਵਰ— ਸੀ.ਐਚ.ਮੈਕਿਨਤੋਸ਼।

ਇਨਸਾਨੀ ਨਜ਼ਰਾਂ ਵਿਚ ਅਬਰਾਹਾਮ ਅਤੇ ਸਾਰਾਹ ਲਈ ਪੁੱਤਰ ਹੋਣਾ ਅਸੰਭਵ ਸੀ। ਪਰ ਪ੍ਰਮੇਸ਼ੁਰ ਵਾਅਦਾ ਕਰ ਚੁੱਕਾ ਸੀ, ਅਤੇ ਅਬਰਾਹਾਮ ਕੋਲ ਸਿਰਫ਼ ਇਕੋ ਅਸੰਭਵਤਾ ਸੀ-- ਕਿ ਪ੍ਰਮੇਸ਼ਵਰ ਝੂਠ ਬੋਲੇ।

ਨਿਰਾਸਾ ਵਿਚ ਆਸ ਨਾਲ ਉਸਨੇ ਪਰਤੀਤ ਕੀਤੀ ਭਈ ਉਸ ਵਾਕ ਦੇ ਅਨੁਸਾਰ ਕਿ ਤੇਰੀ ਅੰਸ਼ ਇਓਂ ਹੋਵੇਗੀ, ਉਹ ਬਾਹਲੀਆਂ ਕੌਮਾਂ ਦਾ ਪਿਤਾ ਹੋਵੇ। ਅਤੇ ਨਿਹਚਾ ਵਿਚ ਉਹ ਢਿੱਲਾਂ ਨਾ ਹੋਇਆ ਭਾਵੇਂ ਉਹ ਸੌਕੁ ਵਰਿਹਾਂ ਦਾ ਹੋ ਗਿਆ ਸੀ ਜਦੋਂ ਉਸਨੇ ਧਿਆਨ ਕੀਤਾ ਭਈ ਮੇਰੀ ਦੇਹ ਹੁਣ ਮੁਰਦੇ ਵਰਗੀ ਹੋ ਗਈ ਹੈ ਨਾਲੇ ਸਾਰਾਹ ਦੀ ਕੁੱਖ ਨੂੰ ਸੋਕਾ ਲੱਗ ਗਿਆ ਹੈ।

ਪ੍ਰੰਤੂ ਪਰਮੇਸ਼ੁਰ ਦੇ ਬਚਨ ਦੀ ਵੱਲੋਂ ਉਹਨੇ ਬੇਪ੍ਰਤੀਤ ਨਾਲ ਸ਼ੰਕਾ ਨਾ ਕੀਤੀ ਸਗੋਂ ਨਿਹਚਾ ਵਿੱਚ ਤਕੜਿਆਂ ਹੋ ਕੇ ਉਹਨੇ ਪਰਮੇਸ਼ਰ ਦੀ ਵਡਿਆਈ ਕੀਤੀ (ਰੋਮੀਆਂ 4:18-21)।

ਵਿਸ਼ਵਾਸ, ਹਾਂ ਮਹਾਨ ਵਿਸ਼ਵਾਸ ਵਾਅਦਾ ਦੇਖਦਾ ਹੈ
ਅਤੇ ਕੇਵਲ ਪ੍ਰਮੇਸ਼ੁਰ ਵੱਲ ਤੱਕਦਾ ਹੈ;
ਅਸੰਭਵਤਾਵਾਂ ਉੱਤੇ ਹੱਸਦਾ ਹੈ
ਅਤੇ ਵਿਲਕਦਾ ਹੈ, "ਇਹ ਹੋ ਜਾਵੇਗਾ।"

ਸਾਡਾ ਪ੍ਰਮੇਸ਼ੁਰ ਉਹ ਪ੍ਰਮੇਸ਼ੁਰ ਹੈ ਜੋ ਅਣਹੋਣੀਆਂ ਦਾ ਮਾਹਿਰ ਹੈ (ਲੂਕਾ 1:37)। ਉਸ ਲਈ ਕੁੱਝ ਵੀ ਔਖਾ ਨਹੀ ਹੈ (ਉਤ. 18:14)।

"ਜਿਹੜੀਆਂ ਗੱਲਾਂ ਮਨੁੱਖਾਂ ਤੋਂ ਅਣਹੋਣੀਆਂ ਹਨ ਉਹ ਪ੍ਰਮੇਸ਼ੁਰ ਤੋਂ ਹੋ ਸਕਦੀਆਂ ਹਨ" (ਲੂਕਾ 18:27)।

ਵਿਸ਼ਵਾਸ ਉਸਦੇ ਵਾਅਦੇ ਤੇ ਦਾਅਵਾ ਕਰਦਾ ਹੈ, "ਪਰਤੀਤ ਕਰਨ ਵਾਲੇ ਦੇ ਲਈ ਸਭੋਂ ਕੁਝ ਹੋ ਸਕਦਾ ਹੈ" (ਮਰ 9:23), ਅਤੇ ਪਲੂਸ ਨਾਲ ਆਨੰਦਤ ਹੁੰਦਾ ਹੈ "ਉਹਦੇ ਵਿੱਚ ਜੋ ਮੈਨੂੰ ਬਲ ਦਿੰਦਾ ਹੈ ਮੈਂ ਸਭ ਕੁਝ ਕਰ ਸਕੱਦਾ ਹਾਂ" (ਫਿਲਿ 4:13)

ਸ਼ੰਕਾ ਰੁਕਾਵਟਾਂ ਦੇਖਦੀ ਹੈ--
ਵਿਸ਼ਵਾਸ ਰਾਸਤਾ ਦੇਖਦਾ ਹੈ!
ਸ਼ੰਕਾ ਹਨੇਰੀ ਰਾਤ ਦੇਖਦੀ ਹੈ--
ਵਿਸ਼ਵਾਸ ਦਿਨ ਦੇਖਦਾ ਹੈ!
ਸ਼ੰਕਾ ਕਦਮ ਚੁਕੱਣ ਲਈ ਡਰਦੀ ਹੈ--
ਵਿਸ਼ਵਾਸ ਉਚੱਾ ਉੱਡਦਾ ਹੈ,
ਸ਼ੰਕਾ ਪ੍ਰਸ਼ਨ ਕਰਦੀ ਹੈ, " ਕੌਣ ਵਿਸ਼ਵਾਸ ਕਰਦਾ ਹੈ?"
ਵਿਸ਼ਵਾਸ ਉੱਤਰ ਦਿੰਦਾ ਹੈ, "ਮੈਂ"।

ਕਿਉਂਕਿ ਵਿਸ਼ਵਾਸ ਅਲੌਕਿਕ ਦੈਵੀ ਗੱਲਾਂ ਨਾਲ ਵਰਤਾਓ ਕਰਦਾ ਹੈ, ਇਹ ਹਮੇਸ਼ਾ ਦਲੀਲਯੋਗ ਨਹੀ ਲਗਦਾ। ਅਬ੍ਰਾਹਮ ਨੇ ਨਿਕਲ ਤੁਰਨ ਲਈ "ਸਧਾਰਨ ਸੂਝ" ਦੀ ਵਰਤੋ ਨਹੀ ਸੀ ਕਰ ਰਹਾ, ਐਵੀ ਪਤਾ ਨਹੀਂ ਸੀ ਕਿ ਉਹ ਕਿੱਥੇ ਜਾ ਰਹਾ ਹੈ, ਪਰ ਸਿਰਫ਼ ਪਰਮੇਸ਼ੁਰ ਦੀ ਅਗਿਆ ਦੀ ਪਾਲਨਾ ਕੀਤੀ (ਇਬਰਾਨੀਆਂ 11:8) ਯਹੋਸ਼ੂਆ ਲਈ ਯਰੀਹੋ ਤੇ ਬਿਨਾਂ ਘਾਤਕ ਹਥਿਆਰਾਂ ਦੇ ਹਮਲਾ ਕਰਨਾ "ਸਿਆਣਪ" ਨਹੀ ਸੀ। ਸੰਸਾਰ ਦੇ ਲੋਕ ਇਸ "ਪਾਗਲਪੰਤੀ" ਤੇ ਹਸੱਣਗੇ। ਲੇਕਿਨ ਇਸਨੇ ਸਫਲਤਾ ਦਿੱਤੀ!

ਦਰਅਸਲ ਵਿਸ਼ਵਾਸ ਸਭ ਤੋ ਜਿਆਦਾ ਦਲੀਲਪੂਰਨ ਹੈ। ਇਸ ਤੋ ਵੱਧ ਦਲੀਲਪੂਰਨ ਕੀ ਹੋ ਸਕਦਾ ਹੈ ਕਿ ਇਕ ਪ੍ਰਾਣੀ ਆਪਣੇ ਸਿਰਜਣਹਾਰ ਤੇ ਭਰੋਸਾ ਕਰੇ? ਜੋ ਕਦੇ ਝੂਠ ਨਹੀ ਬੋਲ ਸਕਦਾ, ਨਾਂ ਅਸਫਲ ਹੋ ਸਕਦਾ ਨਾ ਗਲਤੀ ਕਰ ਸਕਦਾ, ਕੀ ਉਸਤੇ ਵਿਸ਼ਵਾਸ ਕਰਨਾ ਪਾਗਲਪਨ ਹੈ? ਪ੍ਰਮੇਸ਼ੁਰ ਤੇ ਭਰੋਸਾ ਕਰਨਾ ਸਭ ਤੋਂ ਜਿਆਦਾ ਸਿਆਣੀ, ਸੂਝਵਾਨ, ਮੁਨਾਸਬ ਗੱਲ ਹੈ ਜੋ ਇਕ ਮੁਨੱਖ ਕਰ ਸਕਦਾ ਹੈ,

ਇਹ ਹਨੇਰੇ ਵਿਚ ਛਲਾਂਗ ਮਾਰਨਾ ਨਹੀ ਹੈ। ਵਿਸ਼ਵਾਸ ਨਿਸ਼ਚਿਤ ਸਬੂਤ ਮੰਗਦਾ ਹੈ ਅਤੇ ਉਸਨੂੰ ਪ੍ਰਮੇਸ਼ੁਰ ਦੇ ਅਟੱਲ ਵਚਨ ਵਿਚੋ ਢੂੰਡਦਾ ਹੈ। ਕਿਸੇ ਨੇ ਕਦੀ ਉਸਤੇ ਵਿਅਰਥ ਭਰੋਸਾ ਨਹੀ ਕੀਤਾ; ਕੋਈ ਕਰੇਗਾ ਵੀ ਨਹੀਂ। ਪ੍ਰਮੇਸ਼ੁਰ ਤੇ ਈਮਾਨ ਰਖੱਣ ਵਿਚ ਕੋਈ ਜੋਖਿਮ ਨਹੀ ਹੈ।

ਵਿਸ਼ਵਾਸ ਸਖਮੁੱਚ ਪ੍ਰਮੇਸ਼ੁਰ ਨੂੰ ਵਡਿਆਉਦਾ ਹੈ; ਇਹ ਉਸਨੂੰ ਉਚਿੱਤ ਸਥਾਨ ਦਿੰਦਾ ਹੈ ਕਿ ਉਹ ਸਮੁੱਚਾ ਭਰੋਸੇਮੰਦ ਹੈ। ਦੂਸਰੇ ਪਾਸੇ, ਅਵਿਸ਼ਵਾਸ ਪ੍ਰਮੇਸ਼ੁਰ ਦੀ ਬੇਇਜ਼ੱਤੀ ਕਰਦਾ ਹੈ; ਇਹ ਉਸਤੇ ਝੂਠ ਦਾ ਇਲਾਜ਼ਾਮ ਲਗਾਉਂਦਾ ਹੈ (1 ਯਹੂੰਨਾ 5:10) ਇਹ ਇਸਰਾਏਲ ਦੇ ਪਵਿੱਤਰ ਪੁਰਖ ਨੂੰ ਸੀਮਤ ਕਰਦਾ ਹੈ (ਜ਼ਬੂਰ 78:41) ਵਿਸ਼ਵਾਸ ਇਨਸਾਨ ਨੂੰ ਵੀ ਉਸਦੀ ਸਹੀ ਜਗ੍ਹਾ ਦਿੰਦਾ ਹੈ--- ਇਕ ਹਲੀਮ ਆਵੇਦਕ ਦੀ ਤਰ੍ਹਾ, ਸਭ ਕੁੱਝ ਦੇ ਸਰਤਾਜ ਪ੍ਰੱਭ ਦੇ ਸਾਹਮਣੇ ਜਮੀਨ ਵੱਲ ਆਪਣਾ ਸਿਰ ਝੁਕਾਏ ਹੋਏ।

ਵਿਸ਼ਵਾਸ ਦ੍ਰਿਸ਼ਟੀ ਦੇ ਵਿਰੋਧ ਵਿਚ ਹੈ। ਪੌਲੂਸ ਸਾਨੂੰ ਯਾਦ ਕਰਾਉਂਦਾ ਹੈ ਕਿ "ਅਸੀਂ ਨਿਹਚਾ ਨਾਲ ਚੱਲਦੇ ਹਾਂ, ਨਾ ਵੇਖਣ ਨਾਲ" (2 ਕੁਰਿੰਥ 5:7)। ਵੇਖਣ ਦੁਆਰਾ ਚਲੱਣ ਦਾ ਮਤਲਬ ਹੈ ਪਰਤੱਖ ਸਾਧਨਾਂ ਦਾ ਸਹਾਰਾ ਲੈਣਾ, ਭਵਿੱਖ ਲਈ ਕਾਫੀ ਇੱਕਠਾ ਕਰਕੇ ਰਖੱਣਾ, ਅਣਡਿੱਠ

ਜੋਖਿਮਾਂ ਵਿਰੁੱਧ ਬੀਮਾਂ ਕਰਾਉਣ ਲਈ ਮੁਨੱਖੀ ਚਤੁਰਾਈ ਵਰਤਨਾ। ਨਿਹਚਾਹ ਦੀ ਚਾਲ ਇਸਦੇ ਬਿਲਕੁੱਲ ਉਲੱਟ ਹੈ; ਇਹ ਹਰ ਘੜੀ ਸਿਰਫ ਪ੍ਰਮੇਸ਼ੁਰ ਤੇ ਹੀ ਭਰੋਸਾ ਰੱਖਣਾ ਹੈ। ਇਹ ਲਗਾਤਾਰ ਸਿਰਫ਼ ਪ੍ਰਮੇਸ਼ਰ ਉੱਤੇ ਨਿਰਭਰ ਹੋਣਾ ਹੈ। ਸਰੀਰ ਅਣਡਿੱਠ ਪ੍ਰਮੇਸ਼ੁਰ ਤੇ ਸੰਪੂਰਨ ਨਿਰਭਰ ਹੋਣ ਤੋਂ ਜੀ ਚਰਾਉਂਦਾ ਹੈ। ਇਹ ਹੋਣ ਵਾਲੇ ਘਾਟਿਆਂ ਵਿਰੁੱਧ ਪ੍ਰਬੰਧ ਕਰਨ ਲਈ ਭਾਲਦਾ ਹੈ। ਜੇ ਇਹ ਦੇਖ ਨਹੀ ਸਕਦਾ ਕਿ ਕਿਥੇ ਜਾ ਰਿਹਾ ਹੈ, ਤਾਂ ਪੂਰਾ ਬੌਂਦਲ ਕੇ ਡਿੱਗ ਜਾਂਦਾ ਹੈ। ਪਰ ਨਿਹਚਾਹ ਪ੍ਰਮੇਸ਼ੁਰ ਦੇ ਵਚਨ ਦੀ ਆਗਿਆ ਵਿਚ ਅੱਗੇ ਕਦਮ ਚੁੱਕਦੀ ਹੈ, ਸਥਿਤੀਆ ਤੋਂ ਉੱਪਰ ਉਠਦੀ ਹੈ ਅਤੇ ਸਭ ਜ਼ਰੂਰਤਾਂ ਦਾ ਪ੍ਰਬੰਧ ਕਰਨ ਲਈ ਪ੍ਰਮੇਸ਼ੁਰ ਤੇ ਭਰੋਸਾ ਰੱਖਦੀ ਹੈ।

ਕੋਈ ਵੀ ਚੇਲਾ ਜੋ ਵਿਸ਼ਵਾਸ ਦੁਆਰਾ ਚਲੱਣ ਦਾ ਇਰਾਦਾ ਕਰਦਾ ਹੈ ਇਸ ਗੱਲ ਲਈ ਨਿਸ਼ਚਿਤ ਹੋ ਜਾਵੇ ਕਿ ਉਸਦਾ ਵਿਸ਼ਵਾਸ ਅਜਮਾਇਆ ਜਾਵੇਗਾ। ਹੁਣ ਜਾਂ ਬਾਅਦ ਵਿਚ, ਉਸਦੇ ਮਨੁੱਖੀ ਵਸੀਲਿਆਂ ਦਾ ਅੰਤ ਹੋਵੇਗਾ। ਆਪਣੀ ਹੱਦ ਵਿਚ ਉਹ ਆਪਣੇ ਚੇਲਿਆਂ ਨੂੰ ਅਪੀਲ ਕਰਨ ਵਿਚ ਅਜਮਾਇਆ ਜਾਵੇਗਾ। ਅਗਰ ਉਹ ਸਚਮੁੱਚ ਪ੍ਰੱਭੂ ਤੇ ਭਰੋਸਾ ਰੱਖਦਾ ਹੈ, ਉਹ ਸਿਰਫ ਪ੍ਰਮੇਸ਼ੁਰ ਵੱਲ ਹੀ ਤੱਕੇਗਾ।

"ਦੂਸਰੇ ਇਨਸਾਨ ਨੂੰ ਆਪਣੀਆਂ ਜ਼ਰੂਰਤਾਂ ਸਿਧੇ ਜਾਂ ਅਸਿੱਧੇ ਢੰਗ ਨਾਲ ਦਸੱਣਾ, ਵਿਸ਼ਵਾਸ ਦੇ ਜੀਵਣ ਤੋਂ ਕੂਚ ਕਰਨਾ ਹੈ ਅਤੇ ਪ੍ਰਮੇਸ਼ੁਰ ਦਾ ਅਪਮਾਨ ਹੈ। ਦਰਅਸਲ ਇਹ ਉਸਦਾ ਵਿਸ਼ਵਾਸਘਾਤ ਕਰਨਾ ਹੈ। ਇਹ, ਇਹ ਕਹਿਣ ਦੇ ਬਰਾਬਰ ਹੈ ਕਿ ਪ੍ਰਮੇਸ਼ੁਰ ਮੇਰੇ ਲਈ ਹਾਰ ਗਿਆ ਹੈ ਅਤੇ ਹੁਣ ਮੈਂ ਸਹਾਇਤਾ ਲਈ ਆਪਣੇ ਕਿਸੇ ਸਾਥੀ ਵੱਲ ਵੇਖਾਂ। ਇਹ ਜਿੰਦਾ ਚਸ਼ਮੇ ਨੂੰ ਛੱਡਣਾ ਅਤੇ ਟੁੱਟੇ ਹੋਏ ਕੁੰਡ ਵੱਲ ਮੁੜਨਾ ਹੈ। ਇਹ ਆਪਣੇ ਅਤੇ ਪ੍ਰਮੇਸ਼ੁਰ ਦੇ

ਵਿਚਕਾਰ ਕਿਸੇ ਰਚਨਾ ਨੂੰ ਰਖੱਣਾ ਹੈ, ਇਸ ਪ੍ਰਕਾਰ ਮੈਂ ਆਪਣੀ ਜਾਨ ਨੂੰ ਮਹਾਨ ਬਰਕਤਾਂ ਅਤੇ ਪ੍ਰਮੇਸ਼ੁਰ ਨੂੰ ਯੋਗ ਮਹਿਮਾ ਪਾਉਣ ਤੋਂ ਵਾਂਝੇ ਰੱਖਦਾ ਹਾਂ।"

— ਸੀ.ਐਚ.ਮੈਕਿਨਤੋਸ਼

ਇਕ ਚੇਲੇ ਦਾ ਆਮ ਸੁਭਾਅ ਵਿਸ਼ਵਾਸ ਵਿਚ ਉਨੱਤੀ ਪਾਉਣ ਦੀ ਇੱਛਾ ਹੁੰਦਾ ਹੈ (ਲੂਕਾ 17:5)। ਉਹ ਪਹਿਲਾਂ ਤੋਂ ਹੀ ਮੁਕਤੀ ਲਈ ਮਸੀਹ ਤੇ ਭਰੋਸਾ ਕਰ ਚੁੱਕਾ ਹੈ। ਹੁਣ ਉਹ ਆਪਣੇ ਜੀਵਣ ਦੇ ਖੇਤਰ ਵਦਾਉਂਦਾ ਹੈ। ਜਦ ਉਹ ਬਿਮਾਰੀ, ਪ੍ਰੀਖਿਆਵਾਂ, ਦੁਰਘਟਨਾਵਾਂ, ਅਤੇ ਮਾਤਮ ਦਾ ਸਾਹਮਣਾ ਕਰਦਾ ਹੈ, ਉਹ ਪ੍ਰਮੇਸ਼ੁਰ ਨੂੰ ਨਵੇਂ ਅਤੇ ਹੋਰ ਨਜ਼ਦੀਕੀ ਨਾਲ ਜਾਣ ਜਾਂਦਾ ਹੈ, ਅਤੇ ਉਸਦਾ ਵਿਸ਼ਵਾਸ ਬੱਲ ਪਾਉਂਦਾ ਹੈ।

ਉਹ ਵਾਅਦੇ ਦੇ ਸੱਚ ਨੂੰ ਸਾਬਤ ਕਰਦਾ ਹੈ,"ਫਿਰ ਅਸੀ ਜਾਣਾਗੇ, ਜੇ ਅਸੀ ਯਹੋਵਾਹ ਨੂੰ ਜਾਣਨ ਲਈ ਪਿਛੇ ਲੱਗੇ ਹਾਂ (ਹੋਸ਼ੇਆ 6:3)। ਜਿੰਨਾ ਜਿਆਦਾ ਉਹ ਪ੍ਰਮੇਸ਼ੁਰ ਨੂੰ ਵਿਸ਼ਵਾਸਯੋਗ ਪਾਉਂਦਾ ਹੈ, ਉਨੰਾ ਜਿਆਦਾ ਉਹ ਮਹਾਨ ਵਸਤੂਆਂ ਲਈ ਉਸ ਉਤੇ ਭਰੋਸਾ ਰਖੱਣ ਲਈ ਚਿੰਤਿਤ ਹੁੰਦਾ ਹੈ।

ਜਿਵੇਂ ਵਿਸ਼ਵਾਸ ਸੁਣਨ ਨਾਲ ਅਤੇ ਸੁਣਨਾ ਪ੍ਰਮੇਸ਼ਵਰ ਦੇ ਵਚਨ ਦੁਆਰਾ ਹੁੰਦਾ ਹੈ, ਇਸ ਲਈ ਚੇਲੇ ਪ੍ਰਮੇਸ਼ੁਰ ਦੇ ਵਚਨ ਪੂਰਨ ਰੂਪ 'ਚ ਆਪਣਾਉਣ ਦੀ ਚਾਹ ਰੱਖਣ-- ਉਨ੍ਹਾਂ ਨੂੰ ਪੜਨ , ਅਧਿਐਨ ਕਰਨ, ਜ਼ੁਬਾਨੀ ਯਾਦ ਕਰਨ ਦੀ, ਦਿਨ ਰਾਤ ਉਨ੍ਹਾਂ ਉੱਤੇ ਚਿੰਤਨ ਕਰਨ ਦੀ ਚਾਹਤ ਹੋਣੀ ਚਾਹੀਦੀ ਹੈ। ਇਹ ਉਸਦਾ ਨਕਸ਼ਾ ਅਤੇ ਦਿਸ਼ਾਸੂਚਕ, ਉਸਦੀ ਗਾਈਡ, ਤਸੱਲੀ, ਉਸ ਦਾ ਦੀਪਕ ਅਤੇ ਰੋਸ਼ਨੀ ਹੈ।

ਨਿਹਚਾਹ ਦੇ ਜੀਵਣ ਵਿਚ ਹਮੇਸ਼ਾ ਅੱਗੇ ਵੱਧਣ ਦੀ ਜਗ੍ਹਾ ਹੁੰਦੀ ਹੈ।

ਜਦ ਅਸੀਂ ਵਿਸ਼ਵਾਸ ਦੁਆਰਾ ਜੋ ਕੁੱਝ ਪੂਰਾ ਹੋਇਆ ਹੈ ਉਸ ਬਾਰੇ ਪੜ੍ਹਦੇ ਹਾਂ, ਅਸੀਂ ਜਾਣ ਜਾਂਦੇ ਹਾਂ ਕਿ ਅਸੀਂ ਅਸੀਮਤ ਸਾਗਰ ਦੇ ਕਿਨਾਰੇ ਖੇਡ ਰਹੇ ਛੋਟੇ ਬੱਚਿਆਂ ਸਮਾਨ ਹਾਂ। ਨਿਹਚਾਹ ਦੇ ਯੋਧਿਆ ਦੀ ਸੂਚੀ ਇਬਰਾਨੀਆਂ 11ਵੇਂ ਅਧਿਆਇ ਵਿਚ ਦਿੱਤੀ ਗਈ ਹੈ । ਪਦ 32-40 ਵਿਚ ਵਿਸਵਾਸ਼ ਦੇ ਉੱਚੇ ਪੱਧਰ ਦਾ ਇਕ ਸ਼ਾਨਦਾਰ ਵਰਣਨ ਹੈ:

> ਹੁਣ ਮੈਂ ਹੋਰਕੀ ਆਖਾਂ? ਕਿਉਂ ਜੋ ਵਿਹਲ
> ਨਹੀਂ ਭਈ ਗਿਦਾਊਨ, ਬਾਰਨ, ਸਮਸੂਨ, ਯਿਫਤਾ,
> ਦਾਊਦ, ਸਮੂਏਲ ਅਤੇ ਨਬੀਆਂ ਦੀ ਵਾਰਤਾਂ ਕਰਾਂ।
> ਜਿਨ੍ਹਾਂ ਨੇ ਨਿਹਚਾ ਦੇ ਰਾਹੀਂ ਪਾਤਸ਼ਾਹੀਆਂ ਨੂੰ
> ਫਤਹ ਕੀਤਾ, ਧਰਮ ਦੇ ਕੰਮ ਕੀਤੇ, ਵਾਇਦਾ
> ਪਰਾਪਤ ਕੀਤਾ ਬਬੱਰ ਸ਼ੇਰਾਂ ਦੇ ਮੂੰਹ ਬੰਦ ਕੀਤੇ,
> ਅੱਗ ਦੇ ਤਾਉ ਨੂੰ ਠੰਡਿਆ ਕੀਤਾ, ਤਲਵਾਰ ਦੀਆਂ
> ਧਾਰਾਂ ਤੋ ਬਚ ਨਿਕਲੇ, ਉਹ ਨਿਰਬਲਤਾਈ ਵਿਚ
> ਬਲੀ ਹੋਏ, ਜੁੱਧ ਵਿਚੋਂ ਸੂਰਮੇ ਬਣੇ, ਉਪਰਿਆਂ
> ਦੀਆਂ ਫੌਜਾਂ ਨੂੰ ਭਜਾ ਦਿੱਤਾ। ਤੀਵੀਆਂ ਨੇ
> ਆਪਣੀਆਂ ਮੁਰਦਿਆਂ ਨੂੰ ਫੇਰ ਜੀ ਉੱਠੀਆਂ
> ਹੋਇਆ ਨੂੰ ਲੱਭਿਆ ਕਈਕੁ ਡਾਂਗਾਂ ਨਾਲ ਜਾਨੋ
> ਮਾਰੇ ਗਏ ਅਤੇ ਛੁਟਕਾਰਾ ਨਾ ਮੰਨਿਆ ਤਾਂ ਜੋ
> ਹੋਰ ਵੀ ਉੱਤਮ ਕਿਆਮਤ ਨੂੰ ਪਰਾਪਤ ਕਰਨ
> ਅਤੇ ਕਈਕੁ ਠੱਠਿਆਂ ਵਿਚ ਉਡਾਏ ਜਾਣ ਅਤੇ
> ਕੌਹੜੇ ਖਾਣ ਸਗੋਂ ਜਕੜੇ ਜਾਣ ਅਤੇ ਕੈਦ ਹੋਣ
> ਨਾਲ ਪਰਤਾਏ ਗਏ ਉਹ ਪਥਰਾਉ ਕੀਤੇ ਗਏ,

ਆਰਿਆਂ ਨਾਲ ਚੀਰੇ ਗਏ, ਪਰਤਾਏ ਗਏ, ਤਲਵਾਰਾਂ
ਨਾਲ ਵੱਢੇ ਗਏ, ਕੰਗਾਲ ਅਤੇ ਦੁਖੀ ਹੋਏ
ਅਤੇ ਜਬਰੀ ਝੱਲਦੇ ਹੋਏ ਭੇਡਾਂ ਅਤੇ ਬਕਰਿਆਂ
ਦੀਆਂ ਖਲੜੀਆ ਪਹਿਨੇ ਮਾਰੇ ਮਾਰੇ ਫਿਰਦੇ ਰਹੇ,
ਸੰਸਾਰ ਉਹਨਾਂ ਜੋਗ ਨਹੀ ਸੀ-ਉਹ ਉਜਾੜਾਂ
ਅਤੇ ਪਹਾੜਾਂ ਅਤੇ ਗੁਫਾ ਅਤੇ ਧਰਤੀ ਦੀਆ
ਖੁੰਦਰਾਂ ਵਿਚ ਲੁਕਦੇ ਪਏ ਫਿਰੇ ਅਤੇ ਏਹ ਸੱਭੇ
ਭਾਵੇਂ ਉਹਨਾਂ ਲਈ ਉਹਨਾਂ ਦੀ ਨਿਹਚਾ ਦੇ ਕਾਰਨ
ਸਾਖੀ ਦਿੱਤੀ ਗਈ ਤਾਂ ਵੀ ਵਾਇਦੇ ਨੂੰ ਪਰਾਪਤ
ਨਾ ਹੋਵੇ ਕਿਉ ਜੋ ਸਾਡੇ ਲਈ ਪਰਮੇਸ਼ੁਰ ਨੇ
ਹੋਰ ਵੀ ਇਕ ਚੰਗੀ ਗੱਲ ਪਹਿਲਾਂ ਸੋਚ ਰੱਖੀ
ਸੀ ਭਈ ਉਹ ਸਾਥੋ ਬਿਨਾਂ ਕਾਮਿਲ ਨਾ ਹੋਣ।

ਇਕ ਆਖਰੀ ਗੱਲ! ਅਸੀ ਪਹਿਲ਼ੇ ਹੀ ਉਲੇਖ ਕਰ ਚੁੱਕੇ ਹਾਂ ਕਿ ਜੋ ਚੇਲਾ ਨਿਸ਼ਚਾ ਦੁਆਰਾ ਚਲਦਾ ਹੈ ਨਿਸੰਦੇਹ ਸੰਸਾਰ ਦੇ ਮੁਨੱਖਾ ਦੁਆਰਾ ਵੀ ਇਕ ਖਿਆਲੀ ਪਲਾਉ ਪਕਾਉਣ ਵਾਲਾ ਜਾਂ ਕਟੜਪੰਥੀ ਮੰਨਿਆ ਜਾਂਦਾ ਹੈ। ਪ੍ਰੰਤੂ ਇਹ ਯਾਦ ਰੱਖਣਾ ਹੈ ਕਿ "ਜੋ ਵਿਸ਼ਵਾਸ ਇਸ ਨੂੰ 'ਪ੍ਰਮੇਸ਼ੁਰ ਦੇ ਨਾਲ' ਚਲਣ ਯੋਗ ਬਣਾਉਦਾ ਹੈ ਉਹ ਹੀ ਉਸਨੂੰ ਮਨੁੱਖਾਂ ਦੇ ਵਿਚਾਰਾਂ ਨਾਲ ਸਹੀ ਮਹੱਤਵ ਜੋੜਨਯੋਗ ਵੀ ਬਣਾਉਦਾ ਹੈ" ---ਸੀ.ਐਚ.ਮੈਰਕਿਨਤੋਸ਼

# ਪ੍ਰਾਰਥਨਾ

ਹੁਣ ਤੱਕ ਪ੍ਰਾਰਥਨਾ ਦੇ ਵਿਸ਼ੇ ਤੇ ਜੋ ਤੱਸਲੀ ਬਖਸ਼ ਪੁਸਤਕ ਲਿਖੀ ਗਈ ਹੈ ਉਹ ਕੇਵਲ ਬਾਈਬਲ ਹੀ ਹੈ। ਬਾਕੀ ਸਭ ਸਾਹਿਤ ਸਾਨੂੰ ਇਸ ਅਹਿਸਾਸ ਕਰਾਉਂਦੇ ਹਨ ਕਿ ਬਹੁਤ ਸਾਰੀਆਂ ਡੂੰਘਾਇਆ ਹਨ ਜਿਥੋਂ ਤਕ ਅਜੇ ਪਹੁੰਚਿਆ ਨਹੀਂ ਗਿਆ ਅਤੇ ਉਚਾਇਆ ਹਨ ਜੋ ਅਜੇ ਤੀਕ ਮਾਪੀਆ ਨਹੀ ਗਈਆਂ। ਇਸ ਪੁਸਤਕ ਵਿਚ ਅਸੀ ਦੂਸਰਿਆਂ ਲੋਕਾਂ ਦੀਆਂ ਕੋਸ਼ਿਸ਼ਾਂ ਦਾ ਸੁਧਾਰ ਕਰਨ ਦਾ ਯਤਨ ਨਹੀ ਕਰ ਸਕਦੇ। ਅਸੀ ਸਿਰਫ਼ ਪ੍ਰਾਥਨਾ ਦੇ ਕੁਝ ਸਿਧਾਂਤਾ ਦਾ ਸੰਖੇਪ ਕਰ ਸਕਦੇ ਹਾਂ, ਖਾਸ ਕਰਕੇ ਜਿਹੜੇ ਮਸੀਹੀ ਸ਼ਾਗਿਰਦੀ ਨਾਲ ਸਬੰਧ ਰੱਖਦੇ ਹਨ।

1. ਸਰਬਉੱਤਮ ਪ੍ਰਾਥਨਾ ਇਕ ਅੱਤ ਅੰਦਰੂਨੀ ਜ਼ਰੂਰਤ ਤੋ ਨਿਕਲਦੀ ਹੈ। ਅਸੀਂ ਇਸਨੂੰ ਪੂਰੀ ਤਰ੍ਹਾਂ ਸੱਚ ਸਾਬਤ ਕਰ ਚੁੱਕੇ ਹਾਂ। ਜਦ ਸਾਡੇ ਜੀਵਨ

ਸ਼ਾਤ ਅਤੇ ਨਿਰਮਲ ਹੁੰਦੇ ਹਨ, ਸਾਡੀਆਂ ਪ੍ਰਾਥਨਾਵਾਂ ਨਿਰਸ ਅਤੇ ਉਦਾਸੀਨ ਹੋਣ ਲੱਗ ਜਾਂਦੀਆਂ ਹਨ। ਜਦ ਸਾਡੇ ਉੱਤੇ ਕੋਈ ਸ਼ੰਕਟ, ਕੋਈ ਖਤਰੇ ਦੀ ਘੜੀ,ਕੋਈ ਗੰਭੀਰ ਬੀਮਾਰੀ,ਜਾਂ ਕੋਈ ਭਾਰੀ ਸੋਗ ਆ ਪੈਦਾ ਹੈ., ਸਾਡੀਆਂ ਪ੍ਰਾਥਨਾਵਾਂ ਪ੍ਰਭਾਵਸ਼ਾਲੀ ਅਤੇ ਜੋਸ਼ੀਲੀਆ ਹੋ ਜਾਂਦੀਆਂ ਹਨ। ਕਿਸੇ ਨੇ ਆਖਿਆ ਹੈ ਕਿ "ਜਿਸ ਤੀਰ ਨੂੰ ਅਸੀਂ ਸਵਰਗ ਪਹੁੰਚਾਉਣਾ ਚਾਹੁੰਦੇ ਹਾਂ ਉਸਨੂੰ ਪੂਰੇ ਮੁੜੇ ਹੋਏ ਕਮਾਨ ਵਿਚੋਂ ਨਿਕਲਣਾ ਚਾਹੀਦਾ ਹੈ" ਸ਼ਰਵਸ੍ਰੇਸ਼ਟ ਪ੍ਰਾਰਥਨਾ ਦਾ ਜਨਮ ਲੋੜ ਅਤੇ ਲਾਚਾਰੀ ਦੇ ਬੋਧ ਤੋਂ ਹੁੰਦਾ ਹੈ ।

ਬਦਕਿਸਮਤੀ ਨਾਲ ਅਸੀਂ ਆਪਣਾ ਬਹੁਤ ਸਾਰਾ ਜੀਵਣ ਲੋੜਾਂ ਤੋਂ ਲੁਕਣ ਵਿਚ ਲਗਾ ਦਿੰਦਾ ਹਾਂ। ਅਸੀ ਚਤੁਰ ਵਪਾਰਕੀ ਚਾਲਾਂ ਚੱਲਕੇ ਅਚਾਨਕ ਪੈਣ ਵਾਲੇ ਖਰਚ ਲਈ ਕਾਫੀ ਬਚਾ ਕੇ ਰੱਖ ਲੈਂਦੇ ਹਾਂ।

ਸਰਾਸੰਰ ਮਨੁੱਖੀ ਚਤੁਰਾਈ ਦੁਆਰਾ ਅਸੀ ਉਸ ਸਥਿਤੀ ਤੇ ਪਹੁੰਚ ਜਾਂਦੇ ਹਾਂ ਜਿੱਥੇ ਕਿਸੇ ਕਿਸਮ ਦੀ ਕਮੀ ਨਹੀਂ। ਫਿਰ ਅਸੀ ਅਚੰਭਾ ਕਰਦੇ ਹਾਂ ਕਿਉਂ ਸਾਡਾ ਪ੍ਰਾਥਨਾ ਵਾਲਾ ਜੀਵਣ ਖੋਖਲਾ ਅਤੇ ਨਿਰਜੀਵ ਹੈ ਅਤੇ ਸਾਡੀ ਪ੍ਰਾਰਥਨਾ ਦੁਆਰਾ ਸਵਰਗ ਤੋਂ ਅੱਗ ਕਿਉਂ ਨਹੀਂ ਬਰਸਦੀ। ਜੇ ਅਸੀਂ ਸਚਮੁੱਚ ਵੇਖਣ ਦੀ ਬਜਾਏ ਨਿਹਚਾਹ ਦੁਆਰਾ ਚਲਦੇ ਤਾਂ ਸਾਡਾ ਪ੍ਰਾਰਥਨਾ ਵਾਲਾ ਜੀਵਣ ਕ੍ਰਾਂਤੀਕਾਰੀ ਹੁੰਦਾ।

2. ਸਫ਼ਲਤਾਪੂਰਵਕ ਪ੍ਰਾਥਨਾ ਦੀ ਇਕ ਸ਼ਰਤ ਇਹ ਹੈ ਕਿ ਅਸੀਂ "ਸੱਚੇ ਦਿਲ ਨਾਲ ਨੇੜੇ ਜਾਈਏ" (ਇਬ. 10:22) ਇਸਦਾ ਮਤਲਬ ਇਹ ਹੈ ਅਸੀਂ ਪ੍ਰਮੇਸ਼ੁਰ ਅੱਗੇ ਇਮਾਨਦਾਰ ਅਤੇ ਖ਼ਰੇ ਹੋਈਏ। ਕੋਈ ਵੀ ਪਖੰਡੀਪਨ ਨਹੀ ਹੋਣਾ ਚਾਹੀਦਾ। ਅਗਰ ਅਸੀਂ ਇਸ ਸ਼ਰਤ ਨੂੰ ਪੂਰਾ ਕਰੀਏ, ਤਾਂ ਅਸੀਂ ਪ੍ਰਮੇਸ਼ੁਰ ਨੂੰ ਉਸ ਕੰਮ ਲਈ ਕਦੀ ਵੀ ਨਹੀਂ ਆਖੋਗੇ ਜਿਸਨੂੰ ਕਰਨ ਦੀ ਸ਼ਕਤੀ

ਸਾਡੇ ਕੋਲ ਹੈ। ਉਦਾਹਰਨ ਵਜੋ, ਕਦੇ ਵੀ ਕੋਈ ਮਸੀਹੀ ਪਰਾਜੋਕਟ ਲਈ ਧੰਨ ਇਕੱਠਾ ਕਰਨ ਲਈ ਨਹੀ ਆਖਾਂਗੇ ਜਦ ਉਸ ਕੰਮ ਵਿਚ ਵਰਤਣ ਵਾਸਤੇ ਸਾਡੇ ਕੋਲ ਕਾਫੀ ਫੰਡ ਹੈ। ਪ੍ਰਮੇਸ਼ੁਰ ਦਾ ਮਖੌਲ ਨਹੀ ਉਡਾਇਆ ਜਾਂਦਾ। ਉਹ ਪ੍ਰਾਰਥਨਾਵਾਂ ਦਾ ਉੱਤਰ ਨਹੀਂ ਦਿੰਦਾ ਜੇ ਉਸਨੇ ਪਹਿਲਾਂ ਤੋਂ ਹੀ ਉਤੱਰ ਦੇ ਦਿੱਤਾ ਹੋਵੇ ਅਤੇ ਅਸੀ ਉਸਨੂੰ ਇਸਤੇਮਾਲ ਨਹੀਂ ਕਰਨਾ ਚਾਹੁੰਦੇ। ਇਸਦੇ ਸੰਬੰਧ ਵਿਚ ਹੀ, ਸਾਨੂੰ ਪ੍ਰੱਭੂ ਤੋ ਪ੍ਰਾਥਨਾ ਨਹੀਂ ਮੰਗਣੀ ਚਾਹੀਦੀ ਕਿ ਉਹ ਦੂਸਰਿਆਂ ਨੂੰ ਉਸਦੀ ਸੇਵਾ ਲਈ ਭੇਜੇ ਜਦ ਅਸੀ ਖੁਦ ਨਹੀ ਜਾਣਾ ਚਾਹੁੰਦੇ। ਹਜ਼ਾਰਾ ਹੀ ਪ੍ਰਾਥਨਾਵਾਂ ਮੁਸਲਿਮ,ਹਿੰਦੂ ਅਤੇ ਬੁੱਧ ਧਰਮੀਆਂ ਵਾਸਤੇ ਕ਼ੀਤੀਆਂ ਜਾਂਦੀਆਂ ਹਨ। ਪ੍ਰੰਭੂ ਜੇਕਰ ਜਿੰਨਿਆਂ ਨੇ ਪ੍ਰਾਥਨਾਵਾਂ ਕੀਤੀਆਂ ਉਹ ਸਭ ਪ੍ਰੱਭੂ ਦੁਆਰਾ ਉਨ੍ਹਾਂ ਤੱਕ ਪਹੁੰਚਣ ਲਈ ਇਸਤੇਮਾਲ ਕੀਤੇ ਜਾਣ ਲਈ ਤਿਆਰ ਹੋ ਜਾਂਦੇ, ਤਾਂ ਫਿਰ ਸ਼ਾਇਦ ਮਸੀਹੀ ਮਿਸ਼ਨਾਂ ਦਾ ਇਤਿਹਾਸ ਕੁੱਝ ਜ਼ਿਆਦਾ ਹੀ ਉਤਸ਼ਾਹਪੂਰਨ ਹੁੰਦਾ।

3. ਪ੍ਰਾਰਥਨਾ ਸਾਦਗੀ ਵਿੱਚ ਕੀਤੀ ਜਾਵੇ । ਇਹ ਵਿਸ਼ਵਾਸ ਅਤੇ ਨਿਹਸੰਦੇਹ ਹੋਣੀ ਚਾਹੀਦੀ ਹੈ। ਇਹ ਸੰਭਵ ਹੈ ਕਿ ਇਹ ਪ੍ਰਾਥਨਾ ਸਬੰਧਿਤ ਧਰਮ ਵਿਗਿਆਨਕ ਤਰੁਟੀਆਂ ਨਾਲ ਭਰੀ ਹੋਵੇ। ਲੇਕਿਨ ਪ੍ਰਾਥਨਾ ਸਬੰਧੀ ਭੇਦਾ ਦਾ ਹੱਲ਼ ਕੱਢਣ ਦੀ ਬਜਾਏ ਪ੍ਰਾਥਨਾ ਕਰਨਾ ਬੇਹਤਰ ਹੈ। ਦੈਵੀ ਵਿਗਿਆਨ ਦੇ ਮਾਹਿਰਾਂ ਨੂੰ ਪ੍ਰਾਰਥਨਾ ਸਬੰਧੀ ਪ੍ਰਣਾਲੀਆਂ ਨੂੰ ਬਣਾਉਣ ਦਿਓ। ਪ੍ਰੰਤੂ ਆਮ ਵਿਸ਼ਵਾਸੀ ਨੂੰ ਬੱਚੇ ਵਰਗੇ ਵਿਸ਼ਵਾਸ ਨਾਲ ਸੱਵਰਗੀ ਫਾਟਕਾਂ ਵਿਚ ਤੂਫਾਨ ਲਿਆਉਣਾ ਚਾਹੀਦਾ ਹੈ । ਇਹ ਅਗਸਟਿਨ ਸੀ ਜਿਸ ਆਖਿਆ, "ਅਨਾੜੀ ਜ਼ਬਰਦਸਤੀ ਸਵਰਗ ਲੈਂ ਲੈਂਦਾ ਹੈ, ਅਤੇ ਅਸੀ ਪੂਰੀ ਸਿੱਖਿਆ ਨਾਲ ਮਾਸ ਅਤੇ ਲਹੂ ਤੋਂ ਉਪੱਰ ਨਹੀ ਉੱਠ ਪਾਉਂਦੇ ।"

ਮੈਨੂੰ ਪਤਾ ਨਹੀ ਕਿਹੜੇ ਤਰੀਕੇ ਅਪਨਾਏ ਜਾਂਦੇ ਹਨ,
ਲੇਕਿਨ ਇਹ ਮੈ ਜਾਣਦਾ ਹਾਂ- ਪ੍ਰਮੇਸ਼ੁਰ ਪ੍ਰਾਰਥਨਾ ਦਾ ਉਤੱਰ ਦਿੰਦਾ ਹੈ,
ਮੈਨੂੰ ਪਤਾ ਨਹੀ ਉਹ ਕਦ ਵਚਨ ਨੂੰ ਭੇਜਦਾ ਹੈ
ਜਿਸਤੋਂ ਪਤਾ ਲਗੇ ਕਿ ਹੈ ਪ੍ਰਭਾਵਸ਼ਾਲੀ ਪ੍ਰਾਥਨਾ ਸੁਣ ਲਈ ਹੈ।
ਮੈਨੂੰ ਪਤਾ ਹੈ ਕਿ ਉਹ ਅਵੱਸ਼ ਸੁਣੇਗਾ,
ਇਸ ਲਈ ਮੈਨੂੰ ਪ੍ਰਾਥਨਾ ਕਰਦੇ ਰਹਿਣਾ ਹੈ ।
ਮੈਨੂੰ ਪਤਾ ਨਹੀ ਕਿ ਮੰਗੀਆਂ ਗਈਆਂ ਬਰਕਤਾਂ
ਮੇਰੀ ਸੋਚੀ ਅਨੁਸਾਰ ਆਉਣਗੀਆਂ।
ਮੈਂ ਸਿਰਫ਼ ਆਪਣੀਆਂ ਪ੍ਰਾਰਥਨਾਵਾਂ ਉਸੇ ਕੋਲ ਛੱਡ ਦਿੰਦਾ ਹੈ
ਜੋ ਮੇਰੇ ਨਾਲੋਂ ਵਧੇਰੇ ਬੁੱਧੀਮਾਨ ਹੈ--

ਲੋਲਾ ਸੀ ਹੈਨਸਨ

4. ਜੇਕਰ ਅਸੀਂ ਪ੍ਰਾਥਨਾ ਵਿਚ ਸ਼ਕਤੀ ਪਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਕੁਝ ਵੀ ਰੋਕ ਕੇ ਨਹੀ ਰੱਖਣਾ ਚਾਹੀਦਾ। ਮਸੀਹ ਦੇ ਸਪੁਰਦ ਹੋਣਾ ਚਾਹੀਦਾ। ਉਸ ਪ੍ਰਤੀ ਪੂਰਾ ਸਮਪਿਤ ਹੋ ਜਾਓ, ਮੁਕਤੀਦਾਤੇ ਦ ਪਿੱਛੇ ਚਲਣ ਲਈ ਸਭ ਕੁਝ ਤਿਆਗ ਦਵੋ। ਜੋ ਸ਼ਕਤੀ ਪ੍ਰੱਭੂ ਯਿਸੂ ਨੂੰ ਤਾਜ਼ ਪਹਿਨਾਉਦੀ ਹੈ ਉਸੇ ਸ਼ਕਤੀ ਦਾ ਸਨਮਾਨ ਕਰਨਾ ਉਹ ਪਸੰਦ ਕਰਦਾ ਹੈ।

5. ਪ੍ਰਮੇਸ਼ੁਰ ਉਸੇ ਪ੍ਰਾਥਨਾ ਨੂੰ ਵਿਸ਼ੇਸ ਸਥਾਨ ਦਿੰਦਾ ਹੈ ਜਿਸ ਲਈ ਅਸੀਂ ਕੀਮਤ ਚਕਾਉਂਦੇ ਹਾਂ। ਜੋ ਤੜਕੇ ਉਠਦੇ ਉਸ ਪ੍ਰਭੂ ਨਾਲ ਸੰਗਤੀ ਕਰਨ ਦਾ ਲੁਫਤ ਉਠਾਓਂਦੇ ਹਨ, ਜੋ ਆਪ ਤੜਕੇ ਉਠਕੇ ਆਪਣੇ ਪਿਤਾ ਕੋਲੋਂ ਪੂਰੇ ਦਿਨ ਲਈ ਹਦਾਇਤਾਂ ਪ੍ਰਾਪਤਾ ਕਰਦਾ ਹੁੰਦਾ ਸੀ। ਇਸੇ ਤਰ੍ਹਾਂ, ਜੋ ਪੂਰੀ ਰਾਤ ਦੁਆ ਵਿਚ ਬਤਾਉਣਾ ਚਾਹੁੰਦੇ ਹਨ, ਪ੍ਰਮੇਸ਼ੁਰ ਦੀ ਅਜਿਹੀ ਸਮਰੱਥ ਦਾ ਆਨੰਦ ਮਾਣਦੇ ਹਨ ਜੋ ਕਦੀ ਤਿਆਗੀ ਨਹੀ ਜਾ ਸਕਦੀ। ਪ੍ਰਾਥਨਾ ਜਿਸਦੀ ਕੋਈ ਕੀਮਤ ਨਹੀ ਕਿਸੇ ਯੋਗ ਨਹੀ; ਇਹ ਸਿਰਫ਼ ਆਮ ਇਨਸਾਨੀਅਤ ਦੀ ਦੇਣ ਹੈ।

ਨਵਾਂ ਨੇਮ ਅਕਸਰ ਪ੍ਰਾਥਨਾ ਨੂੰ ਉਪਵਾਸ ਨਾਲ ਜੋੜਦਾ ਹੈ। ਰੂਹਾਨੀ ਅਭਿਆਸ ਵਿਚ ਭੋਜਨ ਤੋਂ ਦੂਰ ਰਹਿਣਾ ਇਕ ਮੁੱਲਵਾਣ ਸਹਾਇਤਾ ਹੈ। ਮਨੁੱਖੀ ਪੱਖੋਂ ਉਪਵਾਸ ਸਪਸ਼ਟੱਤਾ, ਧਿਆਨ ਕੇਂਦਰਤਾ ਅਤੇ ਗੋਡੇ ਟੇਕਣ ਲਈ ਅਗਵਾਈ ਕਰਦਾ ਹੈ, ਰੱਬੀ ਪੱਖੋ, ਜਦ ਅਸੀਂ ਅਜਿਹਾ ਕਰਦੇ ਹਾਂ ਤਾਂ ਪ੍ਰਮੇਸ਼ੁਰ ਸਾਡੀ ਪ੍ਰਾਥਨਾ ਦਾ ਉੱਤਰ ਦੇਣਾ ਪਸੰਦ ਕਰਦਾ ਹੈ ।

6. ਸੁਆਰਥੀ ਪ੍ਰਾਥਨਾਵਾਂ ਤੋਂ ਬਚੋ। "ਤੁਸੀਂ ਮੰਗਦੇ ਹੋ ਪਰ ਲੱਭਦਾ ਨਹੀਂ ਕਿਉ ਜੋ ਬਦਨੀਤੀ ਨਾਲ ਮੰਗਦੇ ਹੋ ਭਈ ਆਪਣਿਆਂ ਭੋਗ ਬਿਲਾਸਾਂ ਵਿਚ ਉਡਾ ਦਿਓ" (ਯਾਕੂਬ 4:3) । ਸਾਡੀਆਂ ਪ੍ਰਾਥਨਾਵਾਂ ਦਾ ਪ੍ਰਥਮ ਬੋਜ ਪ੍ਰਭੂ ਦੇ ਰੁਝਾਨ ਹੋਣੇ ਚਾਹੀਦੇ ਹਨ। ਪਹਿਲਾਂ ਅਸੀਂ ਪ੍ਰਾਥਨਾ ਕਰੀਏ, " ਤੇਰਾ ਰਾਜ ਆਵੇ, ਤੇਰੀ ਮਰਜ਼ੀ ਜਿਹੀ ਸੁਰਗ ਵਿਚ ਪੂਰੀ ਹੁੰਦੀ ਹੈ ਜ਼ਮੀਨ ਉਤੇ ਵੀ ਹੋਵੇ।" ਫਿਰ ਅਸੀਂ ਜੋੜ ਸਕਦੇ ਹਾ, "ਸਾਡੀ ਰੋਜ ਦੀ ਰੋਟੀ ਅੱਜ ਸਾਨੂੰ ਦਿਹ"

7. ਸਾਨੂੰ ਪ੍ਰਮੇਸ਼ੁਰ ਦਾ ਆਦਰ ਮਹਾਨ ਬੇਨਤੀਆਂ ਨਾਲ ਕਰਨਾ ਚਾਹੀਦਾ ਹੈ ਕਿਉਂਕਿ ਉਹ ਇਕ ਮਹਾਨ ਪ੍ਰਮੇਸ਼ੁਰ ਹੈ ।"ਪ੍ਰਮੇਸ਼ੁਰ ਕੋਲੋ ਸਾਨੂੰ ਮਹਾਨ ਗੱਲਾਂ ਦੀ ਆਸ ਦਾ ਵਿਸ਼ਵਾਸ ਹੋਵੇ।"

ਰਾਜੇ ਦੇ ਕੋਲ ਆ ਤੂੰ ਹੁਣ
ਵੱਡੀਆਂ ਗੱਲਾਂ ਨੂੰ ਮੰਗ;
ਉਸਦਾ ਪ੍ਰੇਮ ਅਤੇ ਸਮਰੱਥ ਹੈ
ਤੇਰੀਆਂ ਮੰਗਾਂ ਨਾਲੋਂ ਵਿਸ਼ਾਲ ! —

ਜੌਨ ਨਿਊਟਨ

"ਕਿੰਨੀ ਵਾਰੀ ਅਸੀਂ ਪ੍ਰਭੂ ਤੋਂ ਥੋੜੇ ਦੀ ਉਮੀਦ ਕਰਕੇ ਉਸਨੂੰ ਉਦਾਸ ਕੀਤਾ ਹੋਵੇਗਾ। ਅਸੀਂ ਥੋੜੀਆਂ ਜਿੱਤਾਂ, ਗਰੀਬ ਪ੍ਰਾਪਤੀਆਂ, ਉੱਚੀਆਂ ਚੀਜਾਂ

ਵਾਸਤੇ ਸਾਡੀਆਂ ਕਮਜ਼ੋਰ ਤਾਘਾਂ ਐਨੀਆਂ ਕਮਜ਼ੋਰ ਹਨ ਕਿ ਅਸੀਂ ਆਪਣੇ ਆਲੇ -ਦੁਆਲੇ ਦੇ ਲੋਕਾ ਨੂੰ ਇਸ ਵਿਚਾਰ ਨਾਲ ਪ੍ਰਭਾਵਿਤ ਨਹੀਂ ਕਰ ਸਕੇ ਕੀ ਸਾਡਾ ਪ੍ਰਮੇਸ਼ੁਰ ਇਕ ਮਹਾਨ ਪ੍ਰਮੇਸ਼ੁਰ ਹੈ। ਅਸੀਂ ਲੋਕਾਂ ਦੀਆਂ ਨਜ਼ਰਾਂ ਸਾਹਮਣੇ ਉਸਦੀ ਮਹਿਮਾਂ ਨਹੀਂ ਕੀਤੀ ਕਿ ਉਨ੍ਹਾਂ ਦਾ ਧਿਆਨ ਪ੍ਰਮੇਸ਼ਰ ਨੂੰ ਜਾਣਨ ਲਈ ਸਾਡੇ ਵੱਲ ਆਕਰਸ਼ਤ ਹੁੰਦਾ। ਜਿਸ ਤਰ੍ਹਾਂ ਰਸੂਲਾਂ ਬਾਰੇ ਆਖਿਆ ਗਿਆ ਸੀ ਸਾਡੇ ਬਾਰੇ ਨਹੀਂ ਆਖਿਆ ਜਾਂਦਾ, "ਉਨ੍ਹਾਂ ਮੇਰੇ ਵਿਚ ਪ੍ਰਮੇਸ਼ੁਰ ਦੀ ਮਾਹਿਮਾ ਕੀਤੀ"---- ਈ.ਡਬਲਊ.ਮੂਰ

8. ਪ੍ਰਾਥਨਾ ਵਿਚ ਸਾਨੂੰ ਇਹ ਨਿਸ਼ਚਿਤ ਕਰ ਲੈਣਾ ਜ਼ਰੂਰੀ ਹੈ ਕਿ ਅਸੀਂ ਪ੍ਰਮੇਸ਼ੁਰ ਦੀ ਮਰਜ਼ੀ ਵਿਚ ਹਾਂ। ਫਿਰ ਦੁਆ ਕਰੀਏ, ਇਹ ਵਿਸ਼ਵਾਸ ਕਰਦੇ ਹੋਏ ਕਿ ਉਹ ਸੁਣੇਗਾ ਅਤੇ ਉਤੱਰ ਦੇਵੇਗਾ। "ਉਹਦੇ ਅੱਗੇ ਜੋ ਸਾਨੂੰ ਦਿਲੇਰੀ ਹੈ ਸੋ ਇਹ ਹੈ ਭਈ ਜੇ ਅਸੀਂ ਉਹਦੀ ਇੱਛਿਆ ਦੇ ਅਨੁਸਾਰ ਕੁਝ ਮੰਗਦੇ ਹਾਂ ਤਾ ਉਹ ਸਾਡੀ ਸੁਣਦਾ ਹੈ। ਅਤੇ ਜੇ ਅਸੀਂ ਜਾਣਦੇ ਹਾਂ ਪਈ ਜੋ ਕੁਝ ਮੰਗਦੇ ਹਾਂ ਉਹ ਸਾਡੀ ਸੁਣਦਾ ਹੈ ਤਾ ਏ ਵੀ ਜਾਣਦੇ ਹਾਂ ਭਈ ਮੰਗੀਆ ਹੋਈਆਂ ਵਸਤਾਂ ਜਿਹੜੀਆਂ ਅਸਾ ਉਸ ਤੋਂ ਮੰਗੀਆ ਹਨ ਉਹ ਸਾਨੂੰ ਪ੍ਰਾਪਤ ਹੋ ਜਾਂਦੀਆਂ ਹਨ" (1ਯਹੂੰਨਾ 5:14-15)।

ਪ੍ਰੱਭੂ ਯਿਸੂ ਦੇ ਨਾਂ ਵਿਚ ਪ੍ਰਾਥਨਾ ਕਰਨ ਦਾ ਅਰਥ ਹੈ ਉਸਦੀ ਇੱਛਾ ਵਿਚ ਪ੍ਰਾਥਨਾ ਕਰਨਾ। ਜਦ ਅਸੀਂ ਸਚਮੱਚ ਉਸਦੇ ਨਾਮ ਵਿਚ ਪ੍ਰਾਥਨਾ ਕਰਨ ਦਾ ਅਰਥ ਹੈ ਜਿਵੇਂ ਯਿਸੂ ਆਪਣੇ ਪਿਤਾ ਪ੍ਰਮੇਸ਼ੁਰ ਅੱਗੇ ਬੇਨਤੀ ਕਰ ਰਿਹਾ ਹੈ। "ਅਰ ਤੁਸੀਂ ਤੇਰਾ ਨਾਮ ਲੈਕੇ ਜੋ ਕੁਝ ਮੰਗੋਗੇ ਮੈਂ ਸੋਈ ਕਰਾਂਗਾ ਤਾ ਜੋ ਪੁੱਤ੍ਰ ਵਿਚ ਪਿਤਾ ਦੀ ਵਡਿਆਈ ਹੋਵੇ। ਜੇ ਤੁਸੀਂ ਮੇਰਾ ਨਾਮ ਲੈਕੇ ਮੈਥੋ ਕੁਝ ਮੰਗੋਗੇ ਤਾਂ ਮੈ ਉਹੋ ਕਰਾਂਗਾ।" (ਯੂਹੰਨਾ 14:13-14) "ਅਤੇ ਉਸ ਦਿਨ ਤੁਸੀਂ ਮੈਥੋਂ

ਕੋਈ ਸਵਾਲ ਨਾ ਕਰੋਗੇ। ਮੈਂ ਤਹਾਨੂੰ ਸੱਚ-ਸੱਚ ਆਖਦਾ ਹਾ, ਜੇ ਤੁਸੀਂ ਪਿਤਾ ਕੋਲੋਂ ਕੁਝ ਮੰਗੋ ਤਾਂ ਉਹ ਮੇਰੇ ਨਾਮ ਕਰਕੇ ਤੁਹਾਨੂੰ ਦੇਵੇਗਾ" (ਯੂਹੰਨਾ 16:23)। " ਫੇਰ ਮੈਂ ਤੁਹਾਨੂੰ ਆਖਦਾ ਹਾਂ, ਜੋ ਤੁਹਾਡੇ ਵਿਚੋਂ ਦੋ ਜਣੇ ਧਰਤੀ ਉਤੇ ਕਿਸੇ ਕੰਮ ਲਈ ਮਿਲਕੇ ਬੇਨਤੀ ਕਰਨ ਤਾ ਮੇਰੇ ਪਿਤਾ ਵਲੋਂ ਜਿਹੜਾ ਸੁਰਗ ਵਿਚ ਹੈ ਉਨ੍ਹਾਂ ਲਈ ਕੀਤਾ ਜਾਵੇਗਾ। ਕਿਉਕਿ ਜਿਥੇ ਦੋ ਯਾ ਤਿੰਨ ਮੇਰੇ ਨਾਮ ਉਤੇ ਇਕੱਠੇ ਹੋਣ ਉੱਥੇ ਮੈਂ ਉਨ੍ਹਾਂ ਦੇ ਵਿਚਕਾਰ ਹਾਂ" (ਮੱਤੀ 18:19-20)

"ਉਸਦੇ ਨਾਮ ਵਿਚ ਮੰਗਣ ਦਾ ਮਤਲਬ ਹੈ ਉਸਦੇ ਹੱਥ ਦੁਆਰਾ ਫੜਿਆ ਜਾਣਾ ਅਤੇ ਪ੍ਰਾਥਨਾ ਵਿਚ ਲਗਾਇਆ ਜਾਣਾ; ਇਸਦਾ ਅਰਥ ਇਹ ਹੈ, ਕਿ ਉਹ ਸਾਡੇ ਨਾਲ ਗੁਡਿਆ ਭਾਰ ਬੈਠਕੇ ਆਪਣੀਆਂ ਇੱਛਿਆਂਵਾਂ ਸਾਡੇ ਹਿਰਦਿਆਂ ਰਾਹੀ ਉਂਡੇਲਦਾ ਹੈ। 'ਉਸਦੇ ਨਾਮ ਵਿਚ' ਉਸਦਾ ਨਾਮ, ਉਸਦਾ ਸੁਭਾਅ ਹੈ ਇਸ ਲਈ ਉਸਦੇ ਨਾਂ ਵਿਚ ਪ੍ਰਾਥਨਾ ਕਰਨਾ ਉਸਦੀ ਮੁਬਾਰਕ ਇੱਛਾ ਅਨੁਸਾਰ ਹੋਣਾ ਚਾਹੀਦਾ ਹੈ। ਕਿ ਮੈਂ ਬਦੀ ਲਈ ਪ੍ਰਮੇਸ਼ੁਰ ਦੇ ਪੁੱਤਰ ਦੇ ਨਾਮ ਵਿਚੰ ਪ੍ਰਾਥਨਾ ਕਰ ਸਕਦਾ ਹਾਂ? ਜੋ ਕੁੱਝ ਮੈਂ ਪ੍ਰਾਥਨਾ ਕਰਾਂ ਸਚਮੁੱਚ ਉਸਦੇ ਸੁਭਾਅ ਦਾ ਪ੍ਰਗਟੀਕਰਣ ਹੋਵੇ। ਕੀ ਮੈ ਇਸਨੂੰ ਦੂਆ ਵਿਚ ਕਰ ਸਕਦਾ ਹਾਂ? ਪ੍ਰਾਥਨਾ ਪਵਿੱਤਰ ਆਤਮਾ ਦੀ ਸ਼ਕਤੀ ਹੈ, ਅਤੇ ਮਸੀਹੀ ਸੁਭਾਅ ਦੀਆਂ ਸਾਡੇ ਵਿਚ ਉਸਦੀਆਂ ਇੱਛਾਵਾਂ ਦਾ ਸਾਹ ਹੈ। ਪ੍ਰੱਭੂ ਸਾਨੂੰ ਹੋਰ ਜ਼ਿਆਦਾ ਆਪਣੇ ਨਾਮ ਵਿਚ ਪ੍ਰਾਥਨਾ ਕਰਨਾ ਸਿਖਾਵੇ। ਅਸੀ ਪ੍ਰਾਥਨਾ ਦਾ ਅੰਤ ਇਨ੍ਹਾਂ ਸ਼ਬਦਾਂ ਨਾਲ: 'ਸਾਡੇ ਮੁਬਾਰਕ ਪ੍ਰੱਭੂ ਦੇ ਨਾਮ ਵਿਚ' ਤੋ ਬਿਨਾਂ ਕਰਨਾ ਨਾ ਭੁਲੀਏ, ਅਤੇ ਸਾਰੀ ਬੇਨਤੀ ਮੁਬਾਰਕ ਯਿਸੂ ਦੇ ਨਾਮ-- ਸਭ ਉਸ ਨਾਮ ਦੇ ਅਨੁਸਾਰ- ਲੱਦੀ ਅਤੇ ਭਰੀ ਹੋਣੀ ਚਾਹੀਦੀ ਹੈ"।

ਸੈਮੂਏਲ ਰਾਈਡਾਊਟ

9. ਜੇ ਅਸੀਂ ਪ੍ਰਾਰਥਨਾ ਦਾ ਜੀਵਣ ਸਚਮੁੱਚ ਪ੍ਰਭਾਵਸ਼ਾਲੀ ਬਣਾਉਣਾ ਹੈ, ਸਾਨੂੰ ਪ੍ਰਮੇਸ਼ੁਰ ਨਾਲ ਖਾਤਾ ਸਾਫ-ਸੁਥਰਾ ਰੱਖਣਾ ਹੈ। ਇਸ ਤੋਂ ਸਾਡਾ ਇਹ ਮਤਲਬ ਹੈ ਕਿ ਜਦ ਸਾਨੂੰ ਪਤਾ ਚਲ ਜਾਂਦਾ ਹੈ ਕਿ ਪਾਪ ਸਾਡੇ ਜੀਵਣ ਵਿਚ ਪ੍ਰਵੇਸ਼ ਕਰ ਚੁੱਕਾ ਹੈ ਤਾਂ ਉਸਨੂੰ ਜਲਦੀ ਹੀ ਕਬੂਲ ਕਰ ਲਈਏ ਅਤੇ ਛੱਡ ਦਈਏ।"ਜੇ ਮੈਂ ਆਪਣੇ ਮਨ ਵਿੱਚ ਬਦੀ ਰਖੱਦਾ, ਤਾ ਪ੍ਰੱਭੂ ਮੇਰੀ ਨਾ ਸੁਣਦਾ।" (ਜ਼ਬੂਰ 66:18) ਸਾਨੂੰ ਮਸੀਹ ਵਿਚ ਬਣੇ ਰਹਿਣਾ ਚਾਹੀਦਾ ਹੈ। "ਜੇ ਤੁਸੀਂ ਮੇਰੇ ਵਿੱਚ ਰਹੋ ਅਤੇ ਮੇਰੀਆਂ ਗੱਲਾ ਤੁਹਾਡੇ ਵਿਚ ਰਹਿਣ ਤਾਂ ਜੋ ਚਾਹੋ ਮੰਗੋ ਅਤੇ ਉਹ ਤੁਹਾਡੇ ਲਈ ਹੋ ਜਾਵੇਗਾ" (ਯੂਹੰਨਾ 15:7) । ਜੋ ਵਿਅਕਤੀ ਮਸੀਹ ਵਿਚ ਰਹਿੰਦਾ ਹੈ ਉਹ ਉਸਦੇ ਐਨਾ ਨਜ਼ਦੀਕ ਰਹਿੰਦਾ ਹੈ ਕਿ ਉਹ ਪ੍ਰੱਭੂ ਦੀ ਇੱਛਾ ਦੇ ਗਿਆਨ ਨਾਲ ਭਰਪੂਰ ਰਹਿੰਦਾ ਹੈ। ਇਸ ਲਈ ਉਹ ਸਮਝਦਾਰੀ ਨਾਲ ਪ੍ਰਾਰਥਨਾ ਕਰ ਸਕਦਾ ਹੈ ਅਤੇ ਉੱਤਰ ਵਾਸਤੇ ਵਿਸ਼ਵਾਸ ਕਰ ਸਕਦਾ ਹੈ। ਫਿਰ ਬਣੇ ਰਹਿਣ ਵਾਲਾ ਜੀਵਣ ਉਸਦੇ ਹੁਕਮਾਂ ਦੀ ਪਾਲਨਾ ਕਰਨ ਦੀ ਮੰਗ ਕਰਦਾ ਹੈ। "ਅਤੇ ਜੋ ਕੁਝ ਅਸੀਂ ਮੰਗਦੇ ਹਾਂ ਸੋ ਉਸ ਤੋਂ ਸਾਨੂੰ ਮਿਲਦਾ ਹੈ ਕਿਉਂ ਜੋ ਅਸੀ ਉਹਦੇ ਹੁਕਮਾਂ ਦੀ ਪਾਲਣਾ ਕਰਦੇ ਹਾਂ ਅਤੇ ਉਹ ਕੰਮ ਕਰਦੇ ਹਾਂ ਜਿਹੜੇ ਉਹਨੂੰ ਭਾਉਂਦੇ ਹਨ" (1ਯੂਹੰਨਾ 3:20)।

10. ਅਸੀਂ ਕੇਵਲ ਦਿਨ ਦੇ ਮਿਥਿਆਂ ਸਮਿਆਂ ਤੇ ਹੀ ਨਾ ਪ੍ਰਾਰਥਨਾ ਕਰੀਏ; ਸਾਨੂੰ ਪ੍ਰਾਰਥਨਾ ਵਾਲਾ ਸੁਭਾਅ ਉੱਨਤ ਕਰਨਾ ਚਾਹੀਦਾ ਹੈ ਤਾ ਜੋ ਅਸੀਂ ਜਦ ਰਸਤੇ ਵਿਚ ਚਲਦੇ ਹਾਂ, ਕਾਰ ਚਲਾਉਂਦੇ ਹਾਂ, ਮੇਜ਼ ਤੇ ਕੰਮ ਕਰਦੇ ਹਾਂ ਪ੍ਰੱਭੂ ਵੱਲ ਤਕਦੇ ਰਹੀਏ। ਨਹੇਮਯਾਹ ਇਸ (ਸਵੈਪ੍ਰੇਰਤੀ) ਪ੍ਰਾਰਥਨਾ ਦੀ ਇਕ ਢੁੱਕਵੀਂ ਮਿਸਾਲ ਹੈ। (ਨਹੇਮਯਾਹ 2:4) ਕਦੇ - ਕਦਾਈ ਫੇਰਾ ਮਾਰਨ ਦੀ ਬਜਾਏ, "ਹਮੇਸ਼ਾ ਅਕਾਲ ਪੁਰਖ ਦੀ ਪਨਾਹ ਵਿਚ ਰਹਿਣਾ " ਕਿੰਨੇ ਭਲੇ ਦੀ ਗੱਲ ਹੈ।

11. ਅੰਤ ਵਿਚ, ਸਾਡੀਆ ਪ੍ਰਾਰਥਾਨਾ ਇਕ ਅਦਭੁੱਤ ਹੱਕ ਹੈ। ਇਸ ਤੋਂ ਮਤਲਬ ਹੈ, ਅਸੀਂ ਹੱਡਸਨ ਟੇਲਰ ਦੀ ਤਰ੍ਹਾ ਆਖ ਸਕਦੇ ਹਾਂ, ਪ੍ਰਮੇਸ਼ੁਰ ਦੁਆਰਾ ਮਨੁੱਖਾਂ ਨੂੰ ਹੀਲਾਉਣਾ ਸਿਖੀਏ। "ਸਾਡੇ ਕੋਲ ਪ੍ਰਾਰਥਨਾ ਦੇ ਅਦੱਭੁਦ ਖੇਤਰ ਵਿਚ ਅਚੰਭੇ ਕੰਮ ਕਰਨ ਲਈ ਕਿੰਨੀ ਮੰਨਭਾਉਣੀ ਸੇਵਕਾਈ ਸਾਡੇ ਹੱਥਾਂ ਵਿਚ ਹੈ! ਅਸੀਂ ਕਿਰਨਾਂ ਨੂੰ ਠੰਡੇ ਅਤੇ ਉਦਾਸ ਸਥਾਂਨਾਂ ਤੇ ਪਹੁੰਚਾ ਸਕਦੇ ਹਾਂ। ਮਾਯੂਸੀ ਦੇ ਕੈਦ ਖਾਨੇ ਵਿਚ ਅਸੀਂ ਜੰਜ਼ੀਰਾਂ ਨੂੰ ਖੋਲ ਸਕਦੇ ਹਾਂ। ਅਸੀਂ ਘਰ ਦੀਆਂ ਚ਼ਮਕਾਂ ਅਤੇ ਵਿਚਾਰਾਂ ਨੂੰ ਦੂਰ ਲੇਜਾ ਸਕਦੇ ਹਾਂ। ਅਸੀਂ ਆਤਮਿਕ ਤੌਰ ਤੇ ਮੁਰਜਾਇਆ ਹੋਇਆ ਨੂੰ ਸਵਰਗੀ ਨਿਘਾਪਣ ਪਹੁੰਚਾ ਸਕਦੇ ਹਾਂ ਭਾਵੇ ਉਹ ਸੱਤ ਸਮੁੰਦਰ ਪਾਰ ਮਹਿਨਤ ਕਰ ਰਹੇ ਹੋਣ। ਪ੍ਰਾਰਥਨਾ ਦੇ ਉਤੱਰ ਵਿਚ ਚਮਤਕਾਰ!"---ਜੇ.ਐਚ. ਜੋਵੈੱਟ

ਇਸ ਨਾਲ ਵੈਨਹਾਮ ਨਾਮਕ ਇਕ ਲੇਖਕ ਆਪਣੀ ਸਾਖੀ ਜ਼ੋੜਦਾ ਹੈ: "ਪ੍ਰਚਾਰ ਕਰਨਾ ਇਕ ਅਨੋਖਾ ਵਰਦਾਨ ਹੈ; ਪ੍ਰਾਥਨਾ ਕਰਨਾ ਉਸ ਤੋਂ ਅਨੋਖਾ ਵਰਦਾਨ ਹੈ। ਪ੍ਰਚਾਰ, ਇਕ ਤਲਵਾਰ ਦੀ ਤਰ੍ਹਾਂ ਕਰੀਬੀ ਸਥਾਨਾਂ ਤੇ ਵਰਤਿਆਂ ਜਾਣ ਵਾਲਾ ਹਥਿਆਰ ਹੈ। ਜਿਹੜੇ ਇਸ ਨਾਲ ਪਹੁੰਚੇ ਨਹੀਂ ਜਾ ਸਕਦੇ। ਪ੍ਰਾਰਥਨਾ, ਇਕ ਗੋਲੇ ਦੀ ਤਰ੍ਹਾ ਦੂਰ ਤੱਕ ਮਾਰ ਕਰਦਾ ਹੈ, ਅਤੇ ਕੁੱਝ ਜ਼ਿਆਦਾ ਹੀ ਪ੍ਰਭਾਵਸ਼ਾਲੀ ਹੈ।"

ਪ੍ਰੱਭੂ, ਕਿੰਨਾ ਬਦਲਾਓ ਸਾਡੇ ਮਨਾਂ ਵਿਚ,
ਤੇਰੇ ਚਰਨਾਂ ਵਿਚ ਥੋੜਾ ਜਿਹਾ ਸਮਾਂ ਬਤਾਉਣ ਨਾਲ ਆ ਜਾਂਦਾ,
ਕਿੰਨੇ ਭਾਰੇ ਬੋਝ ਸਾਡੀਆਂ ਛਾਤੀਆਂ ਤੋ ਚੁੱਕੇ ਜਾਂਦੇ,
ਝੁਲਸੇ ਹੋਏ ਜਿਵੇਂ ਚਸ਼ਮੇ ਨਾਲ ਤਾਜੇ ਕੀਤੇ ਜਾਂਦੇ।

ਅਸੀਂ ਗੋਡੇ ਨਵਾਉਂਦੇ,
ਅਤੇ ਚਾਰ ਚੁਫੇਰਿਓਂ ਐਉਂ ਲਗਦਾ ਸਭ ਨੀਵੇ ਹੋ ਗਏ;
ਅਸੀ ਖੜੇ ਹੁੰਦੇ, ਸਭ ਕਰੀਬ ਅਤੇ ਦੂਰ,
ਹਿੰਮਤ ਅਤੇ ਸ਼ਪਸ਼ਟਤਾ ਦੇਖਦੇ,
ਅਸੀ ਗੋਡੇ ਨਵਾਉਂਦੇ, ਕਿੰਨੇ ਕੰਮਜ਼ੋਰ!
ਅਸੀਂ ਖੜੇ ਹੁੰਦੇ, ਕਿੰਨੇ ਸ਼ਕਤੀ ਨਾਲ ਭਰਪੂਰ!
ਇਸ ਲਈ, ਅਸੀਂ ਕਿਉ ਇਹ ਗਲਤੀ ਕਰੀਏ,
ਕਿ ਹਮੇਸ਼ਾ ਮਜਬੂਰ,
ਕਿ ਹਮੇਸ਼ਾ ਚਿੰਤਾ ਨਾਲ ਦੱਬੇ ਹੋਈਏ,
ਕਿ ਹਮੇਸ਼ਾ ਕਮਜ਼ੋਰ ਜਾਂ ਬੇਹਿੰਮਤੀ ਹੋਈਏ,
ਚਿੰਤਤ ਜਾਂ ਮੁਸ਼ਕਿਲ ਵਿਚ, ਜਦ ਪ੍ਰਾਰਥਨਾ ਸਾਡੇ ਸੰਗ ਹੈ,
ਅੰਨਦ, ਸਮਰੱਥ, ਅਤੇ ਸਾਹਸ ਨਾਲ ਹੈ?

–ਟ੍ਰੈਂਚ

# ਯੁੱਧ

ਨਵਾਂ ਨਿਯਮ ਪੜਣ ਵਾਲਾ ਹਰੇਕ ਵਿਅਕਤੀ ਇਹ ਸਮਝੇ ਬਿਨਾਂ ਨਹੀਂ ਰੈਹ ਸਕਦਾ ਕਿ ਯੁੱਧ ਦੀ ਤਸਵੀਰ ਅਕਸਰ ਮਸੀਹ ਦਾ ਧਰਤੀ ਉੱਤੇ ਸੇਵਕਾਈ ਨੂੰ ਸ਼ਪਸ਼ਟ ਕਰਨ ਲਈ ਵਰਤੀ ਗਈ ਹੈ, ਸੱਚੀ ਮਸੀਹਤ ਆਧੁਨਿਕ ਮਨੋਰੰਜਨ ਨਾਲੋਂ ਕੀਤੇ ਵੱਧਕੇ ਹੈ। ਇਸਨੂੰ ਵਿਲਾਸਮਈ ਜੀਵਣ ਅਤੇ ਰੰਗ ਰਲੀਆ ਦੇ ਨਾਲ ਨਹੀ ਮਨਾਉਣਾ ਚਾਹੀਦਾ ਜੋ ਅੱਜ ਕੱਲ ਬਹੁਤ ਪ੍ਰਚਲਿਤ ਹੈ। ਸਗੋਂ, ਇਹ ਮੌਤ ਤੱਕ ਸੰਘਰਸ਼ ਅਤੇ ਨਰਕ ਦੀਆਂ ਤਾਕਤਾਂ ਵਿਰੁੱਧ ਨਾ ਖ਼ਤਮ ਹੋਣ ਵਾਲਾ ਇਕ ਸੰਗਰਾਮ ਹੈ। ਉਹ ਚੇਲਾ ਆਪਣੀ ਨਮਕੀਨਤਾ ਦੇ ਯੋਗ ਨਹੀ, ਜੋ ਇਹ ਨਹੀਂ ਸਮਝਦਾ ਕਿ ਲੜਾਈ ਸ਼ੁਰੂ ਹੋ ਚੱਕੀ ਹੈ ਅਤੇ ਇਸ ਤੋਂ ਪਿੱਛੇ ਨਹੀਂ ਮੁੜਨਾ ਹੈ।

ਯੁੱਧ ਵਿਚ, ਏਕਤਾ ਹੋਂਣੀ ਚਾਹੀਦੀ ਹੈ। ਇਹ ਛੋਟੇ ਝਗੜੇ, ਧੱੜੇ-ਬਾਜ਼ੀਆਂ, ਈਰਖਾਂ, ਵੱਖਰੇਵਿਆਂ ਦਖਾਉਣ ਦਾ ਸਮਾ ਨਹੀਂ ਹੈ, ਘਰ ਜੋ ਆਪਣੇ ਹੀ ਖਿਲਾਫ ਹੈ ਖੜਾ ਨਹੀਂ ਰਹਿ ਸਕਦਾ। ਇਸ ਲਈ ਮਸੀਹ ਦੇ ਸਿਪਾਹੀ ਇਕ

ਹੋਣੇ ਚਾਹੀਦੇ ਹਨ। ਏਕਤਾ ਦਾ ਤਰੀਕਾ ਹਲੀਮੀ ਹੈ। ਇਹ ਫਿਲਿੱਪੀਆਂ 2 ਵਿਚ ਸ਼ਪਸ਼ੱਟਤਾ ਨਾਲ ਸਿਖਾਇਆ ਗਿਆ ਹੈ। ਇਕ ਸਚੱਮੁਚ ਦੇ ਨਮਰ ਵਿਅਕਤੀ ਨਾਲ ਝਗੜਾ ਕਰਨਾ ਅਸੰਭਵ ਹੈ। "ਝਗੜਾ ਸਿਰਫ਼ ਘਮੰਡ ਦੁਆਰਾ ਹੀ ਆਉਦਾ ਹੈ" ਜਿੱਥੇ ਘਮੰਡ ਨਹੀ ਹੁੰਦਾ ਉਥੇ ਝਗੜੇ ਲਈ ਕੋਈ ਜਗ੍ਹਾ ਨਹੀ ਹੁੰਦੀ।

ਯੁੱਧ ਦ੍ਰਿੜ੍ਹਤਾ ਅਤੇ ਬਲੀਦਾਨ ਪੂਰਵਕ ਜੀਵਣ ਦੀ ਮੰਗ ਕਰਦਾ ਹੈ। ਹਰੇਕ ਤਰ੍ਹਾਂ ਦੇ ਯੁੱਧ ਵਿਚ, ਵਿਸ਼ਾਲ ਪ੍ਰਕਾਰ ਦੀ ਸੋਚ ਦੀ ਲੋੜ ਪੈਂਦੀ ਹੈ। ਇਹ ਉਚਿਤ ਸਮਾਂ ਹੈ ਕਿ ਮਸੀਹੀ ਲੋਕ ਸਮਝ ਜਾਣ ਕਿ ਅਸੀਂ ਯੁੱਧ ਵਿਚ ਹਾਂ ਅਤੇ ਖਰਚਿਆਂ ਨੂੰ ਘਟਾ ਦੇਣ ਤਾਂ ਕਿ ਸਾਡਾ ਜਿਆਦਾ ਧੰਨ ਲੜਾਈ ਵਿਚ ਲਗਾਇਆ ਜਾਵੇ।

ਬਹੁਤੇ ਆਰ.ਐਮ. ਨਾਮਕ ਚੇਲੇ ਦੀ ਤਰ੍ਹਾਂ ਅਜਿਹਾ ਨਹੀਂ ਦੇਖਦੇ। 1960 ਵਿਚ, ਉਹ ਇਕ ਮਸੀਹੀ ਸਕੂਲ ਦੇ ਫਰੈਸ਼ਮੈਨ ਜਮਾਤ ਦਾ ਪ੍ਰਧਾਨ ਸੀ। ਉਸ ਸਮੇਂ ਇਕ ਪ੍ਰਸਤਾਵ ਰੱਖਿਆ ਗਿਆ ਕਿ ਆਮ ਜਮਾਤਾਂ ਦੀਆਂ ਪਾਰਟੀਆਂ ਵਾਸਤੇ ਤੋਹਫੇ ਅਤੇ ਇਨਾਮ ਵੰਡੇ ਜਾਣ। ਕਿਉਂਕਿ ਇਹ ਖਰਚਾ ਸੁਭ ਸਮਾਚਾਰ ਵਧਾਉਣ ਵਿਚ ਯੋਗਦਾਨ ਨਹੀ ਦੇ ਰਿਹਾ ਸੀ ਆਰ.ਐਮ. ਨੇ ਆਪਣੀ ਪ੍ਰਧਾਨਗੀ ਤੋਂ ਅਸਤੀਫਾ ਦੇ ਦਿੱਤਾ। ਜਿਸ ਦਿਨ੍ਹ ਉਸਦਾ ਅਸਤੀਫਾ ਘੋਸ਼ਿਤ ਕੀਤਾ ਗਿਆ ਹੇਠ ਲਿਖਿਆ ਪੱਤਰ ਉਸਦੇ ਵਿਦਿਆਰਥੀਆਂ ਵਿਚ ਵੰਡਿਆ ਗਿਆ।

ਪਿਆਰੇ ਜਮਾਤ ਸਾਥੀਓ,

ਜਦ ਕਿ ਇਹ ਪਾਰਟੀਆਂ, ਇਨਾਮ ਅਤੇ ਜਮਾਤ ਨੂੰ ਤੋਹਫੇ ਦੇਣ ਦਾ ਸਿਲਸਿਲਾ ਮੰਡਲ ਦੇ ਸਾਹਮਣੇ ਆਇਆ ਹੈ। ਮੈਂ, ਇਸ ਜਮਾਤ ਦਾ ਪ੍ਰਧਾਨ ਹੋਣ ਦੇ ਨਾਤੇ ਇਸ ਕੰਮ ਵਿਚ ਮਸੀਹ ਰੱਵਈਆ ਦਖਾਉਂਦਾ ਹੈ।

ਮੈਂ ਸੋਚਦਾ ਹਾਂ ਅਸੀਂ ਆਪਣਾ ਸਰਬੋਤਮ ਅਨੰਦ ਆਪਣੇ ਆਪਨੂੰ, ਆਪਣੇ ਧੰਨ ਨੂੰ ਅਤੇ ਆਪਣੇ ਸਾਰੇ ਸਮੇਂ ਨੂੰ ਮਸੀਹ ਅਤੇ ਦੂਸਰਿਆ ਵਾਸਤੇ ਸਮਰੀਪਤ ਕਰਨ ਵਿਚ ਪਾਵਾਂਗੇ, ਤਾਂ ਅਸੀਂ ਜੀਵਨ ਦੇ ਸਰਬੋਤਮ ਆਨੰਦ ਦਾ ਅਹਿਸਾਸ ਕਰਾਂਗੇ : 'ਜੋ ਮੇਰੇ ਲਈ ਆਪਣਾ ਜੀਵਨ ਦੇਂਦਾ ਹੈ ਉਹ ਉਸਨੂੰ ਪਾਵੇਗਾ।'

ਮਸੀਹਾਂ ਲਈ ਆਪਣਾ ਧੰਨ ਅਤੇ ਸਮਾਂ ਉਨ੍ਹਾਂ ਚੀਜ਼ਾਂ ਉਤੇ ਖ਼ਰਚ ਕਰਨਾ ਜਿੰਨਾ ਦਾ ਨਤੀਜਾ ਗੈਰ-ਵਿਸ਼ਵਾਸੀਆਂ ਲਈ ਗਵਾਹੀ ਨਹੀਂ ਨਿਕਲਦਾ ਜਾਂ ਜਿਸ ਦੁਆਰਾ ਆਤਮਿਕ ਉੱਨਤੀ ਜਾਂ ਉਸਾਰੀ ਨਹੀ ਹੁੰਦੀ, ਇਹ ਸਚਾਈ ਦੇ ਉਲਟ ਹੈ ਜਦ ਕਿ 7000 ਲੋਕ ਹਰ ਰੋਜ਼ ਭੁੱਖ ਮਰੀ ਨਾਲ ਮਰ ਰਹੇ ਹਨ ਅਤੇ ਸੰਸਾਰ ਦੇ 50 ਪ੍ਰਤੀਸ਼ਤ ਲੋਕਾਂ ਨੇ ਅਜੇ ਤੀਕੁਰ ਆਨੰਤ ਆਸ ਬਾਰੇ ਕਦੀ ਨਹੀਂ ਸੁਣਿਆ ।

ਅਗਰ ਅਸੀਂ ਆਪਣੇ ਧਨ ਅਤੇ ਸਮੇਂ ਦੀ ਵਰਤੋਂ ਆਪਣੇ ਸੁਆਰਥ ਅਤੇ ਮਨੋਰੰਜਨ ਉੱਤੇ ਖਰਚ ਕਰਨ ਦੀ ਬਜਾਇ, ਸੰਸਾਰ ਦੇ ਬਾਕੀ 50 ਪ੍ਰਤੀਸ਼ਤ ਲੋਕਾਂ ਤੱਕ ਜਾਂ ਸਾਡੇ ਗੁਆਂਢ ਦੇ ਕਈ ਘਰਾਂ ਵਿਚ ਖੁਸ਼ਖਬਰੀ ਪਹੁੰਚਾਉਣ ਵਿਚ ਲਗਾਵਾਂਗੇ ਜਿੰਨਾਂ ਅਜੇ ਤੱਕ ਪ੍ਰਭੂ ਯਿਸੂ ਬਾਰੇ ਕਦੀ ਨਹੀਂ ਸੁਣਿਆ ਹੈ ਤਾਂ ਸਚਮੁੱਚ ਅਸੀਂ ਉਸਨੂੰ ਕਿੰਨੀ ਵੱਡੀ ਮਹਿਮਾਂ ਪ੍ਰਦਾਨ ਕਰ ਸਕਾਂਗੇ

ਮੈਨੂੰ ਗਿਆਨ ਹੈ ਵਿਸ਼ੇਸ਼ ਜ਼ਰੂਰਤਾਂ ਅਤੇ ਮੌਕਿਆ ਦਾ ਜਿਥੇ ਧੰਨ ਯਿਸੂ ਮਸੀਹ ਦੀ ਮਹਿਮਾ ਲਈ ਢੰਗ ਨਾਲ ਵਰਤਿਆ ਜਾ ਸਕਦਾ ਹੈ ਇਸ ਲਈ ਏਥੇ ਅਤੇ ਵਿਦੇਸ਼ ਵਿਚ ਕਿੰਨੇ ਉਪਯੋਗੀ, ਹੁਣ ਮੇਰੇ ਲਈ ਇਹ ਅਸੰਭਵ ਹੈ ਕਿ ਮੈਂ ਕਾਫੀ ਧੰਨ ਆਪਣੇ ਉਤੇ ਫਾਲਤੂ ਖ਼ਰਚ ਕਰਾਂ। ਜੇ ਮੈਂ ਉਨ੍ਹਾਂ ਵਿਚੋਂ ਇਕ ਹੁੰਦਾ ਜੋ ਬੜੀ ਜ਼ਰੂਰਤ ਵਿਚ ਹਨ ਜਿਵੇਂ ਮੈਂ ਬਹੁਤਿਆਂ ਨੂੰ ਜਾਣਦਾ ਹਾਂ, ਤਾਂ ਮੈਂ

ਚਾਹੁੰਦਾ ਕਿ ਜਿੰਨਾਂ, ਕੋਲ ਯੋਗਤਾ ਹੈ ਸ਼ੁਭ-ਸਮਾਚਾਰ ਅਤੇ ਸਭ ਭੌਤਿਕ ਲੋੜਾਂ ਪੂਰਾ ਕਰਨ ਵਿਚ ਮੇਰੀ ਸਹਾਇਤਾ ਕਰਨ ।

"ਅਤੇ ਜਿਵੇਂ ਤੁਸੀਂ ਚਾਹੁੰਦੇ ਹੋ ਕਿ ਦੂਸਰੇ ਤੁਹਾਡੇ ਨਾਲ ਕਰਨ, ਤੁਸੀਂ ਉਨ੍ਹਾਂ ਨਾਲ ਕਰੋ।"

"ਪਰ ਜੇਕਰ ਕਿਸੇ ਕੋਲ ਸੰਸਾਰੀ ਵਸਤੂਆਂ ਹਨ ਅਤੇ ਆਪਣੇ ਭਰਾ ਨੂੰ ਲੋੜ ਵਿਚ ਦੇਖਦਾ ਹੈ, ਫਿਰ ਵੀ ਆਪਣਾ ਮੰਨ ਉਸ ਪ੍ਰਤੀ ਬੰਦ ਕਰ ਲੈਂਦਾ ਹੈ, ਉਸ ਵਿਚ ਪ੍ਰਮੇਸ਼ੁਰ ਦਾ ਪਿਆਰ ਕਿਸ ਤਰ੍ਹਾਂ ਹੈ?" ਇਸ ਲਈ ਇਹ ਪ੍ਰੇਮ ਅਤੇ ਪ੍ਰਾਥਨਾ ਨਾਲ ਹੀ, ਪ੍ਰਭੂ ਯਿਸੂ ਨੇ ਆਪਣਾ ਸਭ ਕੁਝ ਦੇ ਦਿੱਤਾ (2 ਕੁਰਿੰਥ. 8:9) ਇਸ ਵਾਸਤੇ ਮੈਂ ਏਥੇ ਕਲਾਸ 63 ਦਾ ਪ੍ਰਧਾਨ ਹੋਣ ਦੇ ਬਾਬਤ ਆਪਣਾ ਅਸਤੀਫ਼ਾ ਸਪੁਰਦ ਕਰਦਾ ਹਾਂ।

ਉਸ ਵਿਚ ਤੁਹਾਡੇ ਨਾਲ,
ਆਰ.--- ਐਮ.---

ਯੁੱਧ ਦੁੱਖਾ ਦੀ ਮੰਗ ਕਰਦਾ ਹੈ। ਜੇ ਅੱਜ ਜਵਾਨ ਆਪਣੇ ਦੇਸ਼ ਲਈ ਆਪਣੀਆ ਜਾਨਾਂ ਕੁਰਬਾਨ ਕਰਨ ਲਈ ਤਿਆਰ ਹਨ, ਕਿੰਨਾ ਜਿਆਦਾ ਮਸੀਹੀ, ਮਸੀਹ ਅਤੇ ਸ਼ੁਭ-ਸਮਾਚਾਰ ਖ਼ਾਤਿਰ ਆਪਣੀਆਂ ਜਾਨਾਂ ਬਲੀਦਾਨ ਕਰਨ ਲਈ ਤਿਆਰ ਹੋਣੇ ਚਾਹੀਦੇ ਹਨ। ਉਹ ਵਿਸ਼ਵਾਸ ਜਿਸਦੀ ਕੀਮਤ ਕੁੱਝ ਨਹੀ ਯੋਗ ਕਿਸੇ ਨਹੀਂ। ਅਗਰ ਪ੍ਰਭੂ ਯਿਸੂ ਦੀ ਇਕ ਗੱਲ ਸਾਡੇ ਤੇ ਲਾਗੂ ਹੁੰਦੀ ਹੈ ਤਾਂ ਉਸਦੀਆਂ ਸਭ ਗੱਲ ਸਾਡੇ ਤੇ ਲਾਗੂ ਹੁੰਦੀਆਂ ਹਨ, ਅਤੇ ਉਸਦੀ ਸੇਵਾ ਵਿਚ ਕੋਈ ਵਿਅਕਤੀਗੱਤ ਸੁਰੱਖਿਆਤਾ ਜਾਂ ਦੁੱਖਾਂ ਤੋਂ ਬਚਣ ਦੀ ਮਨਸ਼ਾ ਸਾਨੂੰ ਉਸਦੀ ਸੇਵਾ ਤੋਂ ਰੋਕ ਨਾ ਸਕੇਗੀ ।

ਜਦ ਪ੍ਰੇਰਿਤ ਪੌਲੁਸ ਨੇ ਆਪਣੀ, ਪ੍ਰੇਰਿਤ ਯੋਗਤਾ ਬਚਾਉਣ ਲਈ ਆਪਣੇ

ਅਲੋਚਕਾਂ ਦਾ ਵਿਰੋਧ ਕੀਤਾ, ਉਸਨੇ ਆਪਣੇ ਪਰਿਵਾਰਿਕ ਪਿਛੋਕੜ ਜਾਂ ਸਿੱਖਿਆ ਜਾਂ ਆਪਣੀਆਂ ਸੰਸਾਰਿਕ ਪ੍ਰਾਪਤੀਆਂ ਵੱਲ ਨਹੀਂ ਸੰਕੇਤ ਕੀਤਾ। ਸਗੋਂ, ਉਸਨੇ ਆਪਣੇ ਪ੍ਰਭੂ ਯਿਸੂ ਮਸੀਹ ਦੀ ਖ਼ਾਤਿਰ ਸਹੇ ਦੁੱਖਾਂ ਵੱਲ ਸੰਕੇਤ ਕੀਤਾ। "ਕੀ ਉਹ ਮਸੀਹ ਦੇ ਸੇਵਕ ਹਨ ( ਮੈਂ ਬੇਸੁੱਧ ਵਾਂਙੁ ਬੋਲਦਾ ਹਾਂ) ਮੈਂ ਵਧੀਕ ਹਾਂ, ਅਰਥਾਤ ਮਿਹਨਤਾਂ ਵਿੱਚ ਵਧੀਕ,ਕੈਦਾਂ ਵਿਚ ਵਧੀਕ, ਮਾਰ ਖਾਣ ਵਿਚ ਹੱਦੋਂ ਬਾਹਰ, ਮੌਤਾਂ ਵਿੱਚ ਬਹੁਤ ਵਾਰੀ। ਮੈਂ ਪੰਜ ਵਾਰੀ ਯਹੂਦੀਆਂ ਦੇ ਹੱਥੋਂ ਇਕ ਘੱਟ ਚਾਲੀ ਕੋਰੜੇ ਖਾਧੇ। ਤਿੰਨ ਵਾਰ ਬੈਤਾਂ ਦੀ ਮਾਰ ਖਾਧੀ, ਇਕ ਵਾਰ ਪਥਰਾਉ ਹੋਇਆ, ਤਿੰਨ ਵਾਰ ਬੇੜੇ ਦੇ ਗਰਕਣ ਤੋਂ ਦੁਖ ਭੋਗਿਆ, ਇੱਕ ਰਾਤ ਦਿਨ ਸਮੁੰਦਰ ਵਿਚ ਕੱਟਿਆ। ਬਹੁਤ ਵਾਰ ਪੈਂਡਿਆਂ ਵਿੱਚ, ਦਰਿਆਵਾਂ ਦਿਆਂ ਭੌਜਲਾਂ ਵਿੱਚ, ਡਾਕੂਆਂ ਦਿਆ ਭੌਜਲਾਂ ਵਿੱਚ , ਆਪਣੀ ਕੌਮ ਵੱਲੋਂ ਭੋਜਲਾਂ ਵਿਚ, ਪਰਾਈਆਂ ਕੌਮਾਂ ਦੀ ਵੱਲੋਂ ਭੋਜਲਾਂ ਵਿੱਚ, ਨਗਰ ਦੀਆਂ ਭੌਜਲਾਂ ਵਿੱਚ, ਉਜਾੜ ਦੀਆਂ ਭੌਜਲਾਂ ਵਿਚ, ਸਮੁੰਦਰ ਦਿਆਂ ਭੌਜਲਾਂ ਵਿੱਚ, ਖੋਟੇ ਭਰਾਵਾਂ ਦਿਆਂ ਭੌਜਲਾਂ ਵਿਚ। ਮਿਹਨਤ ਪੋਹਰਿਆ ਵਿੱਚ, ਕਈ ਵਾਰੀ ਉਣੀਂਦਿਆਂ ਵਿਚ, ਭੁੱਖ ਅਤੇ ਤਰੇਹ ਵਿੱਚ, ਕਈ ਵਾਰੀ ਫਾਕਿਆ ਵਿੱਚ, ਪਾਲੇ ਅਤੇ ਨੰਗੇ ਰਹਿਣ ਵਿੱਚ ਪਿਆ ਹਾਂ। ਅਤੇ ਹੋਰ ਗੱਲਾਂ ਤੋਂ ਬਾਝ ਸਾਰੀਆਂ ਕਲੀਸਿਯਾਂ ਦੀ ਚਿੰਤਾਂ ਮੈਨੂੰ ਰੋਜ ਆਣ ਦਬਾਉਂਦੀ ਹੈ" (2 ਕੁਰਿੰਥੀ 11:23-28)।

ਆਪਣੇ ਪੁੱਤਰ ਤਿਮੋਥਿਉਸ ਨੂੰ ਕੁਲੀਨ ਚਣੌਤੀ ਦਿੰਦਿਆਂ ਹੋਇਆ ਉਸਨੇ ਬੇਨਤੀ ਕੀਤੀ, "ਮਸੀਹ ਯਿਸੂ ਦੇ ਚੰਗੇ ਸਿਪਾਹੀ ਵਾਂਗ ਮੇਰੇ ਨਾਲ ਦੁੱਖ ਝੱਲ" (2 ਤਿਮੋਥਿ 2:3)।

ਯੁੱਧ ਨਿਸ਼ਚਿਤ ਆਗਿਆਕਾਰਤਾ ਦੀ ਮੰਗ ਕਰਦਾ ਹੈ। ਇਕ ਸੱਚਾ ਸਿਪਾਹੀ ਆਪਣੇ ਉੱਚ-ਅਧਿਕਾਰੀ ਦਾ ਹੁਕਮ ਬਿਨਾਂ ਪ੍ਰਸ਼ਨ ਅਤੇ ਬਿਨਾ ਰੁਕੇ

ਮੰਨੇਗਾ। ਇਹ ਸੋਚਣਾ ਵਿਅਰਥ ਹੈ ਕਿ ਮਸੀਹ ਇਸ ਤੋਂ ਘੱਟ ਨਾਲ ਸੰਤੁਸ਼ਟ ਹੋ ਜਾਣਗੇ। ਸਿਰਜਣਹਾਰ ਅਤੇ ਤਾਰਨਹਾਰ ਹੋਣ ਦੇ ਨਾਤੇ, ਉਸਨੂੰ ਪੂਰਾ ਇਖਤਿਆਰ ਹੈ ਕਿ ਉਹ ਯੁੱਧ ਵਿਚ ਆਪਣੇ ਪੈਰਵੀ ਕਰਨ ਵਾਲਿਆਂ ਤੋਂ ਤੁਰੰਤ ਅਤੇ ਸੰਪੂਰਨ ਆਗਿਆ- ਪਾਲਣ ਦੀ ਉਮੀਦ ਕਰੇ।

ਯੁੱਧ ਹਥਿਆਰ ਇਸਤੇਮਾਲ ਕਰਨ ਵਿਚ ਹੁਨਰ ਦੀ ਮੰਗ ਕਰਦਾ ਹੈ। ਮਸੀਹੀ ਹਥਿਆਰ ਹਨ, ਪ੍ਰਾਥਨਾ ਅਤੇ ਪ੍ਰਮੇਸ਼ੁਰ ਦਾ ਬਚਨ। ਉਹ ਆਪਣੇ ਆਪਨੂੰ ਸਰਗਰਮ, ਨਿਹਚਾਹਪੂਰਨ, ਦ੍ਰਿੜ੍ਹ ਪ੍ਰਾਥਣਾ ਵਿਚ ਦੇਵੇ। ਸਿਰਫ਼ ਏਸੇ ਤਰ੍ਹਾਂ ਹੀ ਦੁਸ਼ਮਣ ਦੇ ਗੜ੍ਹ ਉਖੇੜੇ ਜਾ ਸਕਦੇ ਹਨ। ਫਿਰ ਉਹ ਆਤਮਾ ਦੀ ਤਲਵਾਰ ਨੂੰ, ਜੋ ਪ੍ਰਮੇਸ਼ੁਰ ਦਾ ਬਚਨ ਹੈ, ਪ੍ਰਯੋਗ ਕਰਨ ਵਿਚ ਪਰਿੱਪਕ ਹੋਵੇਗਾ। ਦੁਸ਼ਮੱਣ ਆਪਣੀ ਸ਼ਕਤੀ ਵਿਚ ਸਭ ਕੁੱਝ ਕਰੇਗਾ ਕਿ ਉਸਦੀ ਤਲਵਾਰ ਡਿੱਗ ਪਵੇ। ਉਹ ਸ਼ਾਸਤ੍ਰਾਂ ਦੀ ਪ੍ਰੇਰਨਾ ਬਾਰੇ ਸ਼ੱਕ ਪੈਦਾ ਕਰੇਗਾ। ਉਹ ਤਿੰਨ ਭੇਦਾਂ ਵੱਲ ਸੰਕੇਤ ਕਰੇਗਾ। ਉਹ ਵਿਗਿਆਨ ਅਤੇ ਦਰਸ਼ਨਸ਼ਾਸਤਰ ਅਤੇ ਮਨੁੱਖੀ ਪਰੰਪਰਾਵਾਂ ਵਿਚ ਵਿਰੋਧੀ ਦਲੀਲਾਂ ਨੂੰ ਲਿਆਵੇਗਾ। ਪ੍ਰੰਤੂ ਮਸੀਹ ਦਾ ਸਿਪਾਹੀ ਆਪਣੇ ਹਥਿਆਰ ਦਾ ਵੇਲੇ-ਕਵੇਲੇ ਇਸਤੇਮਾਲ ਕਰਨ ਦੁਆਰਾ ਆਪਣੀ ਜਗ੍ਹਾ ਤੇ ਦ੍ਰਿੜ੍ਹ ਰਹੇ।

ਮਸੀਹੀ ਸੰਗਰਾਮ ਦੇ ਹਥਿਆਰ ਸੰਸਾਰ ਦੇ ਮਨੁੱਖ ਨੂੰ ਹਾਸੋਹੀਣ ਲਗਦੇ ਹਨ। ਯਰੀਹੋ ਵਿਰੁਧ ਸਾਬਤ ਹੋਈ ਪ੍ਰਭਾਵਸ਼ਾਲੀ ਰਣਨੀਤੀ ਆਧੁਨਿਕ ਮਿਲੀਟਰੀ ਆਗੂਆਂ ਨੂੰ ਮੂਰਖਤਾਪੂਰਨ ਲਗਦੀ ਹੈ। ਗਿਦਾਊਨ ਦੀ ਸਧਾਰਨ ਫੌਜ ਕੇਵਲ ਹਾਸਾ ਹੀ ਖੜਾਵੇਗੀ। ਅਤੇ ਅਸੀ ਦਾਊਦ ਦਾ ਗੋਪੀਆ, ਸ਼ਮਗਰ ਦੀ ਬਲਦ ਦੀ ਪਰਾਇਣ, ਅਤੇ ਸਦੀਆਂ ਤੋਂ ਪ੍ਰਮੇਸ਼ੂਰ ਦੀ ਮੂਰਖਾ ਦੀ ਮਾਮੂਲੀ ਫੌਜ ਬਾਰੇ ਕੀ ਆਖਾਂਗੇ? ਆਤਮਿਕ ਦਿਮਾਗ ਇਹ ਜਾਣਦਾ ਹੈ ਕਿ ਪ੍ਰਮੇਸ਼ੁਰ ਵੱਡੀਆਂ ਬਟਾਲੀਅਨਾਂ ਨਾਲ ਨਹੀ ਹੈ ਪ੍ਰੰਤੂ ਸਗੋਂ ਉਹ ਇਸ ਸੰਸਾਰ ਦੀਆਂ ਕਮਜ਼ੋਰ ਅਤੇ

ਗਰੀਬ ਅਤੇ ਤੁੱਛ ਚੀਜਾਂ ਲੈਣਾ ਪਸੰਦ ਕਰਦਾ ਹੈ ਅਤੇ ਉਨ੍ਹਾਂ ਦੁਆਰਾ ਆਪ ਮਹਿਮਾ ਪਾਉਂਦਾ ਹੈ।

ਯੁੱਧ ਦੁੱਸ਼ਮਣ ਅਤੇ ਉਸਦੀ ਰਣਨੀਤੀ ਦੇ ਗਿਆਨ ਦੀ ਮੰਗ ਕਰਦਾ ਹੈ। ਇਸ ਲਈ ਇਹ ਮਸੀਹ ਯੁੱਧ ਤੇ ਵੀ ਲਾਗੂ ਹੁੰਦਾ ਹੈ। "ਕਿਉਂ ਜੋ ਸਾਡੀ ਲੜਾਈ ਲਹੂ ਅਤੇ ਮਾਸ ਨਾਲ ਨਹੀਂ ਸਗੋਂ ਹਕੂਮਤਾਂ, ਇਖਤਿਆਰਾਂ, ਅਤੇ ਅੰਧਘੋਰ ਦੇ ਮਹਾਰਾਜਿਆ ਅਤ ਦੁਸ਼ਟ ਆਤਮਿਆਂ ਨਾਲ ਹੁੰਦੀ ਹੈ ਜੋ ਸੁਰਗੀ ਥਾਵਾਂ ਵਿੱਚ ਹਨ" (ਆਫਸੀਆਂ 6:12)। ਅਸੀਂ ਜਾਣਦੇ ਹਾਂ "ਇਹ ਅਚਰਜ ਦੀ ਗੱਲ ਨਹੀ ਕਿਉਂ ਜੋ ਸ਼ਤਾਨ ਵੀ ਆਪਣੇ ਰੂਪ ਨੂੰ ਚਾਨਣ ਦੇ ਦੂਤ ਦੇ ਰੂਪ ਵਿਚ ਵਧਾਉਂਦਾ ਹੈ। ਇਸ ਲਈ ਜੋ ਉਹ ਦੇ ਸੇਵਕ ਆਪਣੇ ਰੂਪ ਨੂੰ ਧਰਮ ਦੇ ਸੇਵਕਾਂ ਦੇ ਰੂਪ ਵਿਚ ਵਟਾਉਂਦੇ ਹਨ ਤਾਂ ਕੋਈ ਵੱਡੀ ਗੱਲ ਨਹੀਂ ਪਰ ਉਨ੍ਹਾਂ ਦਾ ਅੰਤ ਉਨ੍ਹਾਂ ਦੀਆਂ ਕਰਨੀਆਂ ਦੇ ਅਨੁਸਾਰ ਹੋਵੇਗਾ" (2 ਕੁਰਿੰਥੀ. 11:14,15)। ਇਕ ਪ੍ਰਸ਼ਿਕਸ਼ਤ ਸਿਪਾਹੀ ਜਾਣਦਾ ਹੈ ਕਿ ਉਸਦਾ ਸਭ ਤੋਂ ਜ਼ਿਆਦਾ ਵਿਰੋਧ ਕਿਸੇ ਡਾਕੂ, ਵੈਰੀ ਤੋਂ ਨਹੀ ਹੋਵੇਗਾ ਲੇਕਿਨ ਦਾਵੇਦਾਰ ਧਰਮ ਦੇ ਨੇਤਾਵਾਂ ਵਲੋਂ ਹੈ। ਇਹ ਧਰਮ ਦੇ ਆਗੂ ਸਨ ਜਿੰਨਾਂ ਦੇ ਪ੍ਰਮੇਸ਼ੁਰ ਦੇ ਮਸੀਹ ਨੂੰ ਸਲੀਬ ਉਤੇ ਜੜਿਆ ਸੀ। ਇਹ ਧਰਮ ਦੇ ਆਗੂ ਸਨ ਜਿੰਨ੍ਹਾਂ ਨੇ ਪ੍ਰਥਮ ਕਲੀਸਿਆ ਨੂੰ ਸਤਾਇਆ ਸੀ। ਪੌਲੂਸ ਉਤੇ ਅਕਸਰ ਰਾਕਸ਼ੀ ਹਮਲੇ ਉਨ੍ਹਾਂ ਦੇ ਹੱਥੋਂ ਹੋਏ ਜੋ ਪ੍ਰਮੇਸ਼ੁਰ ਦੇ ਦਾਅਵੇਦਾਰ ਸੇਵਕ ਸਨ। ਇਸ ਲਈ ਇਹ ਵਰਹਿਆਂ ਤੋਂ ਚਲਦਾ ਆ ਰਹਾ ਹੈ। ਸ਼ਤਾਨ ਦੇ ਸੇਵਕ ਆਪਣੇ ਆਪਨੂੰ ਧਰਮ ਦੇ ਸੇਵਕਾਂ ਵਾਂਗੂ ਪਰਵਰਤਿਤ ਕਰਦੇ ਹਨ। ਉਹ ਧਾਰਮਿਕ ਭਾਸ਼ਾ ਬੋਲਦੇ ਹਨ, ਉਹ ਧਾਰਮਿਕ ਬਸਤ੍ਰ ਪਹਿਣਦੇ ਹਨ, ਅਤੇ ਉਹ ਅਡੰਬਰੀ ਪਵਿੱਤਰਤਾ ਦਖਾਉਦੇ ਹਨ, ਲੇਕਿਨ ਉਨ੍ਹਾਂ ਦੇ ਹਿਰਦੇ ਮਸੀਹ ਲਈ ਅਤੇ ਉਸਦੇ ਪ੍ਰਚਾਰ ਲਈ ਘ੍ਰਿਣਾ ਨਾਲ ਭਰੇ ਹੋਏ ਹਨ। ਯੁੱਧ ਨਿਰਵਿਘਨਤਾ ਦੀ ਮੰਗ ਕਰਦਾ ਹੈ। "ਕੋਈ

ਸਿਪਾਹਗਰੀ ਕਰਦਾ ਹੋਇਆ ਆਪਣੇ ਆਪਨੂੰ ਸੰਸਾਰ ਦੇ ਵਿਹਾਰਾਂ ਵਿੱਚ ਨਹੀਂ ਫਸਾਉਂਦਾ ਭਈ ਆਪਣੀ ਭਰਤੀ ਕਰਨ ਵਾਲੇ ਨੂੰ ਪ੍ਰਸੰਨ ਕਰੇ" (2 ਤਿਮੋਥਿਉਸ 2:4)। ਮਸੀਹ ਦੇ ਚੇਲੇ ਅਤੇ ਪ੍ਰੱਭੂ ਯਿਸੂ ਮਸੀਹ ਪ੍ਰਤੀ ਸੰਪੂਰਨ ਭਗਤੀ ਦਰਮਿਆਨ ਕਿਸੇ ਚੀਜ਼ ਨੂੰ ਨਾ ਆਉਣ ਦੇਣ। ਉਹ ਬੇਰਹਿਮ ਹੈ ਬਿਨਾਂ ਆਕਰਮਣਤਾਮਕ ਹੋਏ, ਦ੍ਰਿੜ ਹੈ ਬਿਨਾਂ ਅਸਭਿਅਕ ਹੋਏ। ਲੇਕਿਨ ਉਸਦੀ ਸਿਰਫ਼ ਇਕੋ ਇਕ ਇੱਛਾ ਹੈ। ਬਾਕੀ ਸਭ ਕੁੱਝ ਅਧੀਨਤਾ ਵਿਚ ਲਿਆਉਣਾ ਪਵੇਗਾ।

ਯੁੱਧ ਖ਼ਤਰੇ ਦੇ ਸਾਹਮਣੇ ਸਾਹਸ ਦੀ ਮੰਗ ਸਕਦਾ ਹੈ। "ਇਸ ਕਾਰਨ ਤੁਸੀਂ ਪ੍ਰਮੇਸ਼ੁਰ ਦੇ ਸਾਰੇ ਸ਼ਸਤ੍ਰ ਬਸਤ੍ਰ ਲੈ ਲਵੋ ਭਾਈ ਤੁਸੀਂ ਬੁਰੇ ਦਿਨ ਵਿਚ ਸਾਹਮਣਾ ਕਰ ਸੱਕੋ ਅਤੇ ਸਭੋ ਕੁਝ ਮੁਕਾ ਕੇ ਖਲੋ ਸੱਕੋ...।" (ਅਫਸੀਆਂ 6:13,14ੳ) ਅਫ਼ਸੀਆਂ 6:13-18 ਵਿਚ ਮਸੀਹ ਸਿਪਾਹੀ ਦੇ ਹਥਿਆਰਾ ਬਾਰੇ ਦਰਸ਼ਾਇਆ ਗਿਆ ਹੈ ਕਿ ਪਿੱਛੇ ਵਾਸਤੇ ਕੋਈ ਪ੍ਰਬੰਧ ਨਹੀ ਹੈ ਅਤੇ ਇਸ ਲਈ ਪਿਛੇ ਭਜੱਣਾ ਕਿਓ ? ਜੇਕਰ "ਜਿਸਨੇ ਸਾਨੂੰ ਪਿਆਰ ਕੀਤਾ ਉਸ ਵਿਚ ਅਸੀਂ ਫਤਿਹਮੰਦ ਨਾਲੋਂ ਵੀ ਵਧੀਕ ਹਾਂ," ਕੋਈ ਵੀ ਸਾਡਾ ਵਿਰੋਧ ਸਫਲਤਾਪੂਰਵਕ ਨਹੀ ਕਰ ਸਕਦਾ ਕਿਉਂਕਿ ਮਸੀਹ ਸਾਡੇ ਸੰਗ ਹੈ, ਅਗਰ ਲੜਾਈ ਆਰੰਭ ਕਰਨ ਤੋਂ ਪਹਿਲਾਂ ਹੀ ਜਿੱਤ ਸਾਡੀ ਨਿਸ਼ਚਿਤ ਹੈ, ਅਸੀਂ ਕਿਸ ਤਰ੍ਹਾਂ ਵਾਪਸ ਮੁੜਨ ਬਾਰੇ ਸੋਚ ਸਕਦੇ ਹਾਂ?

ਕੀ ਮੈ ਜੇਤੂਆਂ ਨਾਲ ਖੜਾ ਰਹਾਂ,
ਜਾਂ ਹਾਰਨ ਵਾਲਿਆਂ ਨਾਲ ਨਾਸ਼ ਹੁੰਦਾ?
ਜੋ ਡਰਪੋਕ ਹਨ ਉਹ ਪਾਪੀ ਹਨ,
ਪੂਰੀ ਲੜਾਈ ਨੂੰ ਲੜਨਾ ਹੈ।
ਮੇਰੇ ਦੁਸ਼ਮਣ ਮਜ਼ਬੂਤ ਹਨ, ਜੋ ਅੱਗੇ ਵਧਦੇ ਹਨ,

ਮੇਰਾ ਬਰਸ਼ਾ ਟੁੱਟਦਾ ਹੈ, ਉਹ ਪ੍ਰਭੂ;
ਉਹਨਾਂ ਦੇ ਘੁਮੰਡੀ ਝੰਡੇ ਅਤੇ ਨੇਜ਼ੇ ਚੱਲਦੇ ਹਨ---
ਲੇਕਿਨ ਮੇਰੀ ਤਲਵਾਰ ਦਾ ਟੁੰਡ ਡਿਗਣ ਨਾ ਦੇ ।

---ਐਮੀ ਕਾਰਮਾਈਕਲ ਦੁਆਰਾ ਉਲੇਖਿਆ ਗਿਆ

# ਸੰਸਾਰ ਉੱਤੇ ਪ੍ਰਭੁੱਤਾ

ਪ੍ਰਮੇਸ਼ੁਰ ਨੇ ਸਾਨੂੰ ਸੰਸਾਰ ਉਤੇ ਪ੍ਰੱਭੁਤਾ ਕਰਨ ਲਈ ਬੁਲਾਇਆ ਹੈ। ਉਸਦਾ ਉਦੇਸ਼ ਇਹ ਕਦੀ ਨਹੀ ਸੀ ਕਿ ਅਸੀ "ਇਕ ਮਨੁੱਖ ਪੈਦਾ ਹੋਈਏ ਅਤੇ ਏਸੈ ਤਰ੍ਹਾਂ ਮਰ ਜਾਈਏ।" ਇਹ ਉਸਦਾ ਮਕਸਦ ਨਹੀਂ ਸੀ ਕਿ ਅਸੀਂ ਆਪਣੇ ਜੀਵਣ " ਅਸਥਾਈ ਕੰਮਾਂ ਵਿਚ ਮਾਮੂਲੀ ਕਰਮਚਾਰੀਆਂ ਦੀ ਤਰ੍ਹਾਂ ਗੁਜ਼ਾਰ ਦਈਏ।"

ਅਸਲ ਵਿਚ ਜਦ ਪ੍ਰਮੇਸ਼ੁਰ ਨੇ ਮਨੁੱਖ ਨੂੰ ਰਚਿਆ ਉਸਨੂੰ ਧਰਤੀ ਉਤੇ ਪ੍ਰਭੁੱਤਾ ਦਿੱਤੀ। ਉਸਨੇ ਉਸਨੂੰ ਮਹਿਮਾ ਅਤੇ ਆਦਰ ਪਹਿਨਾਇਆ ਅਤੇ ਸਭ ਵਸਤਾਂ ਉਸਦੇ ਅਧੀਨ ਕਰ ਦਿੱਤੀਆ। ਮਨੁੱਖ ਨੂੰ ਇੱਜ਼ਤ ਅਤੇ ਪ੍ਰਭੁਤਾ ਨਾਲ ਸਵਾਰਿਆ ਗਿਆ ਸੀ-- ਸਵਰਗਦੂਤਾਂ ਨਾਲੋਂ ਸਿਰਫ਼ ਥੋੜਾ ਜਿਹਾ ਘੱਟ।

ਜਦ ਉਸਨੇ ਪਾਪ ਕੀਤਾ, ਆਦਮ ਨੇ ਆਪਣੀ ਬਹੁਤ ਸਾਰੀ ਪ੍ਰਭੁੱਤਾ ਗੁਆ ਲਈ ਜੋ ਉਸਨੂੰ ਰੱਬੀ ਹੁਕਮ ਦੁਆਰਾ ਪ੍ਰਾਪਤ ਸੀ। ਨਿਰਵਿਵਾਦ ਰਾਜ ਕਰਨ ਦੀ ਬਜਾਏ, ਉਸਨੇ ਅਨਿਸ਼ਚਿਤ ਸਥਾਨਾ ਤੇ ਅਸਥਿਰ ਰਾਜ ਕੀਤਾ।

ਸੁਭ ਸਮਾਚਾਰ ਵਿੱਚ ਇੱਕ ਇਲਮ ਹੈ ਜਿਸ ਦੁਆਰਾ ਅਸੀ ਪ੍ਰਭੁਤਾ ਨੂੰ

ਵਾਪਿਸ ਹਾਸਿਲ ਕਰ ਸਕਦੇ ਹਾਂ। ਇਹ ਖਿਝੇ ਕੁੱਤੇ ਜਾ ਜ਼ਹਿਰੀਲੇ ਸੱਪਾ ਨੂੰ ਵੱਸ ਕਰਣ ਦਾ ਮਾਮਲਾ ਨਹੀ ਹੈ ਸਗੋ ਇਹ ਗੈਰ ਜਾਤੀਆ ਨੂੰ ਅਤੇ ਧਰਤੀ ਦੇ ਕੰਢਿਆ ਨੂੰ ਆਪਣੀ ਮਿਰਾਸ ਲਈ ਦਾਵਾ ਕਰਨਾ ਹੈ। "ਸੱਚੇ ਸਮਰਾਜਵਾਦ ਦਾ ਅਰਥ ਹੈ ਨੈਤਿਕ ਅਤੇ ਆਤਮਿਕ ਪ੍ਰਭੁਤਾ ਦੁਆਰਾ ਸਲਤਨਤ, ਇਕ ਸ਼ੁਧ ਅਤੇ ਪਵਿਤੱਰ ਜੀਵਣ ਦੀਆ ਆਕਰਸ਼ਿਤ ਕਿਰਨਾਂ ਦੁਆਰਾ ਪ੍ਰਭੂੱਤਾ ਅਤੇ ਅਧਿਕਾਰ" --- ਜੇ,ਐਚ,ਜੋਵੈਟ

ਦਰਅਸਲ ਮਸੀਹ ਜੀਵਣ ਦੀ ਇਸ ਮਰਿਆਦਾ ਦਾ ਆਦਮ ਨੂੰ ਕਦੇ ਵੀ ਪਤਾ ਨਹੀ ਸੀ। ਸੰਸਾਰ ਦੇ ਛੁਟਕਾਰੇ ਵਿੱਚ ਅਸੀ ਪਰਮੇਸ਼ੁਰ ਦੇ ਸਹਿਕਰਮੀ ਹਾਂ। "ਇਹ ਸਾਡਾ ਸਫਰ ਹੈ- ਕਿ ਪ੍ਰਭੂ ਦੇ ਨਾਂ ਤੇ ਮਨੁੱਖਾ ਨੂੰ ਸਹੀ ਜੀਵਣ, ਸਵੈ ਪ੍ਰਭੁਤਾ, ਸੇਵਾ ਲਈ ਮਸਾ ਕਰੀਏ।" --- ਡਿਨਸ ਡੇਲ.ਟੀ.ਯੋਂਗ

ਅੱਜ ਸਾਡੀ ਉੱਚੀ ਬੁਲਾਹਟ ਦੀ ਸ਼ਲਾਘਾ ਨਹੀਂ ਹੁੰਦੀ ਇਹ ਜੀਵਨ ਦੀ ਦੁਖਾਂਤਮਈ ਗੱਲ ਹੈ। ਅਸੀਂ ਆਪਣਾ ਜੀਵਨ "ਛੋਟੀਆ ਚੀਜ਼ਾਂ ਨੂੰ ਗਲੇ ਲਾਉਣ, "ਛੋਟੇ ਕੰਮਾ ਤੇ ਜ਼ੋਰ ਦੇਣ ਵਿਚ" ਗੁਜਾਰਨਾ ਪਸੰਦ ਕਰਦੇ ਹਾਂ। ਅਸੀਂ ਉੱਡਣ ਦੀ ਬਜਾਏ ਝਿਰਦੇ ਹਾਂ। ਅਸੀਂ ਰਾਜਿਆਂ ਦੀ ਬਜਾਏ ਨੌਕਰ ਹਾਂ। ਬਹੁਤ ਘੱਟ ਲੋਕਾਂ ਕੋਲ ਮਸੀਹ ਵਾਸਤੇ ਦੇਸ਼ਾਂ ਨੂੰ ਜਿੱਤਣ ਦਾ ਦਰਸ਼ਨ ਹੈ।

ਸਪਰਜੱਨ ਇਸ ਗਿਣਤੀ ਵਲੋਂ ਬਾਹਰ ਹੈ। ਉਸਨੇ ਆਪਣੇ ਪੁੱਤਰ ਨੂੰ ਹੇਠਾਂ ਦਿੱਤਾ ਸ਼ਕਤੀਸ਼ਾਲੀ ਸੁਨੇਹਾ ਲਿਖਿਆ।

ਜੇ ਪ੍ਰਮੇਸ਼ੁਰ ਤੈਨੂੰ ਮਿਸ਼ਨਰੀ ਬਣਾਉਣਾ ਚਾਹੁੰਦਾ ਹੈ ਤਾਂ ਮੈਂ ਇਹ ਨਹੀਂ ਚਾਹੁੰਗਾ ਕਿ ਤੂੰ ਕਰੋੜਪਤੀ ਦੇ ਰੂਪ ਵਿਚ ਮਰੇ।

ਮੈਨੂੰ ਇਹ ਚੰਗਾ ਨਹੀਂ ਲਗੇਗਾ, ਜੇ ਤੂੰ ਮਿਸ਼ਨਰੀ ਹੋਣ ਦੇ ਯੋਗ ਹੋਵੇ, ਤੇ

ਇਕ ਰਾਜੇ ਦੇ ਨਾਲ ਮੂਰਖਤਾਪੂਰਵਕ ਵਰਤਾ ਕਰੇ ।

ਮਸੀਹ ਲਈ ਰੂਹਾਂ ਜਿੱਤਣ ਦੇ ਆਦਰ ਦੀ, ਮਸੀਹ ਲਈ ਉਸਾਰਨ ਦੇ ਵਿਸ਼ੇਸ ਮਾਣ ਦੀ, ਅਤੇ ਮਸੀਹ ਦਾ ਸ਼ੁਭ ਸਮਾਚਾਰ ਦੂਰ ਦਰਾਡੇ ਸਥਾਨਾਂ ਤੇ ਪ੍ਰਚਾਰ ਕਰਨ ਦੀ ਤੁਲਨਾ ਵਿਚ ਸਭ ਰਾਜੇ, ਸਭ ਦਰਬਾਰੀ, ਸਭ ਹੀਰੇ, ਸਾਰੀ ਰਾਜਗਿਰੀ ਕੀ ਹੈ?

ਇਕ ਹੋਰ ਜਨ ਗਿਣਤੀ ਤੋਂ ਬਾਹਰ ਸੀ ਜੌਨ ਮੋਟ, ਜਾਣਿਆ-ਪਹਿਚਾਣਿਆ ਮਿਸ਼ਨਰੀ ਸਿਆਸਤਦਾਨ। ਜਦ ਰਾਸ਼ਟਰਪਤੀ ਕੂਲਿੰਜ਼ ਨੇ ਉਸਨੂੰ ਜਪਾਨ ਦਾ ਰਾਜਦੂਤ ਬਣਨ ਲਈ ਕਿਹਾ, ਮੋਟ ਨੇ ਉਤੱਰ ਦਿੱਤਾ, "ਸ੍ਰੀਮਾਨ ਰਾਸ਼ਟਰਪਤੀ ਸਾਹਿਬ, ਜਦ ਕਿ ਪ੍ਰਮੇਸ਼ੁਰ ਨੇ ਮੈਨੂੰ ਆਪਣਾ ਰਾਜਦੂਤ ਹੋਣ ਲਈ ਬੁਲਾ ਲਿਆ ਹੈ, ਮੇਰੇ ਕੰਨ ਬਾਕੀ ਸਭ ਬੁਲਾਹਟਾਂ ਲਈ ਬੋਲੇ ਹੋ ਚੁਕੇ ਹਨ।"

ਬਿਲੀ ਗ੍ਰਾਹਮ ਤੀਸਰਾ ਉਦਾਹਰਨ ਹਨ। "ਦ ਸਟੈਂਡਰਡ ਆੱਇਲ ਕੰਪਨੀ ਪੂਰਬ ਲਈ ਇਕ ਆਦਮੀ ਦੀ ਖੋਜ ਵਿਚ ਸੀ, ਉਨ੍ਹਾਂ ਨੇ ਇਕ ਮਿਸ਼ਨਰੀ ਨੂੰ ਆਪਣਾ ਪ੍ਰਤੀਨਿਧੀ ਚੁੱਣ ਲਿਆ। ਉਨ੍ਹਾਂ ਨੇ ਉਸਨੂੰ ਦੱਸ ਰਜ਼ਾਰ ਪੇਸ਼ ਕੀਤੇ ਪ੍ਰੰਤੂ ਉਸਨੇ ਇਨਕਾਰ ਕਰ ਦਿੱਤਾ ਫਿਰ ਉਹਨਾ ਨੇ ਰਕਮ ਵਧਾਕੇ ਪੰਜੀ ਦਿਤੀ ਲੇਕਿਨ ਉਹ ਤਿਆਰ ਹੋਇਆ। ਅੰਤ ਵਿਚ ਪੰਜਾਹ ਹਜ਼ਾਰ ਦੇਣ ਦਾ ਫੈਸਲਾ ਕੀਤਾ, ਉਸ ਨੇ ਫਿਰ ਇਨਕਾਰ ਦਰ ਦਿੱਤਾ। ਉਹਨਾਂ ਨੇ ਪੁਛਿਆ ਸਮੱਸਿਆ ਕੀ ਹੈ, ਉਸਨੇ ਆਖਿਆ, ਤੁਹਾਡੀ ਕੀਮਤ ਤਾਂ ਠੀਕ ਹੈ, ਲੇਕਿਨ ਤੁਹਾਡਾ ਕੰਮ ਬਹੁਤ ਛੋਟਾ ਹੈ। ਪ੍ਰਮੇਸ਼ੁਰ ਨੇ ਮੈਨੂੰ ਇਕ ਮਿਸ਼ਨਰੀ ਹੋਣ ਲਈ ਬੁਲਾਇਆ ਹੈ।"

ਮਸੀਹੀ ਬੁਲਾਹਟ ਸਭਨਾ ਨਾਲੋਂ ਸ਼ਰੇਸ਼ਟ ਹੈ, ਅਤੇ ਜੇ ਅਸੀਂ ਇਸਨੂੰ ਸਮਝ ਜਾਈਏ ਤਾਂ ਸਾਡੇ ਜੀਵਣ ਇਕ ਨਵੀ ਉਚਾਈ ਨੂੰ ਫੜ ਲੈਣਗੇ। ਅਸੀਂ ਫਿਰ ਆਪਣੇ ਆਪਨੂੰ "ਨਲਕੇ ਲਾਉਣ ਵਾਲਾ" ਜਾਂ "ਭੌਤਕ ਵਿਗਿਆਨੀ"

ਜਾਂ "ਦੰਦਾਂ ਦਾ ਡਾਕਟਰ" ਬਣਨ ਲਈ ਕਦੇ ਨਹੀਂ ਕਹਾਂਗੇ। ਸਗੋਂ ਅਸੀਂ ਆਪਣੇ ਆਪਨੂੰ ਇਕ "ਪ੍ਰੇਰਤ ਹੋਣ ਲਈ ਬੁਲਾਇਆ ਗਿਆ" ਵੇਖਾਗੇ--- ਅਤੇ ਬਾਕੀ ਸਭ ਗੱਲਾਂ ਕੇਵਲ ਜੀਵਕਾ ਦਾ ਸਾਧਨ ਹੋਣਗੇ।

ਅਸੀਂ ਆਪਣੇ ਆਪਨੂੰ ਸਾਰੇ ਰਾਸ਼ਟਰਾਂ ਨੂੰ ਸ਼ੁਭਸਮਾਚਾਰ ਪ੍ਰਚਾਰ ਕਰਨ ਲਈ, ਸਭ ਜਾਤੀਆਂ ਨੂੰ ਚੇਲੇ ਬਣਾਉਣ ਲਈ, ਸਮੱਸਤ ਸੰਸਾਰ ਨੂੰ ਪ੍ਰਚਾਰ ਕਰਨ ਲਈ ਬੁਲਾਇਆ ਗਿਆ ਵੇਖਾਂਗੇ।

ਤੁਸੀਂ ਆਖੋਗੇ, ਇਕ ਬਹੁਤ ਵਿਸ਼ਾਲ ਕੰਮ? ਹਾਂ, ਵਿਸ਼ਾਲ --ਪ੍ਰੰਤੂ ਅਸੰਭਵ ਨਹੀਂ। ਕੰਮ ਦੀ ਡੂੰਘਾਈ ਹੇਠਾ ਦਿੱਤੇ ਵਿਸ਼ਵ ਦੇ ਲਘੂ ਚਿੱਤਰੀ ਵਿਚਾਰਾਂ ਦੁਆਰਾ ਦਰਸਾਈ ਗਈ ਹੈ:-

ਜੇ ਅਸੀਂ ਆਪਣੇ ਵਿਚਾਰਾਂ ਵਿਚ ਸੰਸਾਰ ਦੀ ਵਰਤਮਾਨ ਜੰਨਸੰਖਿਆ ਛਾਪ ਲਈਏ--- ਹੁਣ ਤਿੰਨ ਸੌ ਅਰਬ ਤੋਂ ਵੱਧ ਹੈ- ਇਕ ਹਜ਼ਾਰ ਵਿਅਕਤੀਆਂ ਦਾ ਸਮੂਹ ਇਕ ਕਸਬੇ ਵਿਚ, ਫਿਰ ਅਸੀ ਹੇਠਾ ਦਿੱਤੀ ਗਈ ਦੀ ਤਸਵੀਰ ਸ਼ਪਸ਼ਟ ਰੂਪ ਵਿਚ ਦੇਖ ਸਕਾਗੇ।

ਸੱਠ ਜਨੇ ਯੂ. ਐਸ ਦੀ ਜੰਨਸੰਖਿਆ ਨੂੰ ਪ੍ਰਤੀਨਿਧ ਕਰਦੇ ਹਨ; ਬਾਕੀ ਸਭ 940 ਦੁਆਰਾ ਦਰਸਾਏ ਗਏ ਹਨ। ਸੱਠ ਅਮਰੀਕੀਆਂ ਨੂੰ ਕਸਬੇ ਦੀ ਸਮਸੱਤ ਵੇਤਨ ਵਿਚ 35% ਆਉਂਦੀ ਹੈ; 940 ਦੇ ਵੰਡੇ ਬਾਕੀ 65% ਆਉਂਦਾ ਹੈ। ਕਸਬੇ ਵਿਚੋਂ ਛੱਤੀ ਅਮਰੀਕੀ (ਗਵਾਹੀ ਦੇਣ ਵਾਲੇ) ਮਸੀਹੀ ਕਲਿਸਿਆ ਦੇ ਮੈਂਬਰ ਹੋਣਗੇ; ਅਤੇ 24 ਨਾ ਹੋਣ ਵਾਲੇ। ਪੂਰੇ ਕਸਬੇ ਵਿਚ, ਲਗਭਗ 290 (ਗਵਾਹ) ਮਸੀਹੀ ਹੋਣਗੇ ਅਤੇ 710 ਦੂਸਰੇ ਹੋਣਗੇ। ਪੂਰੇ ਕਸਬੇ ਵਿਚ ਘੱਟ ਤੋਂ ਘੱਟ 80 ਵਿਅਕਤੀ ਕਮੀਊਟਿਸਟ ਤੇ ਵਿਸ਼ਵਾਸ ਕਰਨ ਵਾਲੇ ਹੋਣਗੇ ਅਤੇ 370 ਕੀਮਊਨਿਸਟ ਦਬਾਅ ਹੇਠ ਹੋਣਗੇ। ਪੂਰੇ ਕਸਬੇ

ਵਿਚ ਕਰੀਬ 70 (ਗਵਾਹ) ਪ੍ਰੋਟੈਸਟੈਟ ਮਸੀਹੀ ਹੋਣਗੇ।

ਪੂਰੇ ਕਸਬੇ ਵਿਚ ਤਿੰਨ ਸੋ ਅਤੇ ਤਿੰਨ ਵਿਆਕਤੀ
ਗੋਰੇ ਹੋਣਗੇ; 697 ਗੈਰ-ਗੋਰੇ ਹੋਣਗੇ।
60 ਅਮਰੀਕੀਆਂ ਦਾ ਆਮ ਜੀਵਨ ਕਾਲ
70 ਸਾਲ ਹੋਵੇਗਾ; ਬਾਕੀ ਦੂਸਰਿਆ ਦਾ 40 ਸਾਲ
ਤੋਂ ਥੱਲੇ-ਥੱਲੇ ਹੋਵੇਗਾ।

ਅਮਰੀਕੀਆਂ ਕੋਲ ਦੂਸਰਿਆ ਨਾਲੋ ਔਸਤ 15.1/2 ਗੁਣਾ ਜ਼ਿਆਦਾ ਪਾਇਆ ਜਾਦਾ ਹੈ। ਉਹ ਕਸਬੇ ਦੀ ਸੰਪੂਰਨ ਸਪਲਾਈ ਵਿਚੋ 16% ਦਾ ਉਤਪਾਦਨ ਕਰਦੇ ਹਨ, ਪਰ 1.1/2 ਖਾ ਲੈਂਦੇ ਹਨ ਅਤੇ ਬਹੁਤ ਸਾਰੀ ਮਾਤ੍ਰਾ ਭਵਿੱਖ ਲਈ ਮਹਿੰਗੇ ਯੰਤ੍ਰਾ ਵਿਚ ਸੁਰੱਖਿਅਤ ਰੱਖ ਛੱਡਦੇ ਹਨ। ਜਦ ਇਹ ਯਾਦ ਕੀਤਾ ਜਾਂਦਾ ਹੈ ਕਿ ਕਸਬੇ ਵਿੱਚ 940 ਗੈਰ-ਅਮਰੀਕੀ ਹਮੇਸ਼ਾ ਭੁੱਖੇ ਰਹਿੰਦੇ ਹਨ ਅਤੇ ਕਦੀ ਨਹੀਂ ਜਾਣਦੇ ਕਦੋਂ ਉਨ੍ਹਾਂ ਨੂੰ ਪੂਰਾ ਖਾਣ ਲਈ ਮਿਲੇਗਾ, ਅਨਾਜ ਦੀ ਕਮੀ ਅਤੇ ਬਹੁਤਾਇਤ ਇਕੱਠਾ ਕੀਤਾ ਗਿਆ ਭੋਜਨ ਇਸ ਗੱਲ ਨੂੰ ਸਪਸ਼ਟ ਕਰ ਦਿੰਦੇ ਹਨ; ਵਿਸ਼ੇਸ਼ਕਰ ਇਹ ਸਚਾਈ ਮੱਦੇ ਨਜ਼ਰ ਰੱਖਦੇ ਹੋਏ ਕਿ ਲੋੜ ਤੋਂ ਵੱਧ 72% ਸਰਵੋਤਮ ਅਨਾਜ ਅਮਰੀਕੀ ਪਹਿਲਾਂ ਤੋਂ ਹੀ ਖਾ ਚੁੱਕੇ ਹਨ। ਦਰਅਸਲ ਉਹ ਵਾਧੂ ਅਨਾਜ ਭੋਜਨ ਦੇ ਕੇ ਆਪਣੇ ਧੰਨ ਦੀ ਬਚਤ ਕਰ ਸਕਦੇ ਹਨ ਜੋ ਉਹ ਸਟੋਰ ਵਿਚ ਜਮ੍ਹਾ ਕਰਨ ਲਈ ਖਰਚ ਕਰ ਦਿੰਦੇ ਹਨ, ਲੇਕਿਨ ਉਹ ਸੋਚਦੇ ਹਨ ਕਿ ਇਹ ਖ਼ਤਰਨਾਕ ਹੋਵੇਗਾ ।"

60 ਅਮਰੀਕੀਆਂ ਨੂੰ ਪੂਰੇ ਕਸਬੇ ਦੀ ਸਪਲਾਈ ਹੋਵੇਗੀ, ਬਿਜਲੀ ਊਰਜਾ ਸਭਨਾਂ ਨਾਲੋਂ 12 ਗੁਣਾ ਵੱਧ, ਕੌਲਾ ਬਾਕੀਆਂ ਨਾਲੋਂ 22 ਗੁਣਾਂ ਵੱਧ, ਪੈਟ੍ਰੋਲ 21 ਗੁਣਾਂ ਵੱਧ, ਸਟੀਲ 50 ਗੁਣਾਂ ਵੱਧ ਅਤੇ ਆਮ ਵਸਤਾਂ 50 ਗੁਣਾਂ ਵੱਧ।

60 ਅਮਰੀਕੀਆਂ ਵਿਚੋਂ ਸਭ ਤੋਂ ਘੱਟ ਵੇਤਨ ਵਾਲੇ ਕਸਬੇ ਦੇ ਆਮ ਲੋਕਾਂ ਨਾਲੋਂ ਬੇਹਤਰ ਹੋਣਗੇ। ਸ਼ਾਬਦਕ ਰੂਪ ਵਿਚ ਕਸਬੇ ਦੇ ਗੈਰ-ਅਮਰੀਕੀ ਲੋਕ ਗਰੀਬ, ਭੁੱਖੇ, ਬਿਮਾਰ ਅਤੇ ਅਣਜਾਨ ਹੋਣਗੇ। ਲਗਭਗ ਅੱਧੇ ਲੋਕ ਪੜੇ -ਲਿਖੇ ਨਾ ਹੋਣਗੇ। ਅੱਧਿਆਂ ਤੋਂ ਵੀ ਜ਼ਿਆਦਾ ਨੇ ਕਦੀ ਮਸੀਹ ਬਾਰੇ ਨਹੀ ਸੁਣਿਆਂ ਹੋਵੇਗਾ। ਪ੍ਰੰਤੂ ਬਹੁਤ ਜ਼ਲਦ ਹੀ ਅੱਧਿਆਂ ਤੋਂ ਵੀ ਵੱਧ ਕਾਰਲ ਮਾਰਕਸ ਬਾਰੇ ਸੁਣਨਗੇ। (ਪੈਰੇ ਵਿਚ ਸ਼ਬਦ ਜੋੜੇ ਗਏ ਹਨ।)

ਹੈਰੀ ਸਮਿੱਥ ਲੀਪਰ

ਫਿਰ ਕਿਸ ਪ੍ਰਕਾਰ ਸੰਸਾਰ ਤੱਕ ਇਸ ਪੀੜੀ ਵਿਚ ਮਸੀਹ ਦੀ ਖੁਸ਼ ਖਬਰੀ ਪਹੁੰਚੇਗੀ? ਉੱਤਰ ਕੇਵਲ ਆਦਮੀਆਂ ਅਤੇ ਔਰਤਾਂ ਦੁਆਰਾ ਜੋ ਪ੍ਰਮੇਸ਼ੁਰ ਨੂੰ ਆਪਣੇ ਪੂਰੇ ਹਿਰਦੇ ਨਾਲ ਪ੍ਰੇਮ ਕਰਦੇ ਹਨ ਅਤੇ ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪ੍ਰੇਮ ਕਰਦੇ ਹਨ। ਇਹ ਕੰਮ ਸਿਰਫ ਸਦੀਪਕ ਪ੍ਰੇਮ ਵਿਚੋ ਉਭਰੀ ਉਪਾਸਨਾ ਅਤੇ ਸਮਰਪੱਣ ਨਾਲ ਹੀ ਹੋ ਸਕਦਾ ਹੈ। ਜੋ ਮਸੀਹ ਦੇ ਪ੍ਰੇਮ ਨਾਲ ਮਜਬੂਰ ਹਨ ਉਨ੍ਹਾਂ ਲਈ ਕੋਈ ਕੁਰਬਾਨੀ ਵੱਡੀ ਨਹੀ। ਉਹ ਉਸ ਪ੍ਰੇਮ ਦੇ ਕਾਰਨ ਅਜਿਹਾ ਕਰਨਗੇ ਜੋ ਉਹ ਸੰਸਾਰਿਕ ਲਾਭ ਲਈ ਕਦੀ ਨਹੀ ਕਰਨਗੇ। ਉਹ ਆਪਣੇ ਜੀਵਣ ਨੂੰ ਖੁੱਦ ਲਈ ਪ੍ਰਿਯਾ ਨਾ ਗਿਣਨਗੇ। ਉਹ ਇਸਤੇਮਾਲ ਹੋਣਗੇ ਅਤੇ ਹੁੰਦੇ ਜਾਣਗੇ ਸਿਰਫ਼ ਇਸ ਲਈ ਕਿ ਮਨੁੱਖ ਸੁਭ-ਸਮਾਚਾਰ ਦੀ ਬਾਝੋ ਨਾ ਨਾਸ਼ ਹੋਣ।

ਸਲੀਬੀ ਪ੍ਰੱਭੂ, ਮੈਨੂੰ ਆਪਣੇ ਵਰਗਾ ਦਿੱਲ ਦੇ !<br>
ਮੈਨੂੰ ਮਨੁੱਖਾਂ ਦੀਆਂ ਮਰ ਰਹੀਆਂ ਰੂਹਾਂ ਨਾਲ ਪ੍ਰੇਮ ਕਰਨਾ ਸਿਖਾ--<br>
ਅਤੇ ਮੇਰਾ ਹਿਰਦਾ ਆਪਣੇ ਨਾਲ ਜੋੜੀ ਰੱਖ;<br>
ਅਤੇ ਮੈਨੂੰ ਪ੍ਰੇਮ ਦੇ--ਕਲਵਰੀ ਦਾ ਸ਼ੁੱਧ ਪ੍ਰੇਮ

ਭੁਲਿਆਂ ਨੂੰ ਤੇਰੇ ਕੋਲ ਲਿਆਉਣ ਲਈ।

--- ਜੇਮਸ.ਏ.ਸਟੀਵਾਰਟ

ਜਦ ਤੱਕ ਮਕਸੱਦ ਪ੍ਰੇਮ ਨਾ ਹੋਵੇ, ਕੰਮ ਨਿਰਾਸ਼ਪੂਰਨ ਹੋ ਸਕਦਾ ਹੈ। ਇਸਦਾ ਕੋਈ ਲਾਭ ਨਹੀ। ਫਿਰ ਸੇਵਕਾਈ ਕੇਵਲ ਠਣ-ਠਣ ਕਰਨ ਵਾਲਾ ਪਿੱਤਲ ਅਥਵਾ ਛਣ-ਛਣ ਕਰਨ ਵਾਲਾ ਛੈਣਾ ਬਣ ਜਾਂਦੀ ਹੈ। ਪ੍ਰੰਤੂ ਜਦ ਪ੍ਰੇਮ ਅਗੁਵਾਈ ਕਰਨ ਵਾਲਾ ਤਾਰਾ ਹਵੇਂ, ਜਦ ਆਦਮੀ ਮਸੀਹ ਦੇ ਸਮਰਪੱਣ ਦੀ ਲਾਟ ਨਾਲ ਜਾਂਦੇ ਹਨ, ਤਾਂ ਪ੍ਰਿਥਵੀ ਦੀ ਕੋਈ ਸ਼ਕਤੀ ਉਨ੍ਹਾਂ ਦੇ ਪ੍ਰਚਾਰ ਕੰਮ ਨੂੰ ਰੋਕ ਨਹੀਂ ਸਕਦੀ ਹੈ।

ਇਕ ਚੇਲਿਆਂ ਦੇ ਝੁੰਡ ਦੀ ਕਲਪਨਾ ਕਰੋ, ਪੂਰੀ ਤਰ੍ਹਾਂ ਯਿਸੂ ਮਸੀਹ ਨੂੰ ਵਿਕੇ ਹੋਣੇ, ਮਸੀਹ ਦੇ ਪ੍ਰੇਮ ਦੁਆਰਾ ਨਿਕਲੇ ਹੋਣੇ, ਮੈਦਾਨ ਅਤੇ ਸਮੁੰਦਰ ਪਾਰ ਕਰਦੇ ਹੋਏ ਜਲਾਲੀ ਸੁਨੇਹੇ ਦੇ ਸੰਦੇਸ਼ਵਾਹਕ, ਬਿਨ ਥੱਕੇ ਨਵੇਂ ਇਲਾਕਿਆਂ ਵੱਲ ਵਧਦੇ ਜਾਂਦੇ, ਹਰੇਕ ਜੋ ਮਿਲੇ ਉਸਦੇ ਜੀਵਣ ਵਿਚ ਰੂਹ ਨੂੰ ਲਭਦੇ ਹੋਏ ਜਿਸ ਲਈ ਮਸੀਹ ਮਰਿਆ ਹੈ, ਅਤੇ ਹਰ ਇਕ ਨੂੰ ਹਮੇਸ਼ਾ ਲਈ ਮੁਕਤੀਦਾਤੇ ਦਾ ਅਰਾਧਕ ਬਣਾਉਣ ਲਈ ਲਾਲਸਾ ਕਰਨ ਵਾਲੇ। ਮਸੀਹ ਦੀ ਜਾਣਕਾਰੀ ਫਲਾਉਣ ਲਈ ਇਹ ਦੂਸਰੇ-ਸੰਸਾਰੀ (ਸਵਰਗੀ ਲੋਕ) ਲੋਕ ਕਿਹੜਾ ਤਰੀਕਾ ਅਪਨਾਉਂਦੇ ਹਨ?

ਨਵਾਂ ਨਿਯਮ ਵਿੱਚ ਸੰਸਾਰ ਤੱਕ ਸ਼ੁਭ-ਸਮਾਚਾਰ ਪਹੁੰਚਾਉਣ ਦੇ ਦੋ ਮੁੱਖ ਤਰੀਕੇ ਪ੍ਰਸਤੁੱਤ ਕਰਦਾ ਹੈ। ਪਹਿਲਾ ਹੈ, ਸਰਵਜਨਕ ਘੋਸ਼ਣਾ ਕਰਨ ਨਾਲ; ਦੂਸਰਾ ਹੈ ਨਿੱਜੀ ਚੇਲੇ ਬਨਾਉਣ ਦੁਆਰਾ।

ਪਹਿਲਾ ਤਰੀਕਾ, ਪ੍ਰੱਭੂ ਯਿਸੂ ਅਤੇ ਉਸਦੇ ਚੇਲਿਆ ਦੁਆਰਾ ਇਸਤੇਮਾਲ ਕੀਤਾ ਗਿਆ। ਜਿੱਥੇ-ਕਿੱਥੇ ਭੀੜ ਇੱਕਠੀ ਹੋਈ, ਉਥੇ ਖੁਸ਼ਖਬਰੀ

ਸਨਾਉਣ ਦਾ ਮੌਕਾ ਸੀ। ਇਸ ਤਰ੍ਹਾਂ ਅਸੀਂ ਸ਼ੁਭ ਸਮਾਚਾਰ ਦੀਆਂ ਸਭਾਵਾਂ, ਜੇਲ੍ਹਾਂ, ਹੋਟਲਾਂ, ਸਮੁੰਦਰ ਦੇ ਕੰਡਿਆ, ਅਤੇ ਝੀਲਾਂ ਦੇ ਕਿਨਰਿਆਂ ਉਤੇ ਦੇਖਦੇ ਹਾਂ। ਖੁਸ਼ਖਬਰੀ ਦੀ ਅਤਿ ਅਵੱਸ਼ਕਤਾ ਅਤੇ ਸਰਵਉਚੱਤਾ ਨੇ ਇਹ ਸੋਚਣ ਤੇ ਮਜ਼ਬੂਰ ਕਰ ਦਿੱਤਾ ਕਿ ਸਭਾਵਾਂ ਸਿਰਫ਼ ਰਵਾਇਤੀ ਸਥਾਨਾ ਤੇ ਹੀ ਸੀਮਤ ਨਾ ਹੋਣ।

ਮਸੀਹੀ ਵਿਸਵਾਸ਼ ਦੀ ਘੋਸ਼ਣਾ ਕਰਨ ਦਾ ਦੂਸਰਾ ਤਰੀਕਾ ਹੈ ਵਿਆਕਤੀਗੱਤ ਰੂਪ ਵਿਚ ਇਕੱਲੇ-ਇਕੱਲੇ ਨੂੰ ਚੇਲਾ ਬਣਾਉਨਾ। ਇਹ ਪ੍ਰਣਾਲੀ ਪ੍ਰੱਭੂ ਯਿਸੂ ਨੇ ਬਾਰ੍ਹਾਂ ਨੂੰ ਸਿਖਲਈ ਦੇਣ ਲਈ ਵਰਤੀ। ਉਸਨੇ ਆਦਮੀਆਂ ਦੇ ਛੋਟੇ ਝੁੰਡ ਨੂੰ ਬੁਲਾਇਆ ਕਿ ਉਹ ਉਨ੍ਹਾਂ ਨਾਲ ਰਹਿ ਸਕੇ ਅਤੇ ਉਹ ਉਨ੍ਹਾਂ ਨੂੰ ਭੇਜ ਸਕੇ। ਦਿਨ ਪ੍ਰਤੀ ਦਿਨ ਉਸਨੇ ਉਹਨਾਂ ਨੂੰ ਪ੍ਰਮੇਸ਼ੁਰ ਦੀ ਸਚਾਈ ਵਿਚ ਹਿਦਾਇਤ ਦਿੱਤੀ। ਉਸਨੇ ਉਹ ਕੰਮ ਉਨ੍ਹਾਂ ਸਾਹਮਣੇ ਰੱਖਿਆ ਜਿਸ ਲਈ ਉਹ ਨਿਯੁਕਤ ਕੀਤੇ ਗਏ ਸਨ। ਉਸਨੇ ਉਹਨਾਂ ਨੂੰ ਪਹਿਲਾਂ ਤੋਂ ਹੀ ਉਨ੍ਹਾਂ ਖ਼ਤਰਿਆਂ ਅਤੇ ਮੁਸ਼ਕਿਲਾਂ ਬਾਰੇ ਸਾਵਧਾਨ ਕੀਤਾ ਜਿਨ੍ਹਾਂ ਦਾ ਉਨ੍ਹਾਂ ਨੇ ਸਾਹਮਣਾ ਕਰਨਾ ਸੀ। ਉਸਨੇ ਉਨ੍ਹਾਂ ਨੂੰ ਪ੍ਰਮੇਸ਼ੁਵਰ ਦੀ ਇਕਾਂਤ ਹਜੂਰੀ ਵਿਚ ਖੜਿਆ ਅਤੇ ਆਪਣੇ ਨਾਲ ਮਹਿਮਾਪੂਰਨ, ਦੈਵੀ ਯੋਜਨਾ ਭਾਵੇ ਮੁਸ਼ਕਿਲ ਹੈ, ਵਿਚ ਭਾਗੀਦਾਰ ਬਣਾਇਆ। ਫਿਰ ਉਸਨੇ ਉਹਨਾਂ ਨੂੰ ਪਵਿੱਤਰ ਆਤਮਾ ਨਾਲ ਸਮਰੱਥ ਕਰਕੇ, ਇਕ ਜੀਅ ਉਠੇ ਸਵਰਗ ਚੜੇ, ਪ੍ਰਤਾਪ ਹੋਏ ਮੁਕਤੀਦਾਤੇ ਦੇ ਬਾਰੇ ਸੰਸਾਰ ਨੂੰ ਦਸੱਣ ਲਈ ਭੇਜ ਦਿੱਤਾ। ਇਸ ਪ੍ਰਣਾਲੀ ਦਾ ਪ੍ਰਭਾਵ ਇਸ ਸਚਾਈ ਵਿਚ ਹੈ ਕਿ ਚੇਲਿਆਂ ਦੇ ਝੁੰਡ ਜੋ ਕਿ ਇਕ ਦੇ ਵਿਸ਼ਵਾਸਘਾਤ ਕਰਨ ਨਾਲ, ਗਿਆਰ੍ਹਾਂ ਰੈਹ ਗਏ ਸਨ ਸੰਸਾਰ ਨੂੰ ਪ੍ਰੱਭੂ ਯਿਸੂ ਮਸੀਹ ਲਈ ਉਲਟਾ ਦਿੱਤਾ। ਪ੍ਰੇਰਿਤ ਪੌਲੁਸ ਨੇ ਨਾ ਸਿਰਫ ਆਪ ਇਸ ਢੰਗ ਨੂੰ ਇਸਤੇਮਾਲ ਕੀਤਾ ਸਗੋਂ ਤਿਮੋਥਿਓਸ ਨੂੰ ਵੀ ਵਰਤਨ ਲਈ ਬੇਨਤੀ ਕੀਤੀ। "ਅਤੇ ਜਿਹੜੀਆਂ

ਗੱਲਾਂ ਤੂੰ ਬਹੁਤਿਆਂ ਗਵਾਹਾਂ ਦੇ ਸਾਹਮਣੇ ਮੈਥੋਂ ਸੁਣੀਆਂ ਅਜੇਹਿਆਂ ਮਾਤਬਰ ਮਨੁੱਖਾਂ ਨੂੰ ਸੌਂਪ ਜਿਹੜੇ ਹੋਰਨਾਂ ਨੂੰ ਵੀ ਸਿੱਖਿਆ ਦੇਣ ਯੋਗ ਹੋਣ" (2 ਤਿਮੋਥੀ. 2:2 ) ਪਹਿਲਾ ਕਦਮ ਹੈ ਧਿਆਨਪੂਰਵਕ ਅਤੇ ਪ੍ਰਾਥਨਾਪੂਰਵਕ ਵਫਾਦਾਰ ਵਿਆਕਤੀਆਂ ਦਾ ਚੁਣਾਓ। ਦੂਸਰਾ ਹੈ ਉਹਨ੍ਹਾਂ ਨੂੰ ਮਹਿਮਾਪੂਰਨ ਦਰਸ਼ਨ ਸਮਝਾਉਣਾ। ਤੀਸਰਾ ਹੈ ਇਨ੍ਹਾਂ ਮਨੁੱਖਾ ਨੂੰ ਚੇਲੇ ਬਣਾਉਣ ਲਈ ਬਾਹਰ ਭੇਜਣਾ (ਮੱਤੀ.28:19)।

ਜੋ ਸੰਖਿਆ ਅਤੇ ਵੱਡੀ ਭੀੜ ਦੀ ਇੱਛਾ ਕਰਦੇ ਹਨ ਉਨ੍ਹਾਂ ਨੂੰ ਇਹ ਤਰੀਕਾ ਬੜਾ ਢਿੱਲਾ ਅਤੇ ਹੰਬਾਉ ਲੱਗੇਗਾ। ਲੇਕਿਨ ਪ੍ਰਮੇਸ਼ੁਵਰ ਜਾਣਦਾ ਹੈ ਉਹ ਕੀ ਕਰ ਰਹਾ ਹੈ, ਅਤੇ ਉਸਦੇ ਤਰੀਕੇ ਸਰਵੋਤਮ ਤਰੀਕੇ ਹਨ। ਇਕ ਵਿਸ਼ਾਲ ਸਵੈ-ਸੰਤੋਖ ਧਾਰਮਿਕ ਫੌਜ ਨਾਲੋਂ ਪ੍ਰਮੇਸ਼ੁਵਰ ਲਈ ਕੁਝ ਸਮਰਪਿੱਤ ਚੇਲਿਆਂ ਦੁਆਰਾ ਜ਼ਿਆਦਾ ਕੰਮ ਦੀ ਪ੍ਰਾਪਤੀ ਹੋ ਸਕਦੀ ਹੈ।

ਜਦ ਇਹ ਚੇਲੇ ਮਸੀਹ ਦੇ ਪ੍ਰੇਮ ਨਾਲ ਜਾਂਦੇ ਹਨ, ਉਹ ਕੁੱਝ ਮੁੱਢਲੇ ਸਿਧਾਤਾਂ ਦੀ ਪੈਰਵੀ ਕਰਦੇ ਹਨ ਜੋ ਪ੍ਰਮੇਸ਼ੁਵਰ ਦੇ ਬਚਨ ਵਿਚ ਉਲੇਖੇ ਗਏ ਹਨ। ਸਭ ਤੋਂ ਪਹਿਲਾਂ, ਉਹ ਸੱਪ ਵਾਂਗਰ ਚੱਤਰ ਅਤੇ ਕਬੁੱਤਰ ਵਾਂਗਰ ਭੋਲੇ ਹਨ। ਉਹ ਆਪਣੇ ਮੁਸ਼ਕਿਲ ਰਾਹਾਂ ਲਈ ਪ੍ਰਮੇਸ਼ੁਵਰ ਤੋਂ ਬੁੱਧ ਪ੍ਰਾਪਤ ਕਰਦੇ ਹਨ। ਇਸਦੇ ਨਾਲ ਉਹ ਆਪਣੇ ਸਹਿਯੋਗਿਆਂ ਨਾਲ ਸੰਬਧ ਵਿਚ ਨਮਰ ਅਤੇ ਹਲੀਮ ਹਨ। ਉਹ ਕਿਸੇਨੂੰ ਸਰੀਰਕ ਹਾਨੀ ਨਹੀਂ ਪਹੁੰਚਾਉਂਦੇ, ਮਨੁੱਖ ਉਹਨਾਂ ਦੀਆਂ ਪ੍ਰਾਥਨਾਵਾਂ ਅਤੇ ਅਮਿੱਟ ਗਵਾਹੀਆਂ ਤੋ ਡਰਦੇ ਹਨ ।

ਇਹ ਚੇਲੇ ਆਪਣੇ ਆਪਨੂੰ ਸੰਸਾਰ ਦੀ ਰਾਜਨੀਤੀ ਤੋਂ ਅਜ਼ਾਦ ਰਖੱਦੇ ਹਨ। ਉਹ ਆਪਣੇ ਆਪਨੂੰ ਕਿਸੇ ਵੀ ਪ੍ਰਕਾਰ ਦੀ ਸਰਕਾਰ ਜਾਂ ਰਾਜਨੀਤਕ ਵਿਚਾਰਧਾਰਾ ਵਿਰੁੱਧ ਲੜਾਈ ਕਰਨ ਲਈ ਬੁਲਾਏ ਗਏ ਨਹੀ ਸਮਝਦੇ। ਉਹ

ਕਿਸੇ ਵੀ ਤਰ੍ਹਾਂ ਦੀ ਸਰਕਾਰ ਅਧੀਨ ਰਿਹ ਕੇ ਕੰਮ ਕਰ ਸਕਦੇ ਹਨ ਅਤੇ ਉਸ ਪ੍ਰਤੀ ਵਫਾਦਾਰ ਰਿਹ ਸਕਦੇ ਹਨ ਉਸ ਹੱਦ ਤੱਕ ਜਿਥੋਂ ਤੱਕ ਉਨ੍ਹਾਂ ਨੂੰ ਆਪਣੀ ਗਵਾਹੀ ਨਾਲ ਸਮਝੌਤਾ ਨਹੀ ਕਰਨਾ ਪੈਂਦਾ ਜਾਂ ਪ੍ਰਭੂ ਦਾ ਇਨਕਾਰ ਨਹੀ ਕਰਨਾ ਪੈਂਦਾ। ਇਸ ਹੱਦ ਤੋਂ ਪਰੇ ਉਹ ਆਗਿਆ ਮੰਨਣ ਤੋਂ ਅਤੇ ਸਮਰਪਿੱਤ ਰਹਿਣ ਤੋਂ ਇਨਕਾਰ ਕਰ ਦਿੰਦੇ ਹਨ। ਪ੍ਰੰਤੂ ਉਹ ਕਿਸੇ ਦੁਨੀਆਵੀ ਸਰਕਾਰ ਖਿਲਾਫ਼ ਕੋਈ ਸਾਜ਼ਿਸ਼ ਨਹੀਂ ਰਚਦੇ ਜਾਂ ਕਿਸੇ ਕ੍ਰਾਂਤੀਕਾਰੀ ਸਕੀਮਾ ਵਿੱਚ ਨਹੀਂ ਰੁੱਝਦੇ। ਕੀ ਪ੍ਰੱਭੂ ਨੇ ਨਹੀ ਆਖਿਆ, "ਜੇ ਮੇਰਾ ਰਾਜ ਇਸ ਸੰਸਾਰ ਦਾ ਹੁੰਦਾ ਤਾ ਮੇਰੇ ਸੇਵਕ ਲੜਾਈ ਕਰਦੇ"? ਇਹ ਮੱਨੁਖ ਸਵਰਗੀ ਦੇਸ਼ ਦੇ ਰਾਜਦੂਤ ਹਨ ਅਤੇ ਇਸ ਲਈ ਸੰਸਾਰ ਵਿੱਚ ਮੁਸਾਫਿਰ ਅਤੇ ਓਪਰੇ ਬਣਕੇ ਰਹਿੰਦੇ ਹਨ।

ਉਹ ਆਪਣੇ ਹਰ ਕੰਮ ਵਿਚ ਪੂਰੀ ਤਰ੍ਹਾਂ ਇਮਾਨਦਾਰ ਹਨ। ਉਹ ਹਰ ਪ੍ਰਕਾਰ ਦੇ ਛੱਲ-ਕਪਟ ਤੋਂ ਦੂਰ ਰਹਿੰਦੇ ਹਨ। ਉਨ੍ਹਾਂ ਦੀ "ਹਾਂ" ਦਾ ਮਤਲਬ "ਹਾਂ" ਅਤੇ "ਨਾ" ਦਾ ਮਤਲਬ "ਨਾ" ਹੁੰਦਾ ਹੈ। ਉਹ ਝੂਠ ਬੋਲਣ ਤੋਂ ਬਚੇ ਰਹਿੰਦੇ ਹਨ ਤਾਂ ਕਿ ਅੰਤ ਵਿਚ ਇਨਸਾਫ਼ ਮਿਲੇ। ਉਹ ਕਿਸੇ ਸਥਿਤੀ ਵਿਚ ਬੁਰਾ ਨਹੀਂ ਕਰਨਗੇ ਕਿ ਚੰਗਾ ਹੋਵੇ। ਉਨ੍ਹਾਂ ਕੋਲ ਇਕ ਅੰਤਾਹਕਰਨ ਹੈ ਜਿਸ ਕਰਕੇ ਉਹ ਪਾਪ ਕਾਰਨ ਮਰ ਜਾਣਗੇ ਪਰ ਪਾਪ ਨਹੀਂ ਕਰਨਗੇ।

ਇਹਨਾਂ ਮਨੁੱਖਾਂ ਦਾਂ ਇਕ ਹੋਰ ਸਿਧਾਂਤ ਸੀ ਕਿ ਉਨ੍ਹਾਂ ਦਾ ਕੰਮ ਸਥਾਨੀ ਕਲੀਸਿਆ ਨਾਲ ਜੁੜਿਆ ਹੁੰਦਾ ਸੀ। ਉਹ ਪ੍ਰੱਭੂ ਲਈ ਆਦਮੀ ਜਿੱਤਣ ਲਈ ਇਸ ਸੰਸਾਰ ਦੇ ਵਾਢੀ ਦੇ ਖੇਤਾਂ ਵਿਚ ਜਾਂਦੇ ਪਰ ਫਿਰ ਇਹਨਾਂ ਮਨੁੱਖਾਂ ਦੀ ਸਥਾਨੀ ਕਲੀਸਿਆ ਦੀ ਸੰਗਤੀ ਵੱਲ ਰਹਨੁੰਮਾਈ ਕਰਦੇ ਜਿਥੇ ਉਹ ਆਪਣੇ ਪਵਿੱਤਰ ਇਮਾਨ ਵਿਚ ਮਜ਼ਬੂਤ ਹੁੰਦੇ ਅਤੇ ਉਸਾਰੇ ਜਾਂਦੇ। ਸੱਚੇ ਚੇਲੇ ਜਾਂਦੇ ਹਨ ਕਿ ਸਥਾਨੀ ਕਲੀਸਿਆ ਧਰਤੀ ਉਤੇ ਵਿਸ਼ਵਾਸ ਦੀ ਘੋਸ਼ਨਾ ਕਰਨ ਲਈ

ਪ੍ਰਮੇਸ਼ੁਵਰ ਦੀ ਇਕ ਯੂਨਿਟ ਹੈ । ਸਰਵੋਤਮ ਅਤੇ ਹਮੇਸ਼ਾ ਬਣਿਆ ਰਹਿਣ ਵਾਲਾ ਕੰਮ ਇਹਨਾਂ ਪੰਗਤੀਆਂ ਉਤੇ ਉਸਾਰਿਆ ਜਾਂਦਾ ਹੈ।

ਚੇਲੇ ਹਰ ਉਲਝਣਾ ਵਾਲੇ ਕੰਮ ਤੋਂ ਬਚੱਣ ਲਈ ਸਮਝ ਰੱਖਦੇ ਸਨ। ਉਹਨਾਂ ਨੇ ਆਪਣੀਆਂ ਕਿਰਿਆਵਾਂ ਨੂੰ ਦ੍ਰਿੜਤਾ ਨਾਲ ਕਿਸੇ ਮੱਨੁਖੀ ਪ੍ਰਭਾਵ ਅਨੁਸਾਰ ਚਲਾਉਣ ਤੋਂ ਇਨਕਾਰ ਕੀਤਾ। ਉਨ੍ਹਾਂ ਆਪਣੇ ਕਦਮ ਅੱਗੇ ਵਧਾਉਣ ਵਾਸਤੇ ਆਦੇਸ਼ ਸਿਧੇ ਮੁੱਖ ਦਫਤਰ ਸਵਰਗ ਤੋਂ ਪ੍ਰਾਪਤ ਕਰਦੇ । ਇਸਦਾ ਅਰਥ ਇਹ ਨਹੀਂ ਕਿ ਉਹ ਸਥਾਨੀ ਕਲੀਸਿਆ ਦੇ ਸਮਰਥਨ ਅਤੇ ਸਿਫ਼ਾਰਸ਼ ਤੋਂ ਬਿਨ੍ਹਾਂ ਕੰਮ ਕਰਦੇ ਸਨ। ਇਸਦੇ ਉਲਟ ਉਹ ਇਨ੍ਹਾਂ ਸ਼ਿਫਾਰਸ਼ਾਂ ਨੂੰ ਪ੍ਰਮੇਸ਼ੂਰ ਦੀ ਸੇਵਾ ਦੀ ਬੁਲਾਹਟ ਦੀ ਪੁਸ਼ਟੀ ਸਮਝਦੇ ਸਨ। ਪ੍ਰੰਤੂ ਉਹ ਮਸੀਹ ਦੀ ਸੇਵਕਾਈ ਵਿਚ ਉਸਦੇ ਬਚਨ ਦੀ ਅਤੇ ਉਸਦੀ ਅਗੁਵਾਈ ਦੀ ਜ਼ਰੂਰਤ ਉਤੇ ਜ਼ੋਰ ਦਿੰਦੇ ਸਨ।

ਅੰਤ ਵਿਚ, ਇਹ ਚੇਲੇ ਪ੍ਰਸਿੱਧੀ ਤੋਂ ਪਰੇ ਰਹਿੰਦੇ ਹਨ। ਉਹ ਆਪਣੇ ਆਪਨੂੰ ਗੁਮਨਾਮ ਰਖੱਦੇ ਹਨ। ਉਨ੍ਹਾਂ ਦਾ ਉਦੇਸ਼ ਮਸੀਹ ਦੀ ਮਹੀਮਾ ਕਰਨਾ ਅਤੇ ਉਸਦੀ ਜਾਣਕਾਰੀ ਫਲਾਉਣਾ ਹੈ। ਉਹ ਆਪਣੇ ਲਈ ਮਹਾਨ ਚੀਜ਼ਾ ਨਹੀ ਭਾਲਦੇ ਸਨ। ਨਾ ਹੀ ਉਹ ਆਪਣੀ ਰਣਨੀਤੀ ਦੁਸ਼ਮਣ ਅੱਗੇ ਜ਼ਾਹਿਰ ਕਰਦੇ ਸਨ। ਮਨੁੱਖਾਂ ਦੀ ਤਾਰੀਫ਼ ਜਾਂ ਦੋਸ਼ ਤੋਂ ਅਚੇਤ ਰਹਿ ਕੇ ਉਹ ਚੁਪ-ਚਾਪ ਅਤੇ ਅਣਨੁਮਾਇਸ਼ੀ ਢੰਗ ਨਾਲ ਕੰਮ ਕਰਦੇ ਹਨ। ਉਹ ਜਾਣਦੇ ਹਨ ਕਿ " ਉਹਨ੍ਹਾਂ ਦੀ ਮਹਿਨਤ ਦਾ ਫੱਲ ਭੋਗਨ ਲਈ ਸਰਵੋਂਤਮ ਅਤੇ ਸਰਵਸੁਰੱਖਿਅੱਤ ਸਥਾਨ ਸਵਰਗ ਹੈ।"

# ਸ਼ਾਗਿਰਦੀ ਅਤੇ ਸ਼ਾਦੀ

"ਕਿਉਂਕਿ ਅਜੇਹੇ ਖੁਸਰੇ ਹਨ..... ਜਿਨ੍ਹਾਂ ਨੇ ਸੁਰਗ ਦੇ ਰਾਜ ਦੇ ਕਾਰਨ ਆਪਣੇ ਆਪਨੂੰ ਖੁਸਰੇ ਕੀਤਾ ਹੈ। ਜਿਹੜਾ ਕਬੂਲ ਕਰ ਸਕਦਾ ਹੈ ਉਹ ਕਬੂਲ ਕਰੇ।" (ਮੱਤੀ 19:12)। ਮੁੱਖ ਪ੍ਰਸ਼ਨਾਂ ਵਿਚੋਂ ਜਿਸਦਾ ਸਾਹਮਣਾ ਹਰੇਕ ਚੇਲੇ ਨੂੰ ਕਰਨਾ ਪੈਂਦਾ ਹੈ ਕਿ ਉਸਨੂੰ ਪ੍ਰਮੇਸ਼ੁਵਰ ਨੇ ਵਿਆਓਤੇ ਜੀਵਣ ਲਈ ਬੁਲਾਇਆ ਹੈ ਜਾਂ ਕੁਆਰਾ ਰਹਿਣ ਲਈ। ਇਹ ਪੂਰੀ ਤਰ੍ਹਾਂ ਪ੍ਰਮੇਸ਼ੁਵਰ ਦੀ ਨਿਜੀ ਅਗੁਵਾਈ ਦਾ ਮਾਮਲਾ ਹੈ। ਕੋਈ ਕਿਸੇ ਉਤੇ ਕਾਨੂੰਨ ਲਾਗੂ ਨਹੀਂ ਕਰ ਸਕਦਾ, ਅਤੇ ਇਸ ਮਹੱਤਵਪੂਰਨ ਖੇਤਰ ਵਿਚ ਦਖ਼ਲ ਦੇਣਾ ਇਕ ਖ਼ਤਰਨਾਕ ਗੱਲ ਹੋਵੇਗੀ।

ਪ੍ਰਮੇਸ਼ੁਵਰ ਦੇ ਵਚਨ ਦੀ ਸਧਾਰਨ ਸਿਖੱਿਆ ਇਹ ਹੈ ਕਿ ਸ਼ਾਦੀ ਪ੍ਰਮੇਸ਼ੁਵਰ ਦੁਆਰਾ ਮਨੁੱਖ ਜਾਤੀ ਲਈ ਕਈ ਉਦੇਸ਼ਾਂ ਨੂੰ ਮੱਦੇ ਨਜ਼ਰ ਰਖਦੇ ਹੋਏ ਸਥਾਪਿਤ ਕੀਤੀ ਗਈ।

1. ਇਹ ਆਨੰਦ ਅਤੇ ਸਹਿਯੋਗ ਲਈ ਸਥਾਪਿਤ ਕੀਤੀ ਗਈ। ਪ੍ਰਮੇਸ਼ੁਵਰ ਨੇ ਦੇਖਿਆ ਕਿ "ਭਈ ਚੰਗਾ ਨਹੀ ਕਿ ਆਦਮੀ ਇੱਕਲਾ ਰਹੇ" (ਉਤਪੱਤ 2:18)।

2. ਇਹ ਮਨੁੱਖ ਜਾਤੀ ਦਾ ਵਿਕਾਸ ਕਰਨ ਲਈ ਬਣਾਈ ਗਈ। ਇਹ ਪ੍ਰੱਭੂ ਦੀ ਆਗਿਆ ਦੁਆਰਾ ਫਰਮਾਇਆ ਗਿਆ ਹੈ "ਫਲੋ ਅਰ ਵਧੋ ਅਰ ਧਰਤੀ ਨੂੰ ਭਰ ਦਿਓ" (ਉਤਪੱਤ 1:28)

3. ਇਸਦਾ ਪ੍ਰਬੰਧ ਪਰਿਵਾਰ ਅਤੇ ਸਮਾਜ ਵਿਚ ਸ਼ੁੱਧਤਾ ਕਾਇਮ ਰੱਖਣ ਲਈ ਕੀਤਾ ਗਿਆ ਹੈ। "ਪਰੰਤੂ ਹਰਾਮਕਾਰੀਆਂ ਦੇ ਕਾਰਨ ਹਰੇਕ ਪੁਰਖ ਆਪਣੀ ਹੀ ਇਸਤ੍ਰੀ ਰਖੇ (1ਕੁਰਿੰਥੀਆਂ 7:2)।

ਖ਼ੁਦਾ ਦੇ ਕਲਾਮ ਵਿਚ ਏਹੋ ਜਹੀ ਕੋਈ ਗੱਲ ਨਹੀ ਜੋ ਇਹ ਸੁਝਾਓ ਦਿੰਦੀ ਹੋਏ ਕਿ ਸ਼ਾਦੀ ਮਸੀਹ ਦੀ ਸੇਵਕਾਈ ਲਈ, ਪਵਿੱਤ੍ਰਤਾ ਅਤੇ ਸਮਰਪੱਣ ਦੇ ਜੀਵਣ ਨਾਲ ਮੇਲ ਨਹੀਂ ਖਾਂਦੀ। ਸਗੋਂ ਸਾਨੂੰ ਇਹ ਯਾਦ ਕਰਾਇਆ ਗਿਆ ਹੈ ਕਿ "ਵਿਆਹ ਕਰਨਾ ਸਭਨਾਂ ਵਿੱਚ ਆਦਰ ਜੋਗ ਗਿਣਿਆ ਜਾਵੇ ਅਤੇ ਵਿਛਾਉਣਾ ਬੇਦਾਗ ਰਹੇ"। (ਇਬਰਾਨੀਆਂ 13:4) ਵਚਨ ਆਖਦਾ ਹੈ "ਜਿਹਨੂੰ ਵਹੁਟੀ ਲੱਭੀ ਉਹਨੂੰ ਚੰਗੀ ਵਸਤ ਲੱਭੀ" (ਕਹਾਉਤਾਂ 18:22)। ਉਪਦੇਸ਼ਕ ਦੇ ਸ਼ਬਦ ਅਕਸਰ ਵਿਆਹ ਤੇ ਲਾਗੂ ਕੀਤੇ ਜਾ ਸਕਦੇ ਹਨ " ਇਕ ਨਾਲੋਂ ਦੋ ਚੰਗੇ ਹਨ" (ਉਪਦੇਸ਼ਕ 4:9) ਵਿਸ਼ੇਸਕਰ ਜੇ ਦੋਵੇ ਪ੍ਰੱਭੂ ਦੀ ਸੇਵਕਾਈ ਵਿਚ ਜੁੜ ਜਾਣ। ਬਿਵਸਥਾਸਾਰ 32:30 ਦੁਆਰਾਂ ਇਕੱਠ ਵਿਚ ਕੰਮ ਦੇ ਪ੍ਰਭਾਵ ਦੇ ਵਾਧੇ ਦਾ ਸੁਝਾਓ ਦਿੱਤਾ ਗਿਆ ਹੈ, ਜਿਥੇ ਇੱਕ ਜਣਾ ਹਜ਼ਾਰ ਦੇ ਪਿਛੇ ਪਵੇ, ਅਤੇ ਦੋ ਜਣੇ ਇੱਕ ਮਹੈਣ ਨੂੰ ਨਠਾਉਣ।

ਭਾਵੇਂ ਕਿ ਸਮੱਸਤ ਜਾਤੀ ਲਈ ਪ੍ਰਮੇਸ਼ਵਰ ਦੀ ਇਹ ਇੱਛਾ ਹੈ। ਇਹ ਜ਼ਰੂਰੀ ਨਹੀ ਉਸਦੀ ਇੱਛਾ ਹਰੇਕ ਜੰਨ ਵਾਸਤੇ ਇੱਕੋ ਜਿਹੀ ਹੋਵੇ। ਜਦ ਦੇਖਿਆ ਜਾਵੇ ਤਾਂ ਇਹ ਇਕ ਨਾ ਅਲੱਗ ਕਰਨ ਵਾਲਾ ਅਧੀਕਾਰ ਹੈ, ਪ੍ਰੱਭੂ ਯਿਸੂ ਦਾ ਰਸੂਲ ਇਸ ਅਧੀਕਾਰ ਨੂੰ ਤਿਆਗ ਕੇ ਆਪਣੇ ਆਪਨੂੰ ਮਸੀਹੀ ਦੀ

ਸੇਵਾ ਵਿਚ ਨਿਰਵਿਘਨਤਾ ਨਾਲ ਜ਼ਿਆਦਾ ਲਗਾ ਸਕਦਾ ਹੈ। ਪ੍ਰੱਭੂ ਯਿਸੂ ਸੰਕੇਤ ਕਰਦੇ ਹਨ ਕਿ ਉਸਦੇ ਰਾਜ ਵਿਚ ਕੁੱਝ ਇਸ ਤਰ੍ਹਾਂ ਹੋਣਗੇ ਜੋ ਉਸਦੀ ਖ਼ਾਤਿਰ ਇਸ ਤਰ੍ਹਾਂ ਦੇ ਬ਼ਣ ਜਾਣਗੇ ਜਿਵੇ ਖੁਸਰੇ ਹੋਣ:

ਕਿਉਂਕਿ ਅਜੇਹੇ ਖੁਸਰੇ ਹਨ ਜਿਹੜੇ ਮਾਂ ਦੀ ਕੁੱਖੋਂ
ਇਸੇ ਤਰ੍ਹਾਂ ਜੰਮੇ ਅਤੇ ਅਜੇਹੇ ਖੁਸਰੇ ਹਨ ਜਿਹੜੇ
ਮਨੁੱਖਾਂ ਦੇ ਖ਼ਸਰੇ ਕੀਤੇ ਹੋਏ ਹਨ ਅਤੇ ਅਜੇਹੇ
ਖੁਸਰੇ ਹਨ ਕਿ ਜਿਨ੍ਹਾਂ ਨੇ ਸੁਰਗ ਦੇ ਰਾਜ
ਦੇ ਕਾਰਨ ਆਪਣੇ ਆਪਨੂੰ ਖੁਸਰੇ ਕੀਤਾ ਹੈ।
ਜਿਹੜਾ ਕਬੂਲ ਕਰ ਸਕੱਦਾ ਹੈ ਉਹ ਕਬੂਲ ਕਰੇ।
(ਮੱਤੀ 19:12)

ਇਹ ਨਿਸ਼ਚਿਤ ਤੌਰ ਤੇ ਇਕ ਸਵੈ ਇਛੁੱਕ ਪ੍ਰੱਤਿਗਿਆ ਹੈ ਜਿਹੜੀ ਕੋਈ ਵਿਅਕਤੀ ਦੋ ਕਾਰਨਾ ਕਰਕੇ ਕਰਦਾ ਹੈ:

1. ਪ੍ਰਮੇਸ਼ੁਵਰ ਵਲੋਂ ਕੁਆਰਾ ਰਹਿਣ ਦੀ ਅਗੁਵਾਈ ਦੀ ਭਾਵਨਾ।

2. ਪਰਿਵਾਰਕ ਜੀਵਣ ਦੀਆਂ ਜ਼ੁੰਮੇਵਾਰੀਆਂ ਤੋਂ ਬਗੈਰ ਆਪਣੇ ਆਪਨੂੰ ਪ੍ਰੱਭੂ ਦੇ ਕੰਮ ਲਈ ਪੂਰੀ ਤ੍ਰਰ੍ਹਾਂ ਲਗਾਉਣ ਦੀ ਇਕ ਇੱਛਾ ।

ਈਸ਼ਵਰੀ ਬੁਲਾਹਟ ਦਾ ਪੂਰਨ ਭਰੋਸਾ ਚਾਹੀਦਾ ਹੈ (1 ਕੁਰਿੰਥੀਆ 7:7) ਚੇਲਾ ਸਿਰਫ਼ ਇਸੇ ਦੁਆਰਾ ਨਿਸ਼ਚਿਤ ਹੋ ਸਕਦਾ ਹੈ ਕਿ ਪ੍ਰੱਭੂ ਉਸਨੂੰ ਲਗਾਤਾਰ ਬਣੇ ਰਹਿਣ ਲਈ ਲੋੜੀਦੀ ਕ੍ਰਿਪਾ ਪ੍ਰਦਾਨ ਕਰੇਗਾ।

ਦੂਸਰੀ ਗੱਲ, ਇਹ ਸਵੈ-ਇਛੁੱਕਤਾ ਨਾਲ ਹੋਵੇ। ਜਿਥੇ ਕੁਆਰਾਪਣ ਪਰੋਹਤੀ ਦਬਾਅ ਕਾਰਨ ਹੋਵੇ, ਉਥੇ ਅਪਵਿੱਤ੍ਰਤਾ ਅਤੇ ਅਨੈਤਿਕਤਾ ਦਾ ਖਤਰਾ ਜ਼ਿਆਦਾ ਹੁੰਦਾ ਹੈ।

ਪੌਲੁਸ ਰਸੂਲ ਇਸ ਤੱਤ ਤੇ ਜ਼ੋਰ ਦਿੰਦੇ ਹਨ ਕਿ ਅਕਸਰ ਕੁਆਰਾ ਵਿਅਕਤੀ ਖੁਦ ਨੂੰ ਪ੍ਰਭੂ ਦੀ ਸੇਵਾ ਵਿਚ ਜ਼ਿਆਦਾ ਲਗਾ ਸਕਦਾ ਹੈ:

ਅਣਵਿਆਹਿਆ ਪੁਰਖ ਪ੍ਰਭੂ ਦੀਆਂ ਗੱਲਾਂ ਦੀ ਚਿੰਤਾ ਕਰਦਾ ਹੈ ਜੋ ਉਹ ਪ੍ਰੱਭੂ ਨੂੰ ਕਿਵੇਂ ਪਰਸੰਨ ਕਰੇ। ਪਰ ਵਿਆਹਿਆ ਹੋਇਆ ਸੰਸਾਰ ਦੀਆਂ ਗੱਲਾਂ ਦੀ ਚਿੰਤਾ ਕਰਦਾ ਹੈ। ਜੋ ਆਪਣੀ ਪਤਨੀ ਨੂੰ ਪ੍ਰਸੰਨ ਕਰੇ (1ਕੁਰਿੰਥੀਆਂ 7:32–33)।

ਇਸੇ ਕਾਰਨ, ਉਸਨੇ ਇਹ ਇੱਛਾ ਪ੍ਰਗਟ ਕੀਤੀ ਹੈ ਕਿ ਕੁਆਰੇ ਅਤੇ ਵਿਧਵਾ ਉਸਦੀ ਤਰ੍ਹਾਂ ਰਹਿਣ ਮਤਲਬ ਕੁਆਰਾ (1 ਕੁਰਿੰਥੀਆਂ 7:7,8)।

ਇਥੋਂ ਤੱਕ ਕਿ ਪ੍ਰੇਰਿਤ ਪਹਿਲਾਂ ਤੋਂ ਹੀ ਵਿਆਹਿਆ ਹੋਇਆਂ ਨੂੰ ਜ਼ੋਰ ਦੇ ਕੇ ਆਖਦਾ ਹੈ ਕਿ ਸਮੇਂ ਦੀ ਕਮੀ ਇਹ ਮੰਗ ਕਰਦੀ ਹੈ ਕਿ ਮਸੀਹ ਦੀ ਜਾਣਕਾਰੀ ਫਲਾਉਣ ਦੇ ਮਹਾਨ ਕੰਮਾਂ ਤੋਂ ਬਾਕੀ ਸਭ ਕੁੱਝ ਨੂੰ ਹੇਠਲਾ ਦਰਜਾ ਦੇਣਾ ਚਾਹੀਦਾ ਹੈ।

ਹੇ ਭਰਾਵੋ, ਮੈਂ ਇਹ ਆਖਦਾ ਹਾਂ ਜੋ ਸਮਾ ਘਟਾਇਆ ਗਿਆ ਹੈ ਭਈ ਏਦੋਂ ਅੱਗੇ ਪਤਨੀ ਵਾਲੇ ਅਜਿਹੇ ਹੋਣ ਕਿ ਜਾਣੀਦਾ ਉਨ੍ਹਾਂ ਦੇ ਪਤਨੀਆ ਨਹੀਂ ਹਨ। ਅਤੇ ਰੋਣ ਵਾਲੇ ਕਿ ਜਾਣੀਦਾ ਉਹ ਅਨੰਦ ਨਹੀਂ ਕਰਦੇ ਅਤੇ ਮੁੱਲ ਲੈਣ ਵਾਲੇ ਕਿ ਜਾਣੀਦਾ ਉਨ੍ਹਾਂ ਦੇ ਕੋਲ ਮਾਲ ਨਹੀਂ ਹੈ। ਅਤੇ ਸੰਸਾਰ ਨੂੰ ਵਰਤਣ ਵਾਲੇ ਕਿ ਜਾਣੀਦਾ ਹੋਦੋਂ ਵਧਕੇ ਨਹੀਂ ਵਰਤਦੇ ਕਿਉਂ ਜੋ ਇਸ ਸੰਸਾਰ ਦਾ ਰੰਗ ਢੰਗ ਬੀਤਦਾ ਜਾਂਦਾ ਹੈ (1ਕੁਰਿਥੀਆਂ 7:29–31)।

ਨਿਸ਼ਚਿਤ ਹੀ ਇਸਦਾ ਮਤਲਬ ਇਹ ਨਹੀਂ ਕਿ ਉਹ ਆਪਣੇ ਘਰ ਦੀਆਂ ਜੁੰਮੇਵਾਰੀਆ ਤਿਆਗ ਦੇਵੇ, ਆਪਣੀ ਪਤਨੀ ਅਤੇ ਬੱਚਿਆਂ ਨੂੰ ਛੱਡ ਦਵੇ ਅਤੇ ਇਕ ਮਿਸ਼ਨਰੀ ਬਣਕੇ ਨਿਕਲ ਤੁਰੇ। ਪ੍ਰੰਤੂ ਇਸਦਾ ਅਰਥ ਇਹ ਹੈ ਕਿ ਉਹ ਆਪਣੇ ਅੰਨਦ ਲਈ ਅਤੇ ਘਰੇਲੂ ਜੀਵਣ ਦੀ ਸੰਤੁਸ਼ਟੀ ਲਈ ਨਾ

ਜੀਵੇ। ਉਹ ਮਸੀਹ ਨੂੰ ਦੂਸਰਾ ਸਥਾਨ ਦੇਣ ਲਈ ਆਪਣੀ ਪਤਨੀ ਅਥਵਾ ਬੱਚਿਆ ਦਾ ਬਹਾਨਾ ਨਾ ਬਣਾਏ।

ਸੀ.ਟੀ.ਸਟੱਡ ਨੂੰ ਡਰ ਸੀ ਕਿਤੇ ਉਸਦੀ ਹੋਣ ਵਾਲੀ ਪਤਨੀ ਉਸਦੇ ਪ੍ਰਤੀ ਕਿਤੇ ਐਂਨੀ ਭਾਰੂ ਨਾ ਹੋ ਜਾਏ ਕਿ ਪ੍ਰੱਭੂ ਯਿਸੂ ਦਾ ਉਸਦੇ ਜੀਵਣ ਵਿਚ ਪਹਿਲਾ ਸਥਾਨ ਨਾ ਰਹੇ । ਇਸ ਤੋਂ ਬਚਣ ਲਈ ਉਸਨੇ ਉਸ ਵਾਸਤੇ ਪ੍ਰਤੀ ਦਿਨ ਦੌਹਰਾਉਣ ਲਈ ਇਕ ਸ਼ਲੋਕ ਲਿਖਿਆ:

ਯਿਸੂ, ਮੈਂ ਤੈਨੂੰ ਪ੍ਰੇਮ ਕਰਦੀ ਹਾਂ,
ਤੂੰ ਮੈਨੂੰ ਕਰਦਾ ਹੈ,
ਚਾਰਲੀ ਨਾਲੋਂ ਵਧੀਕ ਪਿਆਰੇ,
ਅਤੇ ਹਮੇਸ਼ਾ ਲਈ ਕਰਦੀ ਰਹਾਂਗੀ ।

ਕਮਿਉਨਿਸਟਾਂ ਨੇ ਇਸ ਵਿਸ਼ਾਲ ਕੰਮ ਮਨੁੱਖਤਾ ਨੂੰ ਜਿੱਤਣ ਲਈ ਆਪਣੇ ਪਰਿਵਾਰਕ ਕੰਮਾਂ ਨੂੰ ਹੇਠਲਾ ਦਰਜਾਂ ਦੇਣਾ ਸਿੱਖ ਲਿਆ ਹੈ। ਗੁਰਡੋਨ ਅਰਨੋਲਡ ਲੋਨਸਡੇਲ ਇਸਦੀ ਇਕ ਮਿਸਾਲ ਹੈ। 1960 ਵਿਚ ਇਕ ਰੂਸੀ ਸਿਪਾਹੀ ਹੁੰਦਿਆ ਜਦ ਉਹ ਇੰਗਲੈਂਡ ਵਿਚ ਫੜਿਆ ਗਿਆ, ਪੁਲੀਸ ਨੂੰ ਉਸਦੀ ਜੇਬ ਵਿਚੋਂ ਉਸਦੀ ਪਤਨੀ ਦਾ ਇਕ ਖੱਤ ਅਤੇ ਇਕ ਛੇ ਸਫਿਆ ਦਾ ਉੱਤਰ ਮਿਲਿਆ। ਉਸਦੀ ਪਤਨੀ ਨੇ ਲਿਖਿਆ, "ਜਿੰਦਗੀ ਕਿੰਨੀ ਨਾਇੰਨਸਾਫ ਕਰਦੀ ਹੈ। ਮੈਂ ਚੰਗੀ ਤਰ੍ਹਾਂ ਜਾਣਦੀਹਾਂ ਕਿ ਤੂੰ ਕੰਮ ਕਰ ਰਿਹਾ ਅਤੇ ਇਹ ਤੇਰਾ ਕਰਤੱਵ ਹੈ ਅਤੇ ਤੂੰ ਆਪਣੇ ਕੰਮ ਨੂੰ ਪਿਆਰ ਕਰਦਾ ਹੈ ਅਤੇ ਇਹ ਸਭ ਬੜੀ ਸੂਝ-ਬੂਝ ਨਾਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਫਿਰ ਵੀ ਕਿਸੇ ਨਾ ਕਿਸੇ ਤਰ੍ਹਾਂ ਮੇਰੇ ਵਿਚਾਰ ਔਰਤਾਂ ਵਾਂਗਰ ਸੌੜੀ ਸੋਚ ਵਾਲੇ ਹਨ ਅਤੇ ਮੈਂ ਭਿਆਨਕ ਦੁੱਖ ਭੋਗਦੀ ਹਾਂ। ਮੈਨੂੰ ਲਿਖ ਤੂੰ ਮੈਨੂੰ ਕਿੰਨਾ ਪਿਆਰ ਕਰਦਾ ਹੈ, ਤਾਂਕਿ ਸ਼ਾਇਦ ਮੈਂ ਕੁਝ ਬੇਹਤਰ ਮਹਿਸੂਸ ਕਰਾਂ।"

ਲੋਨਸਡੇਲ ਨੇ ਇਕ ਭਾਗ ਵਿਚ ਉਤੱਰ ਦਿੱਤਾ: "ਜੋ ਕੁਝ ਮੈਂ ਕਹਿਣ ਜਾ ਰਹਾ ਹਾਂ ਉਹ ਇਹ ਹੈ ਕਿ ਮੇਰੇ ਕੋਲ ਸਿਰਫ਼ ਇਕ ਜੀਵਣ ਹੈ ਅਤੇ ਉਹ ਵੀ ਅਸਾਨ ਨਹੀਂ ਹੈ। ਮੈਂ ਚਾਹੁੰਦਾ ਹਾਂ ਕਿ ਜੋ ਕੁੱਝ ਵੀ ਮੈਂ ਕਰਾਂ ਉਹ ਮੇਰਾ ਜੀਵਣ ਇਸ ਪ੍ਰਕਾਰ ਬਤੀਤ ਹੋਵੇ ਕਿ ਜਦ ਮੈਂ ਇਸਨੂੰ ਮੁੜਕੇ ਦੇਖਾਂ ਤਾਂ ਮੈਨੂੰ ਕੋਈ ਸ਼ਰਮ ਨਾ ਆਵੇ... ਜਲਦ ਹੀ ਮੈਂ 39 ਸਾਲਾ ਦਾ ਹੋ ਜਾਵਗਾ; ਅਤੇ ਅਜੇ ਕੰਮ ਕਾਫ਼ੀ ਬਚਿਆ ਹੋਇਆ ਹੈ?"

ਪੌਲੁਸ ਲਿਖਦਾ ਹੈ "ਸਮਾ ਥੌੜਾ ਹੈ, "ਏਦੋਂ ਅਗੇ... ਪਤਨੀ ਵਾਲੇ ਅਜਿਹੇ ਹੋਣ ਕਿ ਜਾਣੀਦਾ ਉਨ੍ਹਾਂ ਦੇ ਪਤਨੀਆਂ ਨਹੀਂ ਹਨ..."

ਦੁਰਘਟਨਾਮਈ ਗੱਲ ਇਹ ਹੈ ਕਿ ਜਲਦੀਬਾਜੀ ਅਤੇ ਗਲਤ ਆਗੂਵਾਈ ਵਾਲੀ ਸ਼ਾਦੀ ਹਮੇਸ਼ਾ ਜਵਾਨਾਂ ਨੂੰ ਮਸੀਹ ਦੇ ਮਾਰਗ ਵਿਚ ਜ਼ਿਆਦਾ ਇਸਤੇਮਾਲ ਹੋਣ ਤੋਂ ਵਿਘਨ ਪਾਉਣ ਲਈ ਹਮੇਸ਼ਾ ਸ਼ਤਾਨ ਦਾ ਹਥਿਆਰ ਰਹਾ ਹੈ। ਬਹੁਤ ਸਾਰੇ ਇਛੁੱਕ ਮੌਹਰੀਆਂ (ਮੋਢੀਆਂ) ਨੇ ਸ਼ਾਦੀ ਦੀ ਵੇਦੀ ਅੱਗੇ ਮਸੀਹ ਦੀ ਨਿਰਵਿਘਨ ਸੇਵਾ ਵਾਲੇ ਚਰਿੱਤ੍ਰ ਨੂੰ ਤਿਆਗ ਦਿੱਤਾ।

ਵਿਆਹ ਸ਼ਾਇਦ ਮਸੀਹ ਦੀ ਇੱਛਾ ਪੂਰੀ ਕਰਨ ਵਿਚ ਸਭ ਤੋਂ ਜਹਿਰੀਲਾ ਦੁਸ਼ਮਣ ਹੋਵੇ ਇਸ ਲਈ ਸਭ ਉਸ ਕੋਲੋਂ ਸੁਣੋ। "ਸ਼ਾਦੀ ਪ੍ਰਮੇਸ਼ਵਰ ਵਲੋਂ ਹੈ। ਲੇਕਿਨ ਜਦ ਇਹ ਪ੍ਰਮੇਸ਼ਵਰ ਦੀ ਇੱਛਾ ਅੱਗੇ ਰੁਕਾਵਟ ਬਣ ਜਾਵੇ, ਇਸਦਾ ਦੁਰਉਪਯੋਗ ਹੈ। ਅਸੀ ਉਨ੍ਹਾਂ ਨੂੰ ਦੁਸ਼ਮਣ ਆਖ ਸਕਦੇ ਹਾਂ-- ਦੋਵੇਂ ਆਦਮੀ ਅਤੇ ਔਰਤਾ-- ਜਿੰਨਾਂ ਨੂੰ ਵਿਦੇਸ਼ ਵਿੱਚ ਸੇਵਾ ਕਰਨ ਦਾ ਨਿਸ਼ਚਿਤ ਬੁਲਾਹਟ ਸੀ ਅਤੇ ਕਦੀ ਨਹੀ ਜਾ ਸਕੇ ਕਿਉਂਕਿ ਜੀਵਨ ਸਾਥੀਆਂ ਨੇ ਉਨ੍ਹਾਂ ਨੂੰ ਰੋਕ ਰਖਿਆ...। ਅੱਜ ਮਸੀਹ ਤੋਂ ਬਿਨਾਂ ਰੂਹਾਂ ਮਰ ਰਹੀਆਂ ਹਨ ਕਿਉਂਕਿ ਅਜ਼ੀਜ਼ਾਂ ਨੇ ਪ੍ਰਮੇਸ਼ਵਰ ਦੀ ਇੱਛਾ ਨਾਲੋਂ ਪਹਿਲਾਂ ਸਥਾਨ ਲੈ ਲਿਆ ਹੈ,"

ਮੋਹਰੀ ਸੇਵਕਾਂ ਲਈ ਕੁਆਰਾਪਣ ਦਾ ਜੀਵਣ ਸਹੀ ਹੈ। "ਅਗ੍ਰ-ਸੈਨਾ ਦੇ ਆਦਮੀਆਂ ਅਤੇ ਔਰਤਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਆਪਦਾ ਤਿਆਗ ਕਰਨ, ਅਨੰਦਾ (ਸੁੱਖਾਂ) ਨੂੰ ਨਾ ਸਵੀਕਾਰਨ ਭਾਵੇ ਉਹ ਉਸਦੇ ਹੱਕ ਵਿਚ ਹੋਣ। ਚੰਗੇ ਸਿਪਾਹੀ ਦਾ ਕਰਤੱਵ ਹੈ ਕਿ ਉਹ ਦ੍ਰਿੜ ਹੋਵੇ । ਇਸ ਜੀਵਣ ਦੀਆਂ ਲੋੜਾ ਕਾਰਨ ਕਦੀ ਨਾ ਰੁਕੇ । ਕਿਸੇ ਉਲਝਾਉਣ ਵਾਲੇ ਭਾਰ ਨਾਲ ਨਾ ਫਸੇ । ਇਹ ਇਕ ਪਵਿੱਤਰ ਪੇਸ਼ਾ ਹੈ, ਇਕ ਬੁਲਾਹਟ ਅਤੇ ਇਕ ਵਿਸ਼ੇਸ ਸੇਵਾ ਲਈ ਸਮਰਪੱਣ ਹੈ"

ਜੋ ਇਸ ਬੁਲਾਹਟ ਨੂੰ ਸੁਣਦੇ ਅਤੇ ਉੱਤਰ ਦਿੰਦੇ ਹਨ, ਉਨ੍ਹਾਂ ਲਈ ਪ੍ਰਤੀਫਲ ਰੱਖਿਆ ਹੋਇਆ ਹੈ, ਯਿਸੂ ਨੇ ਆਖਿਆ, "ਮੈਂ ਤੁਹਾਨੂੰ ਸਤ ਆਖਦਾ ਹਾਂ... ਹਰ ਕੋਈ ਜਿਹਨੇ ਘਰਾਂ ਯਾ ਭਾਈਆਂ ਯਾ ਭੈਣਾਂ ਯਾ ਪਿਉ ਯਾ ਮਾਂ ਯਾ ਬਾਲ ਬੱਚਿਆ ਯਾ ਜਮੀਨ ਨੂੰ ਮੇਰੇ ਨਾਮ ਦੇ ਕਾਰਨ ਛੱਡਿਆ ਹੈ ਉਹ ਸੌ ਗੁਣਾ ਪਾਵੇਗਾ ਅਤੇ ਸਦੀਪਕ ਜੀਉਣ ਦਾ ਵਾਰਸ ਹੋਵੇਗਾ।" (ਮੱਤੀ 19:28,29)

# ਕੀਮਤ ਜਾਣਨਾ

ਪ੍ਰੱਭੂ ਯਿਸੂ ਨੇ ਕਦੀ ਵੀ ਮਨੁੱਖਾਂ ਨੂੰ ਭੁਚਲਾਕੇ, ਚਾਪਲੂਸ ਨਾਲ ਵਿਸ਼ਵਾਸ ਨੂੰ ਜ਼ੁਬਾਨੀ ਦੁਹਰਾਉਣ ਲਈ ਨਹੀਂ ਕਿਹਾ । ਉਸਨੇ ਕਦੇ ਵੀ ਲੋਕ-ਪ੍ਰਿਯਾ ਸੰਦੇਸ਼ ਪ੍ਰਚਾਰ ਕਰਕੇ ਵੱਡੀ ਭੀੜ ਨੂੰ ਆਕਰਸ਼ਿਤ ਕਰਨ ਦੀ ਕੋਸ਼ਿਸ ਨਹੀ ਕੀਤੀ।

ਅਸਲ ਵਿਚ, ਜਦ ਕਦੀ ਲੋਕ ਉਸਦੇ ਪਿਛੇ ਇਕੱਠੇ ਹੋਣੇ ਸ਼ੁਰੂ ਹੋ ਜਾਂਦੇ ਸਨ, ਉਹ ਉਹਨਾਂ ਵੱਲ ਮੁੜਕੇ ਅਤੇ ਉਨ੍ਹਾਂ ਅੱਗੇ ਸ਼ਾਗਿਰਦੀ ਦੀਆਂ ਸਖ਼ਤ ਸ਼ਰਤਾਂ ਰੱਖਕੇ ਉਨ੍ਹਾਂ ਨੂੰ ਹਟਾ ਦਿੰਦਾ ਸੀ।

ਇਕ ਮੌਕੇ ਤੇ, ਪ੍ਰੱਭੂ ਨੇ ਉਨ੍ਹਾਂ ਨੂੰ ਖਬਰਦਾਰ ਕੀਤਾ ਕਿ ਜੋ ਉਸਦਾ ਪਿੱਛਾ ਕਰਨ ਪਹਿਲਾਂ ਉਹ ਕੀਮਤ ਨੂੰ ਜਾਣ ਲੈਣ। ਉਸਨੇ ਆਖਿਆ:

ਤੁਹਾਡੇ ਵਿੱਚੋ ਕੌਣ ਹੈ ਜਿਹਦੀ ਬੁਰਜ ਬੁਣਾਉਣ ਦੀ ਦਲੀਲ ਹੋਵੇ ਤਾਂ ਪਹਿਲਾਂ ਬੈਠਕੇ ਖ਼ਰਚ ਦਾ ਲੇਖਾ ਨਾ ਕਰੇ ਭਈ ਮੇਰੇ ਕੋਲ ਉਹਦੇ ਪੂਰਾ ਕਰਨ ਜੋਗਾ ਹੈ ਕਿ ਨਹੀ? ਕਿਤੇ ਐਉਂ ਨਾ ਹੋਵੇ ਕਿ ਜਾਂ ਉਸਦੇ ਨੀਉਂ ਰੱਖੀ ਅਤੇ ਪੂਰਾ ਨਾ ਕਰ ਸੱਕਿਆਂ ਤਾਂ ਸਭ ਵੇਖਣ ਵਾਲੇ ਇਹ ਕਹਿ ਕੇ ਉਸ ਉਤੇ ਹੱਸਣ ਲੱਗ

ਪੈਣਾ। ਕਿ ਇਹ ਮਨੁੱਖ ਮਕਾਨ ਬਣਾਉਣ ਲੱਗਾ ਪਰ ਪੂਰਾ ਨਾ ਕਰ ਸੱਕਿਆ। ਯਾ ਕਿਹੜਾ ਰਾਜਾ ਹੈ ਕਿ ਜਾਂ ਦੂਏ ਰਾਜੇ ਨਾਲ ਲੜਨ ਲਈ ਨਿੱਕਲੇ ਤਾ ਪਹਿਲਾਂ ਬੈਠਕੇ ਸਲਾਹ ਨਾ ਕਰੇ ਭਈ ਕੀ ਮੈਂ ਦਸ ਹਜ਼ਾਰ ਨਾਲ ਉਸਦਾ ਸਾਹਮਣਾ ਕਰ ਸਦਾ ਹਾਂ ਜਿਹਨੇ ਵੀਹ ਹਜ਼ਾਰ ਨਾਲ ਮੇਰੇ ਉਤੇ ਚੜ੍ਹਾਈ ਕੀਤੀ ਹੈ? ਕੇ ਨਹੀਂ ਤਾਂ ਦੂਏ ਦੇ ਅਜੇ ਦੂਰ ਹੁੰਦਿਆ ਉਹ ਵਕੀਲ ਘੱਲਂਕੇ ਮੇਲ ਮਿਲਾਪ ਦੀਆ ਸ਼ਰਤਾਂ ਪੁੱਛਦਾ ਹੈ।

(ਲੂਕਾ 14:28-32)

ਏਥੇ ਅਸੀਂ ਮਸੀਹ ਜੀਵਣ ਨੂੰ ਇਕ ਉਸਾਰਨ ਦੇ ਕੰਮ ਅਤੇ ਇਕ ਲੜਾਈ ਦੀ ਤਰ੍ਹਾਂ ਦੇਖਦੇ ਹਾਂ।

ਉਸਨੇ ਆਖਿਆ ਬੁਰਜ ਉਸਾਰਨਾ ਸ਼ੁਰੂ ਕਰ ਦੇਣਾ ਨਿਰੀ ਮੂਰਖਤਾਈ ਹੈ ਬਿਨਾਂ ਇਹ ਪਹਿਲਾਂ ਜਾਣੇ ਹੀ ਕਿ ਤੁਹਾਡੇ ਕੋਲ ਪੂਰ ਕਰਨ ਲਈ ਧੰਨ ਹੈ ਯਾ ਨਹੀ। ਨਹੀਂ ਤਾਂ ਅਸੰਪੂਰਨ ਢਾਂਚਾਂ ਤੁਹਾਡੇ ਦੂਰਦਰਸ਼ਨ ਦੀ ਘਾਟ ਦੀ ਇਕ ਯਾਦਗਿਰੀ ਬਣਕੇ ਰਹਿ ਜਾਵੇਗਾ।

ਕਿੰਨਾ ਸੱਤ ਹੈ ਇਹ! ਇਕ ਸਮੂਹਕ ਸ਼ੁਭਸਮਾਚਾਰਕ ਸਭਾ ਦੌਰਾਨ ਗਰਮ ਭਾਵਨਾ ਵਿਚ ਆਕੇ ਮਸੀਹ ਲਈ ਫੈਸਲਾ ਕਰ ਲੈਣਾ ਇਕ ਫਰਕ ਗੱਲ ਹੈ। ਲੇਕਿਨ ਇਹ ਬਿਲਕੁਲ ਵੱਖਰੀ ਗੱਲ ਹੈ ਕਿ ਆਪਣੇ ਆਪਦਾ ਤਿਆਗ ਕਰਨਾ ਅਤੇ ਹਰ ਦਿਨ ਆਪਣੀ ਸਲੀਬ ਚੁੱਕੇ ਕੇ ਮਸੀਹ ਦਾ ਪਿੱਛਾ ਕਰਨਾ। ਭਾਵੇ ਕਿ ਮਸੀਹ ਬਣਨ ਲਈ ਕੋਈ ਮੁੱਲ ਨਹੀਂ ਲਗਦਾ, ਇਕ ਦ੍ਰਿੜ ਵਿਸ਼ਵਾਸੀ ਬਣਕੇ ਬਲੀਦਾਨ, ਅਲੱਗਾਓ ਅਤੇ ਮਸੀਹ ਖਾਤਿਰ ਦੁੱਖਾਂ ਦੇ ਮਾਰਗ ਵਿਚ ਬਣੇ ਰਹਿਣ ਲਈ ਬਹੁਤ ਕੀਮਤ ਚੁਕਾਉਣੀ ਪੈਂਦੀ ਹੈ।

ਮਸੀਹ ਵਿੱਚ ਚੰਗੀ ਦੌੜ ਨੂੰ ਆਰੰਭ ਕਰਨਾ ਇਕ ਗੱਲ ਹੈ, ਪ੍ਰੰਤੂ ਇਸ

ਵਿਚ ਵੇਲੇ-ਕੁਵੇਲੇ, ਸੰਪਨਤਾ ਅਤੇ ਘਟੀ ਵਿਚ, ਆਨੰਦ ਅਤੇ ਗਮਾਂ ਵਿਚ ਬਣੇ ਰਹਿਣਾ ਬਿਲਕੁੱਲ ਭਿੰਨ ਗੱਲ ਹੈ।

ਸੰਸਾਰ ਇਕ ਆਲੋਚਨਾਤਮਕ ਨਿਗਾਹ ਨਾਲ ਦੇਖ ਰਹਾ ਹੈ। ਇਹ ਜਾਣਦਾ ਹੈ ਕਿ ਮਸੀਹ ਜੀਵਣ ਸਭ ਕੁਝਦੇ ਜਾਂ ਕਿਸੇ ਵੀ ਚੀਜ਼ ਦੇ ਲਾਇਕ ਨਹੀ। ਜਦ ਇਹ ਹਰ ਜਗ੍ਹਾਂ ਮਸੀਹਾਂ ਨੂੰ ਦੇਖਦਾ ਹੈ, ਇਹ ਸ਼ਾਇਦ ਤਾਹਨਾ ਮਾਰੇ, ਅਤੇ ਮਖੌਲ ਉਡਾਏ ਅਤੇ ਮਜ਼ਾਕ ਕਰੇ- ਪਰ ਫਿਰ ਵੀ ਅੰਦਰੋਂ, ਇਹ ਉਸ ਵਿਅਕਤੀ ਨੂੰ ਬੜੀ ਇੱਜਤ ਦਿੰਦਾ ਹੈ ਜਿਸਨੇ ਮਸੀਹ ਨੂੰ ਬੇਝਿਝੱਕ ਆਪਣਾ ਸਭ ਕੁੱਝ ਅਰਪੱਣ ਕਰ ਦਿੱਤਾ ਹੈ। ਲੇਕਿਨ ਜਦ ਇਹ ਅੱਧਦਿਲੀ ਮਸੀਹੀ ਨੂੰ ਦੇਖਦਾ ਹੈ, ਇਹ ਹੋਰ ਕੁੱਝ ਨਹੀਂ ਸਿਰਫ਼ ਨਫ਼ਰਤ ਕਰਦਾ ਹੈ। ਇਹ ਉਸਦਾ ਮਖੌਲ ਉਡਾਉਂਦਾ ਹੈ, ਇਹ ਆਖਕੇ, “ਇਹ ਮਨੁੱਖ ਨੇ ਬਣਾਉਂਣਾ ਸ਼ੁਰੂ ਕੀਤਾ ਸੀ, ਪਰ ਹੁਣ ਇਹ ਸਾਡੇ ਵਾਂਗਰ ਹੀ ਹੈ। ਉਸਨੇ ਬੜੀ ਤੀਬ੍ਰ ਗਤੀ ਨਾਲ ਸ਼ੁਰੂ ਕੀਤਾ ਸੀ, ਪ੍ਰੰਤੂ ਹੁਣ ਆਪਣੇ ਪਹਿਏ ਹੌਲੀ ਹੌਲੀ ਘੁੰਮਾ ਰਹਾ ਹੈ।”

ਅਤੇ ਇਸੇ ਲਈ ਮੁਕਤੀਦਾਤੇ ਨੇ ਆਖਿਆ, “ਤੂੰ ਪਹਿਲਾਂ ਕੀਮਤ ਜਾਣ ਲਈ ਹੁੰਦੀ!”

ਉਸਦੀ ਦੂਸਰੀ ਉਦਾਹਰਨ ਇਕ ਰਾਜੇ ਸਬੰਧਿਤ ਹੈ ਜਿਸਨੇ ਕਿਸੇ ਹੋਰ ਤੇ ਚੜਾਈ ਕਰਨ ਦਾ ਐਲਾਨ ਕੀਤਾ। ਕੀ ਉਸਨੂੰ ਪਹਿਲੇ ਆਪਣੇ 10,000 ਸਿਪਾਹੀਆਂ ਦੀ ਸੰਖਿਆ ਵੱਲ ਧਿਆਨ ਨਹੀ ਕਰਨਾ ਚਾਹੀਦਾ ਸੀ ਕਿ ਉਹ ਦੁਸ਼ਮਣ ਦੀ ਦੁਗਣੀ ਫੌਜ ਨੂੰ ਹਰਾ ਸਕਦੇ ਹਨ? ਇਹ ਕਿੰਨਾ ਹਾਸੋਹੀਣ ਹੋਵੇਗਾ ਕਿ ਉਸਨੇ ਪਹਿਲਾ ਲੜਾਈ ਦੀ ਘੋਸ਼ਨਾ ਕੀਤੀ, ਜਦ ਫੌਜਾਂ ਇਕ ਦੂਸਰੇ ਵੱਲ ਵੱਧ ਰਹੀਆਂ ਹਨ ਫਿਰ ਉਹ ਵਿਚਾਰ ਕਰ ਰਿਹਾ ਹੈ। ਹੁਣ ਉਸ ਕੋਲ ਇਕ ਹੀ ਰਸਤੇ ਬਚਿਆ ਹੈ ਕਿ ਉਹ ਸਫ਼ੇਦ ਝੰਡਾ ਲਹਰਾਏ ਅਤੇ ਸ਼ਰਨਾਥੀ

ਦੇ ਝੁੰਡ ਨੂੰ ਭੇਜਕੇ ਦੀਨਤਾ ਨਾਲ ਸ਼ਾਂਤੀ ਦੀ ਬੇਨਤੀ ਕਰੇ ।

ਮਸੀਹੀ ਜੀਵਣ ਨੂੰ ਲੜਾਈ ਨਾਲ ਮੇਲਣਾ ਕੋਈ ਵਧਾਉਣਾ ਚੜਾਉਣਾ ਨਹੀਂ ਹੈ । ਸੰਸਾਰ ਅਤੇ ਸ਼ਤਾਨ ਇਸਦੇ ਭਿਆਨਕ ਦੁਸ਼ਮਣ ਹਨ। ਬਹੁਤ ਸਾਰੀਆ ਨਿਰਾਸ਼ਾਵਾਂ, ਖ਼ੂਨ-ਖਰਾਬਾ ਅਤੇ ਦੁੱਖ ਹਨ। ਲੰਮੇ ਥਕਾਨਭਰੇ ਚੌਕਸੀ ਦੇ ਲੰਮਹੇ ਹਨ, ਅਤੇ ਸਵੇਰ ਦੀ ਰੋਸ਼ਨੀ ਲਈ ਉਤਸੁਕਤਾ ਦੇ ਹੰਝੂ, ਮਹਿਨਤ ਅਤੇ ਪ੍ਰੀਖਿਆਵਾਂ ਹਨ । ਅਤੇ ਪ੍ਰਤੀਦਿਨ ਮੌਤ ਹੈ।

ਜੇ ਕੋਈ ਮਸੀਹ ਦਾ ਪਿੱਛਾ ਕਰਨਾ ਚਾਹੁੰਦਾ ਹੈ ਗਥਸਮਨੀ, ਗਬੱਥਾ ਅਤੇ ਗੁਲਾਗਥਾ ਨੂੰ ਯਾਦ ਰੱਖੇ। ਅਤੇ ਫਿਰ ਉਹ ਕੀਮਤ ਨੂੰ ਯਾਦ ਰੱਖੇ। ਅਤੇ ਫਿਰ ਉਹ ਕੀਮਤ ਨੂੰ ਗਿਣੇ। ਜਾਂ ਤਾਂ ਤੁਸੀਂ ਮਸੀਹ ਪ੍ਰਤੀ ਸੰਪੂਰਨ ਸਮਰਪਿਤ ਹੋ ਜਾਓ ਜਾਂ ਬਦਨਾਮੀ ਅਤੇ ਬੇਇਜ਼ੱਤੀ ਦੇ ਨਾਲ ਦੁਸ਼ਮਣ ਦੇ ਅਗੇ ਝੁਕ ਜਾਓ।

ਇਹਨਾਂ ਦੋ ਉਦਾਹਰਨਾ ਨਾਲ, ਪ੍ਰੱਭੂ ਯਿਸੂ ਨੇ ਆਪਣੇ ਸੁਣਨ ਵਾਲਿਆਂ ਨੂੰ ਆਪਣੇ ਚੇਲੇ ਬਣਨ ਲਈ ਕਿਸੇ ਵੀ ਤਰ੍ਹਾਂ ਦਾ ਭਾਵੁਕ ਫੈਸਲਾ ਕਰਨ ਤੋਂ ਖ਼ਬਰਦਾਰ ਕੀਤਾ। ਉਹ ਪਹਿਲਾਂ ਇਸਦੀ ਕੀਮਤ ਨੂੰ ਜਾਣਨ।

ਅਤੇ ਕੀਮਤ ਕੀ ਹੈ? ਅਗਲੀ ਆਇਤ ਇਸਦਾ ਉੱਤਰ ਦਿੰਦੀ ਹੈ:

ਸੋ ਇਸੇ ਤਰ੍ਹਾਂ ਤੁਹਾਡੇ ਵਿਚੋਂ ਹਰੇਕ ਜੋ ਆਪਣਾ ਸਭ ਕੁਝ ਨਾ ਤਿਆਗੇ ਉਹ ਮੇਰਾ ਚੇਲਾ ਨਹੀਂ ਹੋ ਸਕਦਾ (ਲੂਕਾ 14:33)

ਕੀਮਤ "ਸਭ ਕੁੱਝ" ਹੈ- ਸਭ ਜੋ ਇਕ ਵਿਅਕਤੀਹੈ ਅਤੇ ਜੋ ਕੁੱਝ ਉਸਦਾ ਹੈ। ਮੁਕਤੀਦਾਤੇ ਦਾ ਇਸ ਲਈ ਇਹੀ ਮਤਲਬ ਸੀ; ਜੋ ਉਸਦੀ ਪੈਰਵੀ ਕਰਦੇ ਹਨ ਇਸ ਤੋਂ ਘੱਟ ਨਹੀ ਹੋ ਸਕਦਾ ਹੈ ਜੇਕਰ ਉਹ ਜੋ ਵਰਣਨ ਤੋਂ ਪਰੇ ਮਸੀਹ ਸੀ ਗਰੀਬ ਬਣ ਗਿਆ, ਕੀ ਉਸਦੇ ਚੇਲੇ ਇਸ ਤੋ ਘੱਟ ਕੀਮਤੀ ਦੇ ਕੇ ਤਾਜ਼ ਨੂੰ ਜੀਤੱਣਗੇ।

ਫਿਰ ਪ੍ਰੱਭੂ ਯਿਸੂ ਨੇ ਵਾਰਤਾਲਾਬ ਨੂੰ ਇਸ ਸਮੀਖਿਆ ਨਾਲ ਸਮਾਪਤ ਕੀਤਾ: ਲੂਣ ਤਾਂ ਚੰਗਾ ਹੈ ਪਰ ਜੇ ਲੂਣ ਬੇਸੁਆਦ ਹੋ ਜਾਵੇ ਤਾਂ ਕਾਹਦੇ ਨਾਲ ਸੁਆਦੀ ਕੀਤਾ ਜਾਵੇ? (ਲੂਕਾ 14:34)

ਐਉਂ ਲਗਦਾ ਹੈ ਬਾਈਬਲ ਦੇ ਜਮਾਨਿਆ ਵਿਚ ਲੋਕਾਂ ਕੋਲ ਇਸ ਤਰ੍ਹਾਂ ਦਾ ਸ਼ੁੱਧ ਲੂਣ ਨਹੀ ਸੀ ਜਿੰਨਾ ਅੱਜ ਸਾਡੇ ਮੇਜ਼ਾ ਉਤੇ ਹੁੰਦਾ ਹੈ। ਉਨ੍ਹਾਂ ਦੇ ਨਮਕ ਵਿਚ ਕਈ ਤਰ੍ਹਾ ਦੀ ਅਸ਼ੁੱਧਤਾ ਹੁੰਦੀ ਸੀ ਜਿਵੇ ਰੇਤ ਆਦਿ। ਇਸਦੀ ਨਮਕੀਨਤਾ ਕਿਸੇ ਤਰ੍ਹਾਂ ਗੁਆਚਣ ਦੀ ਸੰਭਾਵਨਾ ਸੀ; ਬਚਿਆ ਹੋਇਆ ਬੇਸੁਆਦ ਅਤੇ ਵਿਅਰਥ ਹੁੰਦਾ ਸੀ। ਇਹ ਖਾਦ ਜਾਂ ਮਿੱਟੀ ਦੀ ਤਰਾਂ ਇਸਤੇਮਾਲ ਨਹੀ ਹੋ ਸਕਦਾ ਸੀ। ਕਈ ਵਾਰ ਇਹ ਰਾਸਤਾ ਬਣਾਉਣ ਲਈ ਵਰਤ੍ਰਿਆ ਜਾਂਦਾ ਸੀ। ਇਸ ਲਈ ਇਹ "ਫੇਰ ਕਿਸੇ ਕੰਮ ਦਾ ਨਹੀਂ ਪਰ ਇਹ ਕਿ ਬਾਹਰ ਸੁੱਟਿਆ ਅਤੇ ਮਨੁੱਖਾਂ ਦੇ ਪੈਰਾਂ ਹੇਠ ਮਿੱਧਿਆ ਜਾਵੇ" (ਮੱਤੀ 5:13)

ਇਸ ਉਦਾਹਰਨ ਦਾ ਸਬਕ ਸ਼ਪਸਟ ਹੈ। ਮਸੀਹੀ ਜੀਵਣ ਦਾ ਇਹ ਮੁੱਖ ਉਦੇਸ਼ ਹੈ-- ਆਪਣੇ ਜੀਵਣ ਦੁਆਰਾ ਪ੍ਰਮੇਸ਼ਵਰ ਦੀ ਮਹਿਮਾ ਕਰਨਾ ਜੋ ਉਸ ਲਈ ਪੂਰੀ ਤਰ੍ਹਾਂ ਸਮਰਪਿਤ ਕੀਤਾ ਹੋਇਆ ਹੈ। ਮਸੀਹੀ ਆਪਣੇ ਜੀਵਣ ਦਾ ਸੁਆਦ, ਧਰਤੀ ਉਤੇ ਧਨ ਇੱਕਠਾ ਕਰਨ ਨਾਲ, ਆਪਣੇ ਜੀਵਣ ਅਤੇ ਕਲਾ ਨੂੰ ਨਿਅਰਥ ਸੰਸਾਰ ਵਿਚ ਲਗਾਉਣ ਨਾਲ ਗੁਵਾਅ ਸਕਦਾ ਹੈ।

ਜੇ ਕੋਈ ਵਿਸ਼ਵਾਸੀ ਆਪਣੀ ਮੌਜੂਦਗੀ ਦਾ ਕੇਂਦਰੀ ਲਕਸ਼ ਗੁਵਾਅ ਲਵੇ, ਤਾਂ ਫਿਰ ਉਸਨੇ ਸਭ ਕੁੱਝ ਗੁਵਾ ਲਿਆ। ਨਾ ਉਹ ਉਪਯੋਗੀ ਹੈ ਨਾ ਸਜਾਵਟੀ। ਉਸਦਾ ਮੁੱਕਦਰ ਬੇਸੁਆਦ ਲੂਣ ਵਾਂਗਰ ਹੈ, ਜੋ ਮਨੁੱਖਾਂ ਦੇ ਪੈਰਾਂ ਥੱਲੇ ਰੋਂਦਿਆ ਜਾਂਦਾ ਹੈ-- ਉਨਾਂ ਦੇ ਟਿਚਕਰਾਂ, ਤਾਹਨੇ ਮਜਾਕ ਦੁਆਰਾ।

ਅੰਤਮ ਸ਼ਬਦ ਇਹ ਹਨ:

ਜਿਸਦੇ ਕੰਨ ਹਨ ਉਹ ਸੁਣ ਲਵੇ।

ਅਕਸਰ ਜਦ ਕਦੀ ਸਾਡੇ ਪ੍ਰੱਭੂ ਨੇ ਕੁਝ ਸਖ਼ਤ ਵਾਕ ਆਖੇ, ਉਸਨੇ ਇਹਨਾ ਸ਼ਬਦਾ ਨੂੰ ਜੋੜਿਆ। ਇਹ ਇਸ ਤਰ੍ਹਾਂ ਹੈ ਜਿਵੇਂ ਉਹ ਪਹਿਲਾਂ ਤੋਂ ਹੀ ਜਾਣਦਾ ਸੀ ਕਿ ਮਨੁੱਖ ਇਹਨਾਂ ਨੂੰ ਸਵੀਕਾਰ ਨਹੀਂ ਕਰਨਗੇ। ਉਹ ਜਾਣਦਾ ਸੀ ਕਿ ਮਨੁੱਖ ਇਹਨਾਂ ਨੂੰ ਸਵੀਕਾਰ ਨਹੀਂ ਕਰਨਗੇ। ਉਹ ਜਾਣਦਾ ਸੀ ਕਿ ਉਸਦੀਆਂ ਕਠੋਰ ਮੰਗਾਂ ਨੂੰ ਘੱਟ ਕਰਨ ਲਈ ਕੁੱਝ ਇਨ੍ਹਾਂ ਦੀ ਵਿਆਖਿਆ ਕਰਨ ਦੀ ਕੋਸ਼ਿਸ ਕਰਨਗੇ।

ਲੇਕਿਨ ਉਸਨੂੰ ਪਤਾ ਸੀ ਕਿ ਕੁੱਝ ਖੁਲ੍ਹੇ ਹਿਰਦੇ ਹੋਣਗੇ, ਜਵਾਨ ਅਤੇ ਬਜ਼ੁਰਗ ਜੋ ਉਸਦੇ ਦਾਵਿਆਂ ਅੱਗੇ ਉਸਨੂੰ ਯੋਗ ਸਮਝਕੇ ਸਿਰ ਝੁਕਾਉਣਗੇ।

ਇਸ ਲਈ ਉਸਨੇ ਦਰਵਾਜਾ ਖੁੱਲਾ ਛੱਡ ਦਿੱਤਾ। "ਜਿਸਦੇ ਕੰਨ ਹਨ ਉਹ ਸੁਣ ਲਵੇ।" ਜੋ ਸੁਣਦੇ ਹਨ ਉਹ ਇਹ ਹਨ ਜਿੰਨਾ ਨੇ ਕੀਮਤ ਨੂੰ ਜਾਣ ਲਿਆ ਹੈ ਅਤੇ ਫਿਰ ਵੀ ਕਹਿੰਦੇ ਹਨ:

ਯਿਸੂ ਦੇ ਪਿੱਛੇ ਮੈਂ ਚਲਣ ਲੱਗ ਪਿਆ,
ਭਾਵੇਂ ਕੋਈ ਵੀ ਮੇਰਾ ਸਾਥ ਨਾ ਦਵੇ,
ਫਿਰ ਵੀ ਮੈਂ ਪਿੱਛੇ ਚੱਲਾਂਗਾ,
ਸੰਸਾਰ ਮੇਰੇ ਪਿੱਛੇ ਹੈ,
ਸਲੀਬ ਮੇਰੇ ਸਾਹਮਣੇ ਹੈ,
ਨਾ ਵਾਪਸ ਜਾਉਂਗਾ, ਨਾ ਵਾਪਸ ਜਾਉਂਗਾ।

# ਸ਼ਹਾਦਤ ਦੀ ਛਾਇਆ

ਜਦ ਕੋਈ ਵਿਅਕਤੀ ਯਿਸੂ ਮਸੀਹ ਪ੍ਰਤੀ ਸਮੱਰਪਿਤ ਹੁੰਦਾ ਹੈ, ਤਾਂ ਉਸ ਨੂੰ ਕੋਈ ਫਰਕ ਨਹੀ ਪੈਂਦਾ ਭਾਵੇਂ ਉਹ ਮਰੇ ਜਾਂ ਜੀਉਂਦਾ ਰਹੇ । ਗੱਲ ਜਿਹੜੀ ਮਾਇਨੇ ਰੱਖਦੀ ਹੈ ਕਿ ਪ੍ਰੱਭੂ ਦਾ ਨਾਮ ਮਹਿਮਾ ਪਾਵੇ। ਭਾਵੇਂ ਮੇਰੇ ਜੀਉਣ ਨਾਲ, ਜਾਂ ਮੌਤ ਨਾਲ (ਫਿਲਿਪੀਆਂ 1:20)

ਜਦ ਤੁਸੀਂ **'ਜੱਾਨ ਅਤੇ ਬੇਟੀ ਸੱਟਮ ਦੀ ਫਤਹ'** ਨਾਮਕ ਪੁਸਤਕ ਪੜੋਗੇ ਤਾਂ ਤੁਹਾਨੂੰ ਵਾਰ-ਵਾਰ ਇਹ ਸ਼ਬਦ ਦੌਹਰਾਏ ਮਿਲਣਗੇ ਕਿ -- ਮਸੀਹ ਮੇਰੇ ਦੁਆਰਾ ਉੱਚਾ ਕੀਤਾ ਜਾਵੇ, ਭਾਵੇਂ ਮੈਂ ਮਰਾਂ ਜਾਂ ਮੈਂ ਜਿੰਦਾ ਰਹਾਂ (ਫਿਲਿੱਪੀ .1:20) ।

ਏਸੇ ਤਰ੍ਹਾਂ ਦੀ ਅਵਾਜ਼ ਜਿਮ ਏਲੀਅਟ ਦੇ ਲੇਖਨ ਵਿਚੋਂ ਆਉਂਦੀ ਹੈ। ਜਦ ਉਹ ਵੀਟਨ ਕਾਲੇਜ ਵਿਚ ਅਜੇ ਵਿਦਿਆਰਥੀ ਹੀ ਸੀ ਉਸਨੇ ਆਪਣੀ ਡਾਇਰੀ ਵਿਚ ਲਿਖਿਆ, "ਮੈਂ ਆਊਕਾਸ ਲਈ ਮਰਨ ਲਈ ਤਿਆਰ ਹਾਂ।"

ਇਕ ਹੋਰ ਸਮੇ ਉਸਨੇ ਲਿਖਿਆ; ਪਿਤਾ, ਤੁਸੀਂ ਮੇਰਾ ਜੀਵਣ ਲੈ ਲਵੋ, ਜੇ ਤੁਸੀ ਚਾਹੋ ਤਾਂ ਮੇਰਾ ਲਹੂ ਵੀ, ਅਤੇ ਇਸਨੂੰ ਆਪਣੀ ਮਸਹ ਵਾਲੀ ਅੱਗ ਨਾਲ ਉਪਯੋਗ ਕਰ ਲਵੋ। ਮੈਂ ਇਸਨੂੰ ਬਚਾਵਾਂਗਾ ਨਹੀਂ ਕਿਉਂਕਿ ਬਚ਼ਾਉਣਾ

ਮੇਰੇ ਵੱਸ ਨਹੀਂ ਹੈ । ਲੈ ਲਵੋ, ਪ੍ਰਭੂ ਜੀ, ਇਸਨੂੰ ਪੂਰੀ ਤਰ੍ਹਾਂ ਲੈ ਲਵੋ। ਮੇਰੀ ਜਿੰਦਗੀ ਨੂੰ ਸੰਸਾਰ ਲਈ ਇਕ ਭੇਂਟ ਦੀ ਤਰ੍ਹਾਂ ਉਲੱਦ ਦੇ! ਲਹੂ ਕੇਵਲ ਤਾਂ ਹੀ ਮੁਲੱਵਾਨ ਹੈ ਜੇ ਇਹ ਤੇਰੀ ਵੇਦੀ ਦੇ ਸਾਹਮਣੇ ਬਹਾਇਆ ਹੋਵੇ। "

ਏਉਂ ਲਗਦਾ ਹੈ ਕਿ ਪ੍ਰਮੇਸ਼ਵਰ ਦੇ ਬਹੁਤੇਰੇ ਯੋਧੇ ਇਸ ਸਥਾਨ ਤੇ ਪ੍ਰਮੇਸ਼ਵਰ ਨਾਲ ਕਰੀਬ ਸਬੰਧਾਂ ਕਾਰਨ ਪਹੁੰਚੇ। ਉਹ ਸਮਝ ਗਏ ਕਿ "ਜੋ ਕਣਕ ਦਾ ਦਾਣਾ ਜੇ ਜ਼ਮੀਣ ਵਿਚ ਪੈਕੇ ਨਾ ਮੇਰੇ ਤਾਂ ਉਹ ਇਕੱਲਾ ਹੀ ਰਹਿੰਦਾ ਹੈ ਪਰ ਜੇ ਮਰੇ ਤਾਂ ਬਹੁਤ ਸਾਰਾ ਫਲ ਦਿੰਦਾ" (ਯੂਹੰਨਾ 12:24) ।

ਉਹ ਇਹ ਕਣਕ ਦੇ ਦਾਣੇ ਬਣਨ ਲਈ ਤਿਆਰ ਕਰਨ। ਬਿਲਕੁੱਲ ਇਹੋ ਸੁਭਾਅ ਮੁਕਤੀਦਾਤੇ ਨੇ ਆਪਣੇ ਚੇਲਿਆ ਨੂੰ ਸਖਾਇਆ, "ਜਿਹੜਾ ਮੇਰੇ ਲਈ ਆਪਣੀ ਜਾਨ ਗੁਆਵੇ ਉਹ ਉਸਨੂੰ ਬਚਾਵੇਗਾ" (ਲੂਕਾ 9:24)

ਜਿੰਨਾ ਜ਼ਿਆਦਾ ਇਸ ਬਾਰੇ ਸੋਚੀਏ, ਉਨ੍ਹਾਂ ਹੀ ਇਹ ਮੁਨਾਸਿਬ ਜਾਪਦਾ ਹੈ।

ਸਭ ਤੋਂ ਪਹਿਲਾਂ, ਕਿਸੇ ਵੀ ਤਰ੍ਹਾਂ ਸਾਡੇ ਜੀਵਣ ਉੱਤੇ ਸਾਡਾ ਕੋਈ ਅਧਿਕਾਰ ਨਹੀਂ ਹੈ । ਇਹ ਉਸਦਾ ਹੈ ਜਿਸਨੇ ਆਪਣੇ ਕੀਮਤੀ ਲਹੂ ਦੁਆਰਾ ਸਾਨੂੰ ਪ੍ਰਦਾਨ ਕੀਤਾ ਹੈ । ਅਸੀਂ ਸੁਵਾਰਥ ਨਾਲ ਉਸਨੂੰ ਫੜੀ ਰੱਖ ਸਕਦੇ ਹਾਂ ਜੋ ਕਿਸੇ ਹੋਰ ਦਾ ਹੈ? ਸੀ.ਟੀ.ਸਟੱਡ ਇਸ ਪ੍ਰਸ਼ਨ ਦਾ ਉੱਤਰ ਖੁਦ ਹੀ ਦਿੰਦੇ ਹਨ:

ਯਿਸੂ ਮੇਰੇ ਲਈ ਮਾਰਿਆ ਗਿਆ ਮੈ ਜਾਣ ਚੁੱਕਾ ਸੀ, ਲੇਕਿਨ ਇਹ ਕਦੀ ਨਹੀਂ ਜਾਣਿਆ ਸੀ ਕਿ ਜੇ ਉਹ ਮੇਰੇ ਖਾਤਿਰ ਮਰਿਆ ਤਾਂ ਫਿਰ ਮੈਂ ਆਪਣਾ ਨਹੀ ਹਾਂ। ਛੁਟਕਾਰੇ ਦਾ ਮਤਲਬ ਹੈ ਵਾਪਸ ਖ੍ਰੀਦਨਾ, ਇਸ ਲਈ ਜਾਂ ਮੈਂ ਉਸਦਾ ਹਾਂ, ਜਾਂ ਮੈਂ ਡਾਕੂ ਹਾਂ ਅਤੇ ਉਹ ਰੱਖੀਂ ਬੈਠਾ ਹਾਂ ਜੋ ਮੇਰਾ ਨਹੀਂ, ਨੂੰ ਸਭ ਕੁੱਝ ਪ੍ਰਮੇਸ਼ਵਰ ਨੂੰ ਸਪੁਰਦ ਕਰ ਦੇਣਾ ਚਾਹੀਦਾ ਹੈ। ਜਦ ਮੈਂ ਉਸ ਯਿਸੂ ਨੂੰ ਦੇਖਣ ਆਇਆ ਜੋ ਮੇਰੇ ਲਈ

ਮਾਰਿਆ, ਮੈਨੂੰ ਇਹ ਔਖਾ ਨਾ ਲਗਿਆ ਕਿ ਉਸ ਲਈ ਸਭ ਕੁੱਝ ਅਰਪਣ ਕਰ ਦਵਾਂ।

ਦੂਸਰੀ ਗੱਲ, ਅਗਰ ਪ੍ਰਭੂ ਅਜੇ ਨਾ ਆਉਣ ਤਾਂ ਸਾਨੂੰ ਸਾਰਿਆਂ ਨੂੰ ਮੌਤ ਤਾਂ ਆਏਗੀ ਹੀ, ਕੀ ਪ੍ਰਮੇਸ਼ੁਰ ਦੀ ਸੇਵਾ ਵਿੱਚ ਮਰ ਜਾਣਾ ਬੇਹਤਰ ਹੈ ਜਾਂ ਕਿਸੇ ਦੁਰਘਟਨਾ ਦਾ ਸ਼ਿਕਾਰ ਹੋਣਾ? ਕੀ ਜ਼ਿਮ ਏਲੀਅਟ ਸਹੀ ਨਹੀ ਸੀ ਜਦ ਉਸਨੇ ਆਖਿਆ, " ਉਹ ਮੂਰਖ ਨਹੀ ਹੈ ਜੋ ਉਹ ਚੀਜ਼ ਦੇ ਦਿੰਦਾ ਹੈ ਜਿਸਨੂੰ ਉਹ ਰੱਖ ਨਹੀ ਸਕਦਾ, ਉਹ ਪ੍ਰਾਪਤ ਕਰਨ ਵਾਸਤੇ ਜਿਸਨੂੰ ਉਹ ਗੁਵਾਅ ਨਹੀਂ ਸਕਦਾ।"

ਤੀਸਰੀ ਗੱਲ ਇਹ ਹੈ ਕਿ ਜੇ ਪ੍ਰਭੂ ਯਿਸੂ ਸਾਡੇ ਲਈ ਮਰੇ, ਤਾਂ ਜੋ ਕੁੱਝ ਅਸੀਂ ਉਸ ਲਈ ਕਰ ਸਕਦੇ ਹਾਂ ਉਹ ਇਹ ਹੈ ਕਿ ਅਸੀਂ ਵੀ ਉਸ ਲਈ ਮਰੀਏ। ਅਗਰ ਦਾਸ ਸੁਵਾਮੀ ਤੋਂ ਵੱਡਾ ਨਹੀਂ ਹੁੰਦਾ, ਤਾਂ ਸਾਨੂੰ ਕੀ ਅਧੀਕਾਰ ਹੈ ਕਿ ਅਸੀ ਪ੍ਰਭੂ ਯਿਸੂ ਨਾਲੋਂ ਵੱਧਕੇ ਸੁਖ-ਆਰਾਮ ਨਾਲ ਸਵਰਗ ਵਿਚ ਜਾਈਏ? ਉਹ ਇਹ ਵਿਚਾਰ ਸੀ ਜਿਸਨੇ ਸੱਟਡ ਨੂੰ ਇਹ ਆਖਣ ਲਈ ਉਤਸਾਹਿਤ ਕੀਤਾ, "ਅਗਰ ਯਿਸੂ ਮਸੀਹ ਪ੍ਰਮੇਸ਼ਵਰ ਹੋਕੇ ਮੇਰੇ ਲਈ ਮਰੇ, ਤਾਂ ਫਿਰ ਮੇਰੇ ਲਈ ਕੋਈ ਬਲੀਦਾਨ ਵੱਡਾ ਨਹੀ ਹੋ ਸਕਦਾ ਜੋ ਮੈਂ ਉਸ ਵਾਸਤੇ ਕਰਾਂ।"

ਆਖਿਰ ਵਿਚ, ਜੇ ਸਾਡੇ ਜੀਵਨ ਦੇ ਨਿਰਵਿਘਨ ਤਿਆਗ ਦੁਆਰਾ ਸਾਡੇ ਸਾਥੀਆਂ ਨੂੰ ਅਨੰਤ ਜੀਵਨ ਦੀ ਅਸ਼ੀਸ ਮਿਲ ਸਕਦੀ ਹੈ ਤਾਂ ਆਪਣੇ ਜੀਵਨ ਨੂੰ ਰੋਕੀ ਰਖਣਾ ਘੋਰ ਅਪਰਾਧ ਹੈ।ਅਕਸਰ ਮਨੁੱਖ ਆਪਣੇ ਜੀਵਨ ਨੂੰ ਚਿਕਿਤਸਕ ਕਾਰਜਾਂ ਦੀ ਖੋਜ ਵਿਚ ਅਰਪਿਤ ਕਰ ਦਿੰਦੇ ਹਨ। ਦੂਸਰੇ ਆਪਣੇ ਅਜ਼ੀਜਾਂ ਨੂੰ ਬਲੱਦੀਆਂ ਇਮਾਰਤਾਂ ਵਿਚੋਂ ਬਚਾਉਣ ਲਈ ਮਰ ਜਾਂਦੇ ਹਨ। ਅਤੇ ਕਈ ਆਪਣੇ ਦੇਸ਼ ਨੂੰ ਦੁਸ਼ਮਣ ਦੀਆਂ ਤਾਕਤਾਂ ਤੋਂ ਬਚਾਉਣ ਲਈ

ਲੜਾਈ ਵਿਚ ਮਰ ਜਾਂਦੇ ਹਨ। ਸਾਡੇ ਲਈ ਮੱਨੁਖਾਂ ਦੇ ਜੀਵਨਾਂ ਦੀ ਕੀ ਕੀਮਤ ਹੈ? ਕੀ ਅਸੀਂ ਐਫ.ਡਬੱਲਊ.ਐਚ.ਮਾਈਅਰਸ ਨਾਲ ਆਖ ਸਕਦੇ ਹਾਂ:-

ਮੈਂ ਲੋਕਾਂ ਨੂੰ ਕੇਵਲ ਉਨ੍ਹਾਂ ਵਿਚ ਰੂਹਾਂ ਵਾਗਰ ਦੇਖਦਾ ਹਾਂ,
ਕੈਦੀ ਜਿੰਨ੍ਹਾਂ ਨੂੰ ਜਿੱਤਣਾ ਚਾਹੀਦਾ ਹੈ,
ਦਾਸ ਜਿੰਨਾ ਨੂੰ ਰਾਜੇ ਹੋਣਾ ਚਾਹੀਦਾ ਸੀ,
ਆਪਣੀ ਇਕ ਹੀ ਆਸ ਦੇ ਬਾਰੇ 'ਚ' ਉਹ ਕਹਿੰਦੇ ਹਨ,
ਉਦਾਸੀ ਨਾਲ ਚੀਜ਼ਾ ਦੇ ਦਿਖਾਵੇ ਨਾਲ ਸੰਤੁਸ਼ਟ ਹਨ।
ਫਿਰ ਬੜੇ ਜੋਸ਼ ਨਾਲ ਮੇਰੇ ਸਮਸਤ ਜੀਵਨ ਵਿਚ ਇਕ
ਬੇਕਾਬੂ ਤਾਂਘ ਇਕ ਤੁਰਹੀ ਦੀ ਅਵਾਜ਼
ਵਾਂਗਰ ਗੂੰਜ ਉੱਠਦੀ ਹੈ ----
ਉਹ, ਇਨ੍ਹਾਂ ਨੂੰ ਬਚਾਉਣ ਲਈ!
ਉਨ੍ਹਾਂ ਦੇ ਬਚਾਉਣ ਲਈ, ਨਾਸ਼ ਹੋ ਜਾਉਂ,
ਉਨ੍ਹਾਂ ਦੇ ਜੀਵਨ ਲਈ ਮਰ ਜਾਉਂ,
ਉਨ੍ਹਾਂ ਖਾਤਿਰ ਸੰਪੂਰਨ ਸਮੱਰਪਿਤ ਹੋ ਜਾਉਂ।

ਸਭਨਾਂ ਨੂੰ ਆਪਣੇ ਜੀਵਨ ਦੀ ਸ਼ਹੀਦੀ ਪਾਉਣ ਦੀ ਜ਼ਰੂਰਤ ਨਹੀਂ ਹੈ। ਖੰਭਾ, ਨੇਜਾ, ਟੋਕਾ ਕੁੱਝ ਚੁਣੇ ਹੋਇਆ ਲਈ ਰਖਿਆ ਗਿਆ ਹੈ। ਪ੍ਰੰਤੂ ਸਾਡੇ ਵਿਚੋਂ ਹਰੇਕ ਸ਼ਹੀਦਾਂ ਵਾਲਾ ਸਮਰਪੱਣ ਰੱਖ ਸਕਦਾ ਹੈ। ਸਾਡੇ ਵਿਚੋਂ ਹਰੇਕ ਇਸ ਤਰ੍ਹਾਂ ਜੀਅ ਸਕਦਾ ਹੈ ਜਿਵੇਂ ਉਸਨੇ ਪਹਿਲਾਂ ਤੋਂ ਹੀ ਮਸੀਹ ਨੂੰ ਜੀਵਨ ਅਰਪਿਤ ਕਰ ਦਿੱਤਾ ਹੈ।

ਬਿਮਾਰੀ ਆਵੇ, ਤੰਦਰੁਸਤੀ ਆਵੇ,
ਸਲੀਬ ਹੋਵੇ ਜਾਂ ਤਾਜ,
ਸਤਰੰਗੀ ਪੀਂਘ ਜਾਂ ਬਦੱਲ ਗਰਜ਼ਣ;

ਹਰ ਹਲਾਤ ਵਿੱਚ ਮੈਂ ਆਪਣੀ ਜਾਨ ਨੂੰ ਅਤੇ ਦੇਹ ਨੂੰ ਪ੍ਰੱਭੂ ਦੇ ਸਾਹਮਣੇ ਵਿਛਾਂ ਦਿੰਦਾ ਹਾਂ ਕਿ ਪ੍ਰੱਭੂ ਮੈਨੂੰ ਇਸਤੇਮਾਲ ਕਰੇ ।

# ਸੱਚੀ ਸ਼ਾਗਿਰਦੀ ਦੇ ਪ੍ਰਤਿਫਲ

ਪ੍ਰਭੂ ਯਿਸੂ ਨੂੰ ਅਰਪਿਤ ਜੀਵਣ ਦਾ ਕੁੱਝ ਆਪਣਾ ਹੀ ਡੂੰਘਾ ਪ੍ਰਤਿਫਲ ਹੈ। ਮਸੀਹ ਦੇ ਪਿੱਛੇ ਚੱਲਣ ਵਿਚ ਜੋ ਆਨੰਦ ਅਤੇ ਪ੍ਰਸੰਨਤਾ ਹੈ, ਇਹੀ ਅਸਲੀ ਜਿੰਦਗੀ ਹੈ। ਮੁਕਤੀਦਾਤੇ ਨੇ ਵਾਰ-ਵਾਰ ਆਖਿਆ, " ਜਿਸ ਕਿਸੇ ਨੇ ਮੇਰੇ ਲਈ ਆਪਣੀ ਜਾਨ ਗੁਆਈ ਹੈ ਉਹ ਉਸ ਨੂੰ ਲੱਭ ਲਵੇਗਾ।" ਦਰਅਸੱਲ ਉਸਦਾ ਇਹ ਵਾਕ ਚਾਰਾਂ ਇੰਜੀਲਾਂ ਵਿਚ ਬਾਕੀ ਸਾਰੇ ਵਾਕਾਂ ਨਾਲੋਂ ਜ਼ਿਆਦਾ ਪਾਇਆ ਜਾਂਦਾ ਹੈ। (ਦੇਖੋ ਮੱਤੀ 10:39; 16:25; ਮਰਕੁਸ 8:35; ਲੂਕਾ 9:24; 17:33; ਯੂਹੰਨਾ 12:25)। ਇਹ ਐਨਾਂ ਜ਼ਿਆਦਾ ਕਿਓ ਦੋਂਹਰਾਇਆ ਗਿਆ ਹੈ? ਕੀ ਇਹ ਇਸ ਲਈ ਨਹੀ ਕਿਉਕਿ ਇਹ ਮਸੀਹੀ ਜੀਵਨ ਦੇ ਬੁਨਿਆਦੀ ਸਿਧਾਂਤ ਨੂੰ ਪੇਸ਼ ਕਰਦਾ ਹੈ ਕਿ ਜੋ ਆਪਣੇ ਜੀਵਨ ਨੂੰ ਆਪਣੇ ਲਈ ਰੱਖਦਾ ਹੈ ਉਹ ਉਸਨੂੰ ਗਵਾਉਂਦਾ ਹੈ ਲੇਕਿਨ ਜੋ ਆਪਣੇ ਜੀਵਨ ਉਸ ਲਈ ਉਂਡੇਲਦਾ ਹੈ ਉਹ ਉਸਨੂੰ ਪਾਉਂਦਾ ਹੈ, ਬਚਾਉਂਦਾ

ਹੈ, ਆਨੰਦ ਕਰਦਾ ਹੈ ਅਤੇ ਅਨੰਤਤਾ ਲਈ ਰਖੱਦਾ ਹੈ।

ਅੱਧ-ਦਿਲੀ ਮਸੀਹੀ ਸਥਿਤੀ ਨੂੰ ਕੇਵਲ ਉਦਾਸੀਨ ਹੀ ਬਨਾ ਸਕਦੀ ਹੈ। ਉਸਦੀ ਸਰਬੋਤਮਤਾ ਦਾ ਆਨੰਦ ਮਾਨਣ ਦਾ ਸਵਰਸੁਨਿਸ਼ਚਿਤ ਮਾਰਗ ਉਸ ਪ੍ਰਤੀ ਪੂਰਾ-ਪੂਰਾ ਸਮੱਰਪਿਤ ਹੋਣਾ ਹੈ।

ਸੱਚੇ ਚੇਲੇ ਦਾ ਮਤਲਬ ਹੈ ਯਿਸੂ ਮਸੀਹ ਦਾ ਦਾਸ ਬਣਿਆ ਰਹਿਣਾ (ਕੈਦੀ ਦਾਸ) ਅਤੇ ਉਸਦੀ ਸੇਵਾ ਵਿਚ ਸੰਪੂਰਨ ਆਜ਼ਾਦੀ ਦਾ ਲਾਭ ਉਠਾਉਣਾ। ਜੋ ਬੜੇ ਅਨੰਦ ਨਾਲ ਇਹ ਕਹਿੰਦਾ ਹੈ ਕਿ "ਮੈਂ ਆਪਣੇ ਸੁਆਮੀ ਨਾਲ ਪਿਆਰ ਕਰਦਾ ਹਾਂ ਅਤੇ ਮੈਂ ਉਸਨੂੰ ਛੱਡਕੇ ਨਹੀਂ ਜਾਵਾਂਗਾ ਇਹੀ ਅਜ਼ਾਦੀ ਹੈ।"

ਚੇਲਾ ਮਾਮੂਲੀ ਜਾਂ ਵਿਅਰਥ ਕੰਮਾਂ ਵਿੱਚ ਖੁਭਿਆ ਨਹੀ ਰਹਿੰਦਾ। ਉਸਦਾ ਧਿਆਨ ਅਨੰਤਕਾਲ ਦੇ ਕੰਮਾਂ ਵਿਚ ਹੈ ਅਤੇ ਹੱਡਸਨ ਟੇਲਰ ਦੀ ਤਰ੍ਹਾਂ ਥੋੜਿਆਂ ਕੰਮਾਂ ਦੀ ਸੰਭਾਲ ਵਿਚ ਆਨੰਦਤ ਹੁੰਦਾ ਹੈ।

ਉਹ ਭਾਵੇਂ ਅਣਪਛਾਤਾ ਹੋਵੇ, ਫਿਰ ਵੀ ਉਹ ਪ੍ਰਸਿੱਧ ਹੈ। ਭਾਵੇਂ ਉਹ ਲਗਾਤਾਰ ਮਰਦਾ ਹੈ, ਫਿਰਵੀ ਨਿਰੰਤਰ ਰੂਪ ਵਿਚ ਜਿੰਦਾ ਰਹਿੰਦਾ ਹੈ।

ਉਸਨੂੰ ਮਾਰਿਆ ਜਾਂਦਾ ਪ੍ਰੰਤੂ ਉਹ ਮਰਦਾ ਨਹੀਂ। ਦੁੱਖ ਵਿਚ ਵੀ, ਉਹ ਆਨੰਦ ਕਰਦਾ ਹੈ। ਭਾਵੇ ਉਹ ਗਰੀਬ ਹੈ, ਬਹੁਤਿਆਂ ਨੂੰ ਅਮੀਰ ਬਣਾਉਂਦਾ ਹੈ। ਉਸ ਕੋਲ ਆਪਣਾ ਕੁੱਝ ਨਹੀਂ ਹੈ,ਫਿਰ ਵੀ ਉਹ ਸਭ ਵਸਤਾਂ ਦਾ ਮਾਲਕ ਹੈ (2 ਕੁਰਿੰਥੀਆ 6:9,10)। ਅਤੇ ਜੇ ਇਹ ਕਿਹਾ ਜਾ ਸਕਦਾ ਹੈ ਕਿ ਸੱਚੀ ਸ਼ਾਗਿਰਦੀ ਇਸ ਸੰਸਾਰ ਵਿਚ ਸਭਨਾਂ ਨਾਲੋਂ ਆਤਮਿਤ ਸੰਤੁਸ਼ਟੀ ਵਾਲਾ ਜੀਵਨ ਹੈ, ਤਾਂ ਇਹ ਬਰਾਬਰ ਨਿਸ਼ਚਤਾ ਨਾਲ ਕਿਹਾ ਜਾ ਸਕਦਾ ਹੈ ਕਿ

ਆਉਣ ਵਾਲੇ ਯੁੱਗ ਵਿਚ ਇਸਦਾ ਸੱਭਨਾਂ ਨਾਲੋਂ ਵੱਡਾ ਪ੍ਰਤੀਫਲ ਹੋਵੇਗਾ। "ਕਿਉਂ ਜੋ ਮੱਨੁਖ ਦਾ ਪੁੱਤ੍ਰ ਆਪਣੇ ਦੂਤਾਂ ਸਣੇ ਆਪਣੇ ਪਿਤਾ ਦੇ ਤੇਜ ਨਾਲ ਆਵੇਗਾ ਅਤੇ ਉਸ ਸਮੇਂ ਉਹ ਹਰੇਕ ਨੂੰ ਉਹ ਦੀ ਕਰਨੀ ਅਨੁਸਾਰ ਫਲ ਦੇਵੇ ਗਾ" (ਮੱਤੀ 16:27)

ਇਸ ਲਈ ਸਚਮੁੱਚ ਧੰਨੀ ਮੱਨੁਖ ਉਹ ਹੈ ਜੋ ਇਸ ਸਮੇ ਵਿਚ ਅਤੇ ਸਦੀਪਕ ਨਾਲ ਵਿਚ ਯੋਲ ਦੇ ਬੋਰਡਨ ਨਾਲ ਆਖ ਸਕੇ, " ਪ੍ਰੱਭੂ ਯਿਸੂ, ਜਿਥੋਂ ਤੱਕ ਮੇਰੇ ਜੀਵਨ ਦੀ ਗੱਲ ਹੈ ਮੈਂ ਤੈਨੂੰ ਸਮਰਪਣ ਕਰਦਾ ਹਾਂ। ਮੈਂ ਆਪਣੇ ਹਿਰਦੇ ਦੇ ਸਿੰਘਾਸਣ ਤੇ ਤੈਨੂੰ ਬਠਾਉਂਦਾ ਹਾਂ। ਜਿਸ ਤਰ੍ਹਾਂ ਤੂੰ ਚਾਹੁੰਦਾ ਹੈ ਮੈਨੂੰ ਬਦਲ, ਸ਼ੁੱਧ ਕਰ, ਇਸਤੇਮਾਲ ਕਰ। "

## ਉਹ ਨਹੀਂ ਸੀ ਚਾਹੁੰਦਾ

ਉਹ ਨਹੀਂ ਸੀ ਚਾਹੁੰਦਾ ਕਿ ਕੋਈ ਨਾਸ਼ ਹੋਵੇ;
ਯਿਸੂ ਜੋ ਮਹਿਮਾ ਵਿਚ ਵਿਰਾਜਮਾਨ,
ਉਸਨੇ ਸਾਡੇ ਡਿੱਗੇ ਵਚਾਰੇ ਸੰਸਾਰ ਨੂੰ ਦੇਖਿਆ, ਸਾਡੇ ਦੁੱਖਾਂ ਤੇ ਤਰਸ ਖਾਦਾ,
ਸਾਡੇ ਖਾਤਰ ਆਪਣਾ ਜੀਵਨ, ਅਦਭੁੱਤ ਪ੍ਰੇਮ ਬਹਾ ਦਿੱਤਾ!
ਨਾਸ਼ ਹੋ ਰਹੇ, ਨਾਸ਼ ਹੋ ਰਹੇ ! ਸਾਡੇ ਰਾਹਾਂ ਵਿੱਚ ਭੀੜ ਮਚਾਉਂਦੇ ਹਨ,
ਹਿਰਦੇ ਟੁਟਦੇ ਅਸਹਿਣੇ ਬੋਜ਼ ਨਾਲ ਸਾਡੇ ।
ਯਿਸੂ ਬਚਾਵੇਗਾ, ਉਹਨਾਂ ਨੂੰ ਕੌਣ ਦੱਸੇਗਾ,
ਉਨ੍ਹਾਂ ਨੂੰ ਪਾਪ ਅਤੇ ਨਿਰਾਸ਼ਾ ਤੋਂ ਕੌਣ ਉਠਾਵੇਗਾ।

"ਉਹ ਨਹੀਂ ਸੀ ਚਾਹੁੰਦਾ ਕਿ ਕੋਈ ਨਾਸ਼ ਹੋਵੇ;

ਦੁੱਖਾਂ ਅਤੇ ਗੰਮਾਂ ਨਾਲ, ਸਾਡੇ ਸਰੀਰ ਨੂੰ ਪਹਿਣ ਕੇ,
ਉਹ ਗਵਾਚਿਆ ਹੋਇਆ ਨੂੰ ਲੱਭਣ, ਸੋਗ ਕਰਨ ਵਾਲਿਆਂ ਨੂੰ
ਤਸੱਲੀ ਦੇਣ ਆਇਆ,
ਦੁੱਖ ਅਤੇ ਸ਼ਰਮ ਨਾਲ ਟੁੱਟੇ ਦਿੱਲਾਂ ਨੂੰ ਚੰਗਾ ਕਰਨ ਆਇਆ ।
ਨਾਸ਼ ਹੋ ਰਹੀ,ਨਾਸ਼ ਹੋ ਰਹੀ! ਵਾਢੀ ਲੰਗਦੀ ਜਾ ਰਹੀ,
ਵਾਢੇ ਥੋੜੇ ਹਨ ਅਤੇ ਰਾਤ ਨੇੜੇ ਆਉਂਦੀ ਜਾ ਰਹੀ,
ਯਿਸੂ ਤੇਨੂੰ ਬੁਲਾ ਰਹਾ ਹੈ, ਛੇਤੀ ਕਰ ਵਾਢੀ,
ਆਤਮਾਵਾਂ ਨੂੰ ਪਾਓਗੇ,
ਅਣਮੋਲ ਆਤਮਾਵਾਂ ਨੂੰ ।
ਭੋਗ-ਵਿਲਾਸ ਲਈ ਭੱਜਦੇ ਹਨ ਕਾਫ਼ੀ, ਲੇਕਿਨ ਯਿਸੂ ਲਈ ਥੋੜੇ ;
ਮੁਸ਼ਕਿਲਾਂ ਅਤੇ ਖੇਡਾਂ ਲਈ ਸੰਸਾਰ ਕੋਲ ਸਮਾਂ ਹੈ,
ਯਿਸੂ ਲਈ, ਭੁਖਿੱਆ ਨੂੰ ਖਵਾਉਣ ਲਈ,
ਗੁਵਾਚੀਆਂ ਰੂਹਾਂ ਨੂੰ ਹਮੇਸ਼ਾ ਦਾ ਆਨੰਦ ਦੇਣ ਲਈ ਸਮਾਂ ਨਹੀਂ ਹੈ,
ਨਾਸ਼ ਹੋ ਰਹੇ, ਨਾਸ਼ ਹੋ ਰਹੇ! ਸੁਣੋ, ਕਿਸ ਤਰ੍ਹਾਂ ਉਹ ਬੁਲਾ ਰਹੇ ਹਨ;
ਆਪਣਾ ਮੁਕਤੀਦਾਤਾ ਸਾਡੇ ਤੱਕ ਲਿਆਓ,
ਸਾਨੂੰ ਉਸ ਬਾਰੇ ਦਸੋ!
ਅਸੀਂ ਬਹੁਤ ਕਮਜ਼ੋਰ ਹਾਂ, ਬੁਰੀ ਤਰ੍ਹਾਂ ਲੱਦੇ ਹੋਏ ਹਾਂ,
ਅਤੇ ਰੋਂਦਿਆਂ-ਰੋਦਿਆਂ ਸਾਡੀਆ ਅੱਖਾਂ ਕਰਜ਼ੋਰ ਹੋ ਗਈਆਂ ਹਨ।

ਉਹ ਨਹੀਂ ਸੀ ਚਾਹੁੰਦਾ ਕਿ ਕੋਈ ਨਾਸ਼ ਹੋਵੇ,
ਕੀ ਮੈਂ ਉਸਦਾ ਪੈਹਰੋਕਾਰ ਹੂੰ, ਅਤੇ ਕੀ ਮੈਂ ਰੱਖ ਸਕਦਾ ਹਾਂ
ਮਨ ਨੂੰ ਅਸਾਨੀ ਨਾਲ ਨਿਰਾਸ਼ ਹੋਣ ਤੋਂ
ਮੇਰੀ ਮਦਦ ਤੋਂ ਬਿਨਾਂ ਨਾਸ਼ ਹੁੰਦੇ?

ਨਾਸ਼ ਹੋ ਰਹੇ, ਨਾਸ਼ ਹੋ ਰਹੇ! ਤੂੰ ਨਹੀਂ ਸੀ ਚਾਹੁੰਦਾ;
ਸੁਵਾਮੀ, ਮਾਫ ਕਰ ਅਤੇ ਸਾਨੂੰ ਦੁਬਾਰਾ ਨਵਾਂ ਕਰ;
ਸਾਡੀ ਸੰਸਾਰਿਕਤਾ ਦੂਰ ਕਰ,
ਸਾਡੀ ਸਹਾਇਤਾ ਕਰ ਕਿ ਅਸੀਂ ਅਨੰਤਤਾ ਨੂੰ ਸਾਹਮਣੇ
ਰਖੱਕੇ ਹੋਏ ਜੀਵੀਏ।

–ਲੂਸੀ .ਆਰ.ਮੇਅਰ

# ਤੁਹਾਡਾ ਧਨ ਕਿਥੇ ਹੈ?

# ਤੁਹਾਡਾ ਧਨ ਕਿਥੇ ਹੈ?

.... ਧਰਤੀ ਉੱਤੇ ਧਨ ਨਾ ਜੋੜੋ.... ਸੁਰਗ ਵਿਚ... ਧਨ ਜੋੜੋ.... ਜਿਥੇ ਤੇਰਾ ਧਨ ਹੈ ਉਥੇ ਤੇਰਾ ਮਨ ਵੀ ਹੋਵੇਗਾ" (ਮੱਤੀ 6:19-20)।

ਮਨ ਉਥੇ ਹੈ ਜਿਥੇ ਧਨ ਹੈ। ਇਹ ਧਨ ਤਜੋਰੀ ਵਿਚ ਜਮਾ ਰਹਿ ਸਕਦਾ ਹੈ! ਜਾਂ ਇਹ ਸੁਵਰਗ ਵਿਚ ਰਹਿ ਸਕਦਾ ਹੈ! ਪ੍ਰੰਤੂ ਇਹ ਦੋਨਾਂ ਜਗ੍ਹਾ ਤੇ ਨਹੀ ਹੋ ਸਕਦਾ।

ਕਿਸੇ ਨੇ ਆਖਿਆ ਹੈ, "ਇਕ ਮਸੀਹੀ ਜਾਂ ਆਪਣਾ ਧਨ ਛੱਡ ਦਿੰਦਾ ਹੈ ਜਾਂ ਉਸ ਮਗਰ ਚਲਿਆ ਜਾਂਦਾ ਹੈ!"

ਪ੍ਰੱਭੂ ਯਿਸੂ ਨੇ ਆਪਣੇ ਪੈਹਰੋਕਾਰਾਂ ਨੂੰ ਧਰਤੀ ਉੱਤੇ ਧਨ ਜੋੜਨ ਲਈ ਮਨਾਂ ਕੀਤਾ ਹੈ। ਉਹ ਚਾਹੁੰਦਾ ਸੀ ਕਿ ਉਨ੍ਹਾਂ ਦੇ ਦਿੱਲ ਸੁਵਰਗ ਵਿੱਚ ਹੋਣ।

ਅਤੇ ਫਿਰ ਵੀ ਮਸੀਹ ਦੀ ਇਹ ਸਿੱਖਿਆ ਅੱਜ ਸਾਨੂੰ ਕੱਟੜ ਅਤੇ ਜਾਨੂੰਨੀ ਜਾਪਦੀ ਹੈ। ਕੀ ਉਸਦਾ ਮੱਤਲਬ ਏ ਹੋ ਹੀ ਹੋਵੇਗਾ? ਕੀ ਉਸਦਾ

ਮੱਤਲਬ ਸਾਨੂੰ ਇਹ ਨਹੀਂ ਸਖਾਉਂਦਾ ਕਿ ਸਾਨੂੰ ਆਪਣੇ ਬਿਰਦ ਸਮੇਂ ਲਈ ਪ੍ਰਬੰਧ ਕਰਨਾ ਚਾਹੀਦਾ ਹੈ? ਕੀ ਉਹ ਚਾਹੁੰਦਾ ਨਹੀ ਕਿ ਅਸੀਂ ਸਿਆਣੇ ਬਣੀਏ ਅਤੇ ਮੁਸ਼ਕਿਲ ਸਮੇਂ ਲਈ ਬਚਾ ਕੇ ਰਖੀਏ? ਆਪਣੇ ਅਜ਼ੀਜਾਂ ਦੀ ਦੇਖ-ਭਾਲ ਕਰਨ ਵਾਸਤੇ।

ਇਹ ਸਭ ਗੰਭੀਰ ਪ੍ਰਸ਼ਨ ਹਨ, ਹਰੇਕ ਜੋ ਮਸੀਹ ਦਾ ਅਨੁਆਈ ਕਹਾਂਉਦਾ ਹੈ ਉਸਨੂੰ ਇਨ੍ਹਾਂ ਦਾ ਅਕਸਰ ਹੀ ਸਾਹਮਣਾ ਕਰਨਾ ਪਵੇਗਾ।

ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਕੀ ਹਨ? ਇਕ ਵਿਸ਼ਵਾਸੀ ਦੇ ਜੀਵਨ ਵਿਚ ਧਨ ਦੇ ਬਾਰੇ ਬਾਈਬਲ ਦੀ ਸਖਾਉਂਦੀ ਹੈ? ਕੀ ਨਿੱਜੀ ਭਵਿੱਖ ਨੂੰ ਬਣਾਉਣਾ ਗਲਤ ਹੈ? ਮਸੀਹੀ ਜੀਵਨ ਦੀ ਨਿਯਮਾਂਵਲੀ ਕੀ ਹੈ?

# ਵਪਾਰ ਵਿਚ ਮੇਹਨਤੀ

ਸਭ ਤੋਂ ਪਹਿਲਾ, ਅਸੀਂ ਸਾਰੇ ਇਸ ਗੱਲ ਨਾਲ ਸਹਿਮਤ ਹੋ ਸਕਦੇ ਹਾਂ ਕਿ ਬਾਈਬਲ ਪੈਸੇ ਕਮਾਉਣ ਤੋਂ ਰੋਕਦੀ ਨਹੀਂ ਹੈ। ਰਸੂਲ ਪੌਲੂਸ ਨੇ ਆਪਣੀਆਂ ਨਿੱਜੀ ਜ਼ਰੂਰਤਾਂ ਲਈ ਤੰਬੂ ਬਣਾਉਣ ਦਾ ਕੰਮ ਕੀਤਾ (ਰਸੂਲਾਂ ਦੇ ਕਰਤੱਬ 18:1-3;2 ਥੱਸਲੁਨੀਕੀਆਂ 3:8)। ਉਸਨੇ ਥੱਸਲੁਨੀਕੀਆਂ ਨੂੰ ਸਖਾਇਆ ਕਿ ਜੇ ਕੋਈ ਕੰਮ ਕਰਨਾ ਨਹੀਂ ਚਾਹੁੰਦਾ ਤਾ ਉਸਨੂੰ ਭੁੱਖਾ ਰਹਿਣਾ ਚਾਹੀਦਾ ਹੈ (2ਥਮੱਲੁਨੀਕੀਆਂ 3:10)। ਬਿਨਾਂ ਪ੍ਰਸ਼ਨ ਬਾਈਬਲ ਜ਼ੋਰ ਦਿੰਦੀ ਹੈ ਕਿ ਹੈ ਮਨੁੱਖ ਆਪਣੀਆਂ ਅਤੇ ਆਪਣੇ ਪਰਿਵਾਰ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਸਖ਼ਤ ਮਹਿਨਤ ਕਰੇ।

ਤਾਂ ਫਿਰ ਕੀ ਅਸੀਂ ਇਹ ਆਖ ਸਕਦੇ ਹਾਂ ਕਿ ਇਕ ਵਿਸ਼ਵਾਸੀ ਜਿੰਨਾ ਵੀ ਹੋ ਸਕੇ ਉਨ੍ਹਾਂ ਜ਼ਿਆਦਾ ਪੈਸਾ ਕਮਾਵੇ? ਨਹੀਂ, ਇਸ ਨੂੰ ਪਹਿਲਾਂ ਯੋਗ ਹੋਣਾ ਪਵੇਗਾ। ਉਹ ਜਿੰਨਾ ਜਿਆਦਾ ਚਾਹੇ ਕਮਾ ਸਕਦਾ ਹੈ ਪਰ ਇਹਨਾਂ ਸ਼ਰਤਾਂ ਨਾਲ:

1. ਉਸਦੇ ਕੰਮ ਪ੍ਰਭੂ ਦੇ ਕੰਮਾਂ ਤੋਂ ਉੱਪਰ ਨਹੀ ਹੋਣੇ ਚਾਹੀਦੇ ।ਉਸਦਾ ਪ੍ਰਮੁੱਖ ਕਰਤੱਵ ਪਹਿਲਾਂ ਉਸਦੇ ਰਾਜ ਅਤੇ ਧਰਮ ਦੀ ਖੋਜ ਕਰਨੀ ਹੈ (ਮੱਤੀ 6:33)। ਕੰਮ ਦੇ ਦਬਾਅ ਕਾਰਨ ਉਪਾਸਨਾ ਅਤ ਸੇਵਕਾਈ ਵਿਚ ਰੁਕਾਵਟ ਨਹੀ ਪੈਣੀ ਚਾਹੀਦੀ।

2. ਉਸ ਦੀਆਂ ਪਰਿਵਾਰਕ ਜਿੰਮੇਵਾਰੀਆਂ ਤਿਆਗੀਆਂ ਨਾ ਜਾਣ (1ਤਿਮੋਥਿਉਸ 5:8),ਆਮ ਤੌਰ ਤੇ ਜਿੰਨਾਂ ਕੋਈ ਜ਼ਿਆਦਾ ਪੈਸਾ ਕਮਾਉਂਦਾ ਹੈ ਉਨ੍ਹਾਂ ਹੀ ਘੱਟ ਸਮਾਂ ਆਪਣੀ ਪਤਨੀ ਅਤੇ ਬੱਚਿਆਂ ਨੂੰ ਦਿੰਦਾ ਹੈ। ਉਹ ਇਸਦੀ ਬਜਾਏ ਉਨ੍ਹਾਂ ਨੂੰ ਸੁਖ-ਅਰਾਮ ਅਤੇ ਧਨ ਨਹੀ ਦੇ ਸਕਦਾ;ਇਸ ਨਾਲ ਸਿਰਫ਼ ਉਨ੍ਹਾਂ ਦਾ ਆਤਮਿਕ ਅਤੇ ਨੈਤਿਕ ਜੀਵਨ ਨਾਸ਼ ਹੁੰਦਾ ਹੈ।

3. ਉਸਦਾ ਪੈਸਾ ਇਜ਼ੱਤਦਾਰ ਵਪਾਰ ਵਿਚੋਂ ਕਮਾਇਆ ਹੋਣਾ ਚਾਹੀਦਾ ਹੈ (ਕਹਾਉਤਾਂ 10:16)। ਇਕ ਮਸੀਹੀ ਨੂੰ ਉਸ ਉਤਪਾਦਨ ਵਿਸਤਾਰ (ਡਿਸਟ੍ਰਿਬਊਸ਼ਨ) ਜਾਂ ਵਿਗਿਆਪਨ ਵਿਚ ਸਮਾਂ ਲਗਾਉਣਾ ਚਾਹੀਦਾ ਹੈ ਜੋ ਸਿਹਤ ਲਈ ਹਾਨੀਕਾਰਕ ਨਹੀਂ ਹੈ ਜਾਂ ਜਿਸ ਨਾਲ ਨੈਤਿਕਤਾ ਦੀ ਗਿਰਾਵਟ ਨਹੀਂ ਹੁੰਦੀ ਹੈ, ਜੋ ਪ੍ਰਸ਼ਨ ਸੂਚਕ ਗੱਲ ਨਹੀਂ ਹੈ। ਨਾ ਹੀ ਕੋਈ ਮਸੀਹੀ ਉਨ੍ਹਾਂ ਲੋਕਾਂ ਨਾਲ ਉਠੱਣਾ-ਬੈਠਣਾ ਰਖੇ ਜੋ ਨਰਕ ਦੇ ਰਾਹ ਤੇ ਚੱਲ ਰਹੇ ਹਨ। ਕੰਮ ਕਿਸੇ ਦਾ ਨਿਰਮਾਣ ਕਰਨ ਵਾਲਾ ਅਤੇ ਸਰਬੱਤ ਦੇ ਭਲੇ ਵਾਲਾ ਹੋਵੇ।

4. ਅਤੇ ਇਕ ਵਿਸ਼ਵਾਸੀ ਇਸ ਗੱਲ ਤੋਂ ਨਿਸ਼ਚਿਤ ਰਹੇ ਕਿ ਉਹ ਪੈਸਾ ਇਮਾਨਦਾਰੀ ਨਾਲ ਕਮਾ ਰਹਾ ਹੈ (ਕਹਾਓਂਤਾ 20:17) । ਉਸਦਾ ਵਪਾਰ ਸ਼ਾਇਦ ਇੱਜ਼ਤਦਾਰ ਹੋਵੇ ਪਰ ਉਸਦੇ ਤਰੀਕੇ ਗਲੱਤ ਹੋ ਸਕਦੇ ਹਨ, ਉਦਾਹਰਣ ਲਈ।

(ੳ) ਆਮਦਨੀ-ਕਰ ਦੇਣ ਵਿਚ ਧੋਖੇਬਾਜ਼ੀ (ਕਹਾਉਂਤਾਂ 12:22)

(ਅ) ਤੱਕੜੀ ਅਤੇ ਵੱਟਿਆਂ ਵਿਚ ਧੋਖਾ (ਕਹਾਉਤਾਂ 11:1)

(ਇ) ਸਥਾਨੀ ਅਫਸਰਾ ਨੂੰ ਰਿਸ਼ਵਤ ਦੇਣਾ (ਕਹਾਉਤਾਂ 17:23)

(ਸ) ਉਤਪਾਦਨ ਵਿਚ ਫਰਕ ਦਸੱਣ ਜਦ ਕਿ ਕੋਈ ਫ਼ਰਕ ਹੈ ਨਹੀਂ (ਕਹਾਉਤਾਂ 20:6)।

(ਹ) ਹਿਸਾਬ ਵਿਚ ਘੱਪਲਾ ਕਰਨਾ (ਕਹਾਉਤਾਂ 13:5)

(ਕ) ਜੂਆਰੀਆਂ ਵਾਂਗਰ ਸਰਾਫ਼ਾ ਬਾਜ਼ਾਰ ਵਿਚ ਸੱਟਾ ਲਗਾਉਣਾ (ਕਹਾਉਤਾਂ 13:11)

(ਖ) ਕਰਮਚਾਰੀਆਂ ਨੂੰ ਘੱਟ ਮਜ਼ਦੂਰੀ ਬਾਰੇ ਯਾਕੂਬ ਆਪਣੀ ਪੱਤ੍ਰੀ ਵਿਚ ਲਿਖਦਾ ਹੈ, "ਵੇਖੋ, ਜਿਨ੍ਹਾਂ ਲਾਵਿਆਂ ਨੇ ਤੁਹਾਡੇ ਖੇਤ ਵੱਢੇ ਉਹਨਾਂ ਦੀ ਲਾਵੀ ਜਿਹੜੀ ਤੁਸਾਂ ਧੋਖੇ ਨਾਲ ਦੱਬ ਰੱਖੀ ਹੈ ਫਰਿਆਦਾਂ ਕਰਦੀ ਅਤੇ ਵਾਢਿਆਂ ਦੀਆਂ ਦੁਹਾਈਆਂ ਸੈਨਾਂ ਦੇ ਪ੍ਰਭੂ ਦੀ ਕੰਨੀਂ ਵਿਚ ਪਹੁੰਚ ਗਈਆਂ ਹਨ!" (ਯਾਕੂਬ 5:4)।

(5) ਮਸੀਹ ਆਪਣੀ ਸਿਹਤ ਖਤਰੇ ਵਿਚ ਪਾਏ ਬਿਨਾਂ ਜਿਨ੍ਹਾਂ ਪੈਸਾ ਚਾਹੇ ਕਮਾ ਸਕਦਾ ਹੈ। ਉਸਦਾ ਸਰੀਰ ਪਵਿੱਤ੍ਰ ਆਤਮਾ ਦੀ ਹੈਕਲ ਹੈ (1 ਕੁਰਿੰਥੀ 6:19)। ਉਹ ਧਨ ਲਈ ਆਪਣੀ ਸਿਹਤ ਨਾ ਗੁਵਾਏ।

(6) ਆਖਿਰ ਵਿਚ, ਮਸੀਹੀ ਬਿਨ੍ਹਾਂ ਲਾਲਚ ਕਰੇ ਜਿੰਨ੍ਹਾ ਪੈਸਾ ਚਾਹੇ ਕਮਾ ਸਕਦਾ ਹੈ। ਉਹ ਕਦੀ ਧੰਨ ਦਾ ਗੁਲਾਮ ਨਾ ਬਣੇ (ਮੱਤੀ 6:24)। ਪੈਸਾ ਕਮਾਉਣਾ ਤਾ ਸਹੀ ਹੈ, ਲੇਕਿਨ ਇਸ ਨਾਲ ਮੋਹ ਕਰਨਾ ਨਹੀ (ਜ਼ਬੂਰ 62:10)।

ਸੰਖੇਪ ਕਰਦੇ ਹੋਏ, ਤਾਂ ਫਿਰ, ਇਕ ਮਸੀਹੀ ਜਿੰਨਾ ਪੈਸਾ ਚਾਵੇ ਕਮਾ

ਸਕਦਾ ਹੈ ਜਦ ਤੱਕ ਉਹ ਪ੍ਰਮੇਸ਼ਵਰ ਦੇ ਕੰਮ ਨੂੰ ਪਹਿਲ ਦਵੇ, ਆਪਣੇ ਪਰਿਵਾਰਕ ਜਿੰਮੇਵਾਰੀਆਂ ਨੂੰ ਪੂਰਾ ਕਰੇ, ਨਿਰਮਾਣਪੂਰਨ ਕੰਮ ਕਰ, ਰੱਖਿਆ ਕਰੇ ਅਤੇ ਲਾਲਚ ਤੋਂ ਬਚਾ ਰਹੇ ।

# ਧਨ ਰਖਣਾ, ਪ੍ਰੰਤੂ ਉਸਦਾ ਮੋਹ ਨਾ ਰਖਣਾ

ਅਗਲਾ ਪ੍ਰਸ਼ਨ ਜਿਸਦਾ ਸਾਹਮਣਾ ਸਾਨੂੰ ਕਰਨਾ ਹੈ: “ਕੀ ਧੰਨ ਰਖੱਣਾ ਗੱਲਤ ਹੈ? ਜਿਥੋਂ ਤੱਕ ਨਵੇਂ ਨਿਯਮ ਦਾ ਸਵਾਲ ਹੈ ਉੱਤਰ ਜ਼ੋਰਦਾਰ ਨਾ ਹੈ।

ਬਾਈਬੱਲ ਕਿਸੇ ਨੂੰ ਅਮੀਰ ਬਣਨ ਦਾ ਦੋਸ਼ ਨਹੀਂ ਲਗਾਉਂਦੀ। ਕੋਈ ਵਿਅਕਤੀ ਸੰਪੱਤੀ ਪ੍ਰਾਪਤ ਕਰਕੇ ਰਾਤੋ-ਰਾਤ ਅਮੀਰ ਬਣ ਸਕਦਾ ਹੈ । ਲੇਕਿਨ ਅਸੀਂ ਆਪਣੇ ਧੰਨ ਨਾਲ ਕੀ ਕਰਦੇ ਹਾਂ ਇਸ ਬਾਰੇ ਬਹੁਤ ਕੁਝ ਕਹਿਣ ਲਈ ਹੈ।

**ਬਾਈਬਲ ਇੰਞ ਸਖਾਉਂਦੀ ਹੈ**

(1) ਸਭ ਤੋਂ ਪਹਿਲਾਂ, ਅਸੀਂ ਪ੍ਰਮੇਸ਼ਵਰ ਦੇ ਮੁਖਤਿਆਰ ਹਾਂ (1ਕੁਰਿੰਥੀਆਂ 4:1-2)। ਇਸਦਾ ਮਤਲਬ ਇਹ ਹੈ ਕਿ ਜੋ ਕੁੱਝ ਸਾਡੇ ਕੋਲ ਹੈ ਉਹ ਸਾਡਾ ਆਪਣਾ ਨਹੀਂ ਹੈ। ਸਾਡੀ ਜੁੰਮੇਵਾਰੀ ਉਸਦੀ ਮਹਿਮਾ ਲਈ ਧਨ

ਦੀ ਵਰਤੋਂ ਕਰਨੀ ਹੈ। ਨਵੇਂ ਨਿਯਮ ਦੀ ਮੁਖਤਿਆਰੀ ਵਿਚ 90% ਅਸੀਂ ਵਰਤੀਏ ਅਤੇ 10% ਪ੍ਰਭੂ ਦਾ ਭਾਗ ਹੈ ਇਹ ਇਕ ਗਲੱਤ ਵਿਚਾਰਧਾਰਾ ਹੈ। ਸਾਰੇ ਦਾ ਸਾਰਾ ਪ੍ਰਭੂ ਦਾ ਹੈ।

(2) ਦੂਸਰੀ ਗੱਲ ਇਹ ਹੈ ਕਿ ਸਾਨੂੰ ਰੋਟੀ ਅਤੇ ਕਪੱੜੇ ਵਿਚ ਸੰਤੁਸ਼ਟ ਰਹਿਣਾ ਚਾਹੀਦਾ ਹੈ। "ਪਰ ਜਦੋਂ ਸਾਨੂੰ ਭੋਜਨ ਬਸਤਰ ਮਿਲਿਆ ਹੋਇਆ ਹੈ ਤਾਂ ਸਾਡੇ ਲਈ ਇਹੋ ਬਥੇਰਾ ਹੈ" (1 ਤਿਮੋਥਿਉਸ 6:8)। ਇਥੇ ਬਸ਼ਤਰ ਦਾ ਅਰਥ ਹੈ ਓੜਨਾ ਜਾਂ ਛੱਤਣਾ। ਇਹ ਕਿਸੇ ਵੀ ਤਰ੍ਹਾਂ ਦੇ ਛੱਤਰ ਜਾ ਛੱਤ ਨੂੰ ਦਰਸਾਉਂਦਾ ਹੈ। ਇਸ ਲਈ ਆਇਤ ਆਖਦੀ ਹੈ ਕਿ ਸਾਨੂੰ ਜੀਵਣ ਦੀਆਂ ਜ਼ਰੂਰਤਾਂ-- ਭੋਜਨ, ਬਸਤਰ ਅਤੇ ਘਰ- ਵਿਚ ਸ਼ੰਤੁਸਟ ਰਹਿਣਾ ਚਾਹੀਦਾ ਹੈ। ਅਤੇ ਛੱਤ ਬਣਾਉਣ ਦੀ ਮਨਜ਼ੂਰੀ ਦੇਣ ਵਿਚ, ਪ੍ਰਭੂ ਸਾਨੂੰ ਆਪਣੇ ਨਾਲੋਂ ਵੀ ਜ਼ਿਆਦਾ ਰਖੱਣ ਦੀ ਇਜਾਜ਼ਤ ਦਿੰਦੇ ਹਨ; ਜਦ ਉਹ ਧਰਤੀ ਉੱਤੇ ਸਨ ਉਨ੍ਹਾਂ ਕੋਲ ਸਿਰ ਧਰਨ ਨੂੰ ਥਾਂ ਨਹੀਂ ਸੀ (ਮੱਤੀ 8:20)।

ਮਸੀਹੀ ਜਿਨ੍ਹਾਂ ਦਾ ਵਪਾਰ ਹੈ, ਬੇਸ਼ਕ ਉਨ੍ਹਾਂ ਨੂੰ ਨਿਸ਼ਚਿਤ ਰਾਸ਼ੀ ਅਤੇ ਕੰਮ ਚਲਾਉਣ ਲਈ ਰਾਸ਼ੀ ਦੀ ਲੋੜ ਹੋਵੇਗੀ। ਉਹ ਕੱਚਾ ਮਾਲ ਖ੍ਰੀਦਣ, ਮੁਲਾਜ਼ਮਾਂ ਨੂੰ ਭੁਗਤਾਉਣ, ਅਤੇ ਪ੍ਰਤੀ ਦਿਨ ਦੀਆਂ ਆਰਥਿਕ ਲੋੜਾ ਨੂੰ ਪੂਰਾ ਕਰਨ ਯੋਗ ਹੋਵੇ। ਬਾਈਬਲ ਵਿਚ ਇਕ ਮਸੀਹੀ ਨੂੰ ਵਪਾਰ ਚਲਾਉਣ ਲਈ ਲੋੜੀਦਾ ਫੰਡ ਰਖੱਣ ਤੇ ਕਿਸੇ ਕਿਸਮ ਦੀ ਪਾਬੰਦੀ ਨਹੀ ਹੈ।

(3) ਅੱਗੇ ਸਾਨੂੰ ਹਰ ਪ੍ਰਕਾਰ ਦੀ ਵਿਅਰਥਤਾ ਤੋਂ ਬਚਕੇ, ਜਿੰਨ੍ਹਾ ਹੋ ਸਕੇ ਕਫਾਈਤੀ ਜੀਵਣ ਬਤੀਤ ਕਰਨਾ ਚਾਹੀਦਾ ਹੈ। ਜਦ ਯਿਸੂ ਨੇ ਪੰਜ ਹਜ਼ਾਰ ਨੂੰ ਰਜਾਇਆ ਤਾਂ ਉਸਨੇ ਆਪਣੇ ਚੇਲਿਆਂ ਨੂੰ ਆਖਿਆ ਜੋ ਬਚਿਆ ਹੈ ਉਸਨੂੰ ਇੱਕਠਾ ਕਰ ਲਵੋ (ਯੂਹੰਨਾ 6:12)। ਉਸਦੀ ਉਦਾਹਰਨ ਸਾਨੂੰ ਜਿਸ

ਤਰ੍ਹਾਂ ਵੀ ਹੋ ਸਕੇ ਬਚਾਉਣ ਲਈ ਸਿਖਲਾਉਂਦੀ ਹੈ।

ਅਸੀਂ ਬਹੁਤ ਸਾਰੀਆਂ ਫਾਲਤੂ ਚੀਜ਼ਾ ਖ੍ਰੀਦਦੇ ਹਾਂ। ਵਿਸ਼ੇਸਕਰ ਵੱਡੇ ਦਿਨ ਦੇ ਸਮੇਂ ਤੇ, ਅਸੀਂ ਕੁਝ ਪੈਸਾ ਵਿਅਰਥ ਤੋਹਫੇ ਖ੍ਰੀਦਣ ਤੇ ਲਗਾ ਦਿੰਦੇ ਹਾਂ ਜੋ ਜਲਦੀ ਹੀ ਸਟੋਰ-ਰੂਮ ਵਿਚ ਰੱਖੇ ਜਾਂਦੇ ਹਨ ਜਿਥੇ ਉਹ ਕਿਸੇ ਕੰਮ ਨਹੀਂ ਆਉਂਦੇ।

ਅਸੀਂ ਮਹਿੰਗੀਆਂ ਵਸਤੂਆਂ ਖ੍ਰੀਦਦੇ ਹਾਂ ਜਕ ਕਿ ਸਸਤੀਆ ਨਾਲ ਹੀ ਚੰਗੀ ਤਰ੍ਹਾਂ ਕੰਮ ਚਲਾਇਆ ਜਾ ਸਕਦਾ ਹੈ। (ਇਹ ਹਮੇਸ਼ਾ ਸੱਚ ਨਹੀ ਕਿ ਸਸਤਿਆਂ ਚੀਜ਼ਾਂ ਦੀ ਸਹੀ ਖ੍ਰੀਦ ਹੈ। ਸਾਨੂੰ ਕੀਮਤ, ਕਵਾਲਟੀ, ਸਮੇਂ ਦੀ ਬਚੱਤ ਆਦਿ ਦਾ ਹਿਸਾਬ ਕਰਨਾ ਚਾਹੀਦਾ ਹੈ)

ਸਾਨੂੰ ਸਭ ਕੁੱਝ ਖ੍ਰੀਦਣ ਦੀ ਅਭਿਲਾਸ਼ਾ ਦੀ ਪ੍ਰੀਖਿਆ ਨੂੰ ਰੋਕਣ ਲਈ ਆਪਣੇ ਆਪਨੂੰ ਅਨੁਸ਼ਾਸ਼ਿਤ ਕਰਨਾ ਹੈ ਅਤੇ ਸਾਨੂੰ ਮਨੁੱਖ ਦੇ ਪੁੱਤਰ ਦੀ ਖ਼ਾਤਿਰ ਸਰਫੇਖੋਰ ਰਹਿਣ ਦੀ ਆਦਤ ਪਾਉਣੀ ਚਾਹੀਦੀ ਹੈ।

(4) ਸਾਡੀਆਂ ਲੋੜਾਂ ਤੋ ਜੋ ਕੁੱਝ ਵੀ ਵੱਧ ਹੈ ਉਸਨੂੰ ਪ੍ਰਭੂ ਦੇ ਕੰਮ ਵਿਚ ਲਗਾਉਣਾ ਚਾਹੀਦਾ ਹੈ (1 ਤਿਮੋਥੀਉਸ 6:8)। ਯਾਦ ਰਖੋ! ਇਹ ਸਭ ਉਸਦਾ ਹੈ। ਅਸੀਂ ਉਸਦੇ ਮੁਖਤਿਆਰ ਹਾਂ। ਸਾਡਾ ਕੰਮ ਉਸਦੇ ਕੰਮ ਨੂੰ ਆਪਣੀ ਪੂਰੀ ਯੋਗਤਾ ਨਾਲ ਇਸ ਧਰਤੀ ਤੇ ਫਲਾਉਣਾ ਹੈ।

ਕੁੱਝ ਲੋਕ ਇੰਝ ਆਖਕੇ ਵਿਰੋਧ ਕਰਨਗੇ ਕਿ ਭੋਜਨ, ਬਸਤ੍ਰ ਅਤੇ ਘਰ ਤੋਂ ਇਲਾਵਾ ਬਾਕੀ ਸਭ ਕੁੱਝ ਪ੍ਰਮੇਸ਼ਰ ਦੀ ਸੇਵਾ ਵਿੱਚ ਲਗਾ ਦੇਣਾ ਹੂੜਮਤੀ, ਮੂਰਖਤਾਈ ਅਤੇ ਸੌੜੀ ਸੋਚ ਹੈ।

ਠੀਕ ਹੈ, ਸਾਡੇ ਕੋਲ ਉਸ ਵਿਅਕਤੀ ਬਾਰੇ ਵੇਰਵਾ ਹੈ ਜਿਸਨੇ ਇਸ ਤਰ੍ਹਾਂ

ਕੀਤਾ। ਇਕ ਵਿਧਵਾ ਸੀ, ਅਤੇ ਉਸਨੇ ਆਪਣੀਆਂ ਦੋ ਦਮੜੀਆਂ ਦਾਨ ਪਾਤਰ ਵਿੱਚ ਪਾ ਦਿੱਤੀਆਂ ਪ੍ਰਭੂ ਨੇ ਉਸਨੂੰ ਡਾਂਟਿਆ ਨਹੀਂ। ਉਸਨੇ ਆਖਿਆ, "ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਇਸ ਕੰਗਾਲ ਵਿਧਵਾ ਨੇ ਉਨ੍ਹਾਂ ਸਭਨਾ (ਅਮੀਰਾਂ) ਨਾਲੋਂ ਬਹੁਤਾ ਪਾ ਦਿੱਤਾ ਹੈ। ਕਿਓਂ ਜੋ ਉਨ੍ਹਾਂ ਸਭਨਾ ਨੇ ਆਪਣੇ ਵਾਫ਼ਰ ਮਾਲ ਤੋਂ ਕੁਝ ਦਾਨ ਪਾਇਆ ਪਰ ਇਹ ਨੇ ਆਪਣੀ ਥੁੜ ਵਿਚੋਂ ਸਾਰੀ ਪੂੰਜੀ ਜੋ ਇਹ ਦੀ ਸੀ ਪਾ ਦਿੱਤੀ।" (ਲੂਕਾ 21:3,4)।

(5) ਧਰਤੀ ਉੱਤੇ ਧਨ ਇਕੱਠਾ ਕਰਨ ਲਈ ਸਾਡੇ ਉਤੇ ਪਾਬੰਦੀ ਲਗਾਈ ਗਈ ਹੈ। ਧਰਮ ਸ਼ਾਸ਼ਤ੍ਰ ਦੇ ਬਚਨ ਸ਼ਪਸ਼ਟ ਅਤੇ ਗਲਤੀ ਰਹਿਤ ਹਨ।

ਆਪਣੇ ਲਈ ਧਰਤੀ ਉਤੇ ਧਨ ਨਾ ਜੋੜੋ ਜਿਥੇ ਕੀੜਾ ਅਤੇ ਜੰਗਾਲ ਵਿਗਾੜਦਾ ਹੈ ਅਰ ਜਿੱਥੇ ਚੋਰ ਸੰਨ੍ਹ ਮਾਰਦੇ ਅਤੇ ਚੁਰਾਉਂਦੇ ਹਨ। ਪਰ ਸੁਰਗ ਵਿੱਚ ਆਪਣੇ ਲਈ ਧਨ ਜੋੜੋ ਜਿੱਥੇ ਨਾ ਕੀੜਾ ਨਾ ਜੰਗਾਲ ਵਿਗਾੜਦਾ ਹੈ ਅਰ ਜਿੱਥੇ ਚੋਰ ਨਾ ਸੰਨ੍ਹ ਮਾਰਦੇ ਨਾ ਚੁਰਾਉਂਦੇ ਹਨ। ਕਿਉਂਕਿ ਜਿੱਥੇ ਤੇਰਾ ਧਨ ਹੈ ਉਥੇ ਤੇਰਾ ਮਨ ਵੀ ਹੋਵੇਗਾ। (ਮੱਤੀ 6:19-21)

ਜਿੱਥੋਂ ਤੱਕ ਸਾਡੇ ਵਿਚੋਂ ਬਹੁਤਿਆਂ ਦਾ ਸਬੰਧ ਹੈ, ਜਿਵੇਂ ਇਹ ਆਇਤਾਂ ਬਾਈਬਲ ਵਿਚ ਹੈ ਹੀ ਨਹੀਂ। ਅਸੀਂ ਵਿਸ਼ਵਾਸ ਕਰਦੇ ਹਾਂ ਯਿਸੂ ਨੇ ਉਨ੍ਹਾਂ ਨੂੰ ਕਹਾ। ਅਸੀ ਵਿਸ਼ਵਾਸ ਕਰਦੇ ਹਾਂ ਉਹ ਰੱਬੀ ਪ੍ਰੇਰਣਾ ਦੇ ਨਾਲ ਹਨ। ਲੇਕਿਨ ਅਸੀਂ ਇਹ ਨਹੀ ਸੋਚਦੇ ਕਿ ਉਹ ਸਾਡੇ ਤੇ ਲਾਗੂ ਹੁੰਦੀਆਂ ਹਨ। ਅਸੀਂ ਉਨ੍ਹਾਂ ਦੀ ਪਾਲਣਾ ਨਹੀਂ ਕਰਦੇ। ਅਤੇ ਜਿਥੋ ਤੱਕ ਸਾਡਾ ਸਬੰਧ ਹੈ। ਇਹ ਇਸ ਤਰ੍ਹਾਂ ਹਨ ਜਿਵੇਂ ਪ੍ਰਭੂ ਉਨ੍ਹਾਂ ਨੂੰ ਕਦੇਂ ਆਖਿਆ ਹੀ ਨਹੀ।

ਫਿਰ ਵੀ ਸਚਾਈ ਇਹ ਹੈ ਕਿ ਇਸ ਧਰਤੀ ਉਤੇ ਧਨ ਇੱਕਠਾ ਕਰਨਾ ਪਾਪ ਹੈ। ਇਹ ਪ੍ਰਮੇਸ਼ੁਰ ਦੇ ਬਚਨ ਦੇ ਬਿਲਕੁਲ ਉਲਟ ਹੈ। ਜਿਸਨੂੰ ਅਸੀਂ ਸਮਝਦਾਰੀ

ਅਤੇ ਦੂਰਦਰਿਸ਼ਟੀ ਆਖਦੇ ਹਾਂ ਦਰਅਸੱਲ ਬਗਾਵਤ ਅਤੇ ਬਦੀ ਹੈ।

ਇਹ ਬਿਲਕੁਲ ਸੱਤ ਹੈ ਕਿ ਜਿਥੇ ਸਾਡਾ ਧਨ ਹੈ, ਉਥੇ ਸਾਡਾ ਮਨ ਵੀ ਹੋਵੇਗਾ। ਡਾ.ਜੋਨਸਨ ਨੂੰ ਇਕ ਵਾਰ ਇਕ ਵਿਲਾਸਮਈ ਸੰਸਥਾ ਵਿਚ ਲਜਾਇਆ ਗਿਆ। ਉਹ ਕੋਠੀ ਅਤੇ ਚੰਗੀ ਤਰ੍ਹਾਂ ਸੰਭਾਲੇ ਹੋਏ ਮੈਦਾਨ ਵਿਚੋਂ ਦੀ ਲੰਘਿਆ। ਫਿਰ ਉਹ ਆਪਣੇ ਮਿੱਤ੍ਰਾਂ ਵੱਲ ਮੁੜਿਆ ਅਤੇ ਆਖਿਆ, "ਇਹ ਚੀਜ਼ਾਂ ਹਨ ਜੋ ਮਰਨਾ ਮੁਸ਼ਕਿਲ ਕਰ ਦਿੰਦੀਆਂ ਹਨ।"

(6) ਅੰਤ ਵਿਚ ਸਾਨੂੰ ਭਵਿੱਖ ਲਈ ਪ੍ਰਮੇਸ਼ੁਰ ਤੇ ਭਰੋਸਾ ਰਖੱਣਾ ਹੈ। ਪ੍ਰਮੇਸ਼ੁਰ ਆਪਣੇ ਲੋਕਾਂ ਨੂੰ ਇਕ ਨਿਰਚਾਹ ਦੇ ਜੀਵਨ ਅਤੇ ਇਕ ਉਸ ਉਤੇ ਭਰੋਸਾ ਰੱਖਣ ਵਾਲੇ ਦੇ ਜੀਵਣ ਲਈ ਬਲਾਉਂਦਾ ਹੈ। ਉਹ ਸਾਨੂੰ ਪ੍ਰਾਥਨਾ ਕਰਨ ਲਈ ਸਖਾਉਂਦਾ ਹੈ, "ਸਾਡੇ ਰੋਜ਼ ਦੀ ਰੋਟੀ ਅੱਜ ਸਾਨੂੰ ਦੇ" (ਮੱਤੀ 6:11)। ਮੰਨ ਦੀ ਸੱਤ ਕਹਾਣੀ ਦੁਆਰਾ ਉਹ ਸਾਨੂੰ ਸਾਡੀਆਂ ਦਿਨ ਪ੍ਰਤੀ ਦਿਨ ਦੀਆਂ ਲੋੜਾਂ ਲਈ ਉਸ ਵੱਲ ਤਕੱਣਾ ਸਖਾਉਂਦਾ ਹੈ (ਕੂਚ 16:14-22)।

ਉਹ ਖੁਦ ਹੀ ਸਾਡੀ ਸੁਰਖਿਆ ਹੈ; ਸਾਨੂੰ ਇਸ ਸੰਸਾਰ ਦੇ ਟੁੱਟੇ ਸਰਕੰਢਿਆਂ ਤੇ ਭਰੋਸਾ ਨਹੀਂ ਕਰਨਾ ਚਾਹੀਦਾ।

ਇਹ ਪ੍ਰੱਭੂ ਦੀ ਆਪਣੇ ਲੋਕਾਂ ਲਈ ਇੱਛਾ ਹੈ---ਕਿ ਅਸੀਂ ਜਾਣ ਜਾਈਏ ਕਿ ਅਸੀਂ ਮੁਖਤਿਆਰ ਹਾਂ ਅਤੇ ਸਭ ਕੁੱਝ ਉਸਦਾ ਹੈ; ਕਿ ਅਸੀਂ ਜੀਵਣ ਦੀਆਂ ਲੋੜਾਂ ਵਿਚ ਸੰਤੋਖ ਰਹੀਏ; ਕਿ ਅਸੀਂ ਜਿਨ੍ਹਾਂ ਹੋ ਸਕੇ ਕਫਾਇਤੀ ਜੀਵਨ ਬਤਾਈਏ; ਕਿ ਅਸੀਂ ਆਪਣੀਆਂ ਜ਼ਰੂਰਤਾਂ ਤੋ ਵੱਧ ਸਭ ਕੁੱਝ ਪ੍ਰੱਭੂ ਦੇ ਕੰਮ ਵਿਚ ਲਗਾਈਏ; ਕਿ ਅਸੀਂ ਆਪਣਾ ਧਨ ਧਰਤੀ ਤੇ ਇਕੱਠਾ ਨਾ ਕਰੀਏ; ਅਤੇ ਕਿ ਅਸੀਂ ਭਵਿੱਖ ਲਈ ਉਸ ਉਤੇ ਭਰੋਸਾ ਰੱਖੀਏ।

# ਇਸ ਵਿਚ ਕੀ ਨੁਕਸਾਨ ਹੈ?

ਪਰ ਇਕ ਮਸੀਹੀ ਲਈ ਧੰਨ ਇਕੱਠਾ ਕਰਨਾ, ਦੌਲਤ ਰਖੱਣਾ ਗਲੱਤ ਕਿਓ ਹੈ?

(1) ਸੱਭ ਤੋਂ ਪਹਿਲਾਂ, ਇਹ ਗਲੱਤ ਹੈ ਕਿਓਕਿ ਬਾਈਬਲ ਇਸ ਤਰ੍ਹਾਂ ਆਖਦੀ ਹੈ (ਮੱਤੀ 6:19); ਇਹੀ ਕਾਰਨ ਕਾਫ਼ੀ ਹੋਣਾ ਚਾਹੀਦਾ ਹੈ। ਆਦਮ ਅਤੇ ਹਵਾ ਲਈ ਭਲੇ ਅਤੇ ਬੁਰੇ ਦੇ ਗਿਆਨ ਦੇ ਬਿਰਛ ਦਾ ਫੱਲ ਖਾਣਾ ਕਿਉ ਗਲੱਤ ਸੀ? ਕਿਉਕਿ ਪ੍ਰਮੇਸ਼ੁਰ ਨੇ ਇਸ ਤਰ੍ਹਾਂ ਆਖਿਆ ਸੀ। ਇਹ ਸਭ ਲਈ ਉੱਤਰ ਹੈ।

(2) ਇਹ ਇਸ ਲਈ ਵੀ ਗੱਲਤ ਹੈ ਕਿਉਂਕਿ ਇਹ ਅਜੋਕੇ ਸੰਸਾਰ ਦੀ ਜ਼ਰੂਰਤ ਨੂੰ ਨਜ਼ਰਅੰਦਾਜ਼ ਕਰਦਾ ਹੈ (ਕਹਾਉਂਤਾ 24:11-12)। ਹਜ਼ਾਰਾਂ ਆਦਮੀ ਅਤੇ ਔਰਤਾਂ ਨੇ, ਲੜਕੇ ਅਤੇ ਲੜਕੀਆਂ ਨੇ ਪ੍ਰਮੇਸ਼ਵਰ ਦੀ ਕ੍ਰਿਪਾ ਦਾ ਸ਼ੁਭਸਮਾਚਾਰ ਕਦੇ ਨਹੀਂ ਸੁਣਿਆ। ਹਜ਼ਾਰਾ ਕੋਲ ਬਾਈਬਲ, ਜਾਂ ਚੰਗਾ ਖੁਸ਼ਖਬਰੀ ਦਾ ਸਹਿਤ ਨਹੀਂ ਹੈ। ਹਜ਼ਾਰ ਬਿਨਾਂ ਪ੍ਰਮੇਸ਼ਵਰ ਦੇ, ਬਿਨਾਂ ਮਸੀਹ ਦੇ, ਬਿਨਾਂ -- ਉਮੀਦ ਦੇ ਮਰ ਰਹੇ ਹਨ।

ਇਹ ਇਕ ਰੂਹਾਨੀ ਭਰਮਾਰੀ ਦਾ ਰੂਪ ਹੋਵੇਗਾ ਜੋ ਸਾਡੇ ਕੋਲ ਖੁਸ਼ਖਬਰੀ ਫਲਾਉਣ ਲਈ ਸਾਧਨ ਹਨ ਪਰ ਅਸੀਂ ਉਸਨੂੰ ਇਸਤੇਮਾਲ ਨਾ ਕਰੀਏ। (ਹਿਜ਼ਕੀਏਲ 33:6)।

ਅਤੇ ਇਹ ਖਜ਼ਾਨਾ ਜੋੜਨ ਵਾਲੇ ਅੰਦਰ ਪ੍ਰਮੇਸ਼ਵਰ ਉੱਤੇ ਪ੍ਰਤੀਤ ਦੀ ਘਟੀ ਬਾਰੇ ਸਾਖੀ ਦਿੰਦਾ ਹੈ। "ਪਰ ਜਿਸ ਕਿਸੇ ਕੋਲ ਸੰਸਾਰ ਦੇ ਪਦਾਰਥ ਹੋਣ ਅਤੇ ਉਹ ਆਪਣੇ ਭਰਾ ਨੂੰ ਲੋੜਵੰਦ ਵੇਖਕੇ ਉਸ ਉਤੇ ਤਰਸ ਨਾ ਖਾਵੇ ਤਾਂ ਉਹ ਦੇ ਵਿਚ ਪਰਮੇਸ਼ੁਰ ਦਾ ਪ੍ਰੇਮ ਕਿਵੇਂ ਰਹਿੰਦਾ ਹੈ? (1ਯੂਹੰਨਾ 3:17)

ਪੁਰਾਣੇ ਨਿਯਮ ਵਿਚ ਜਦ ਦੋ ਕੌੜੀਆਂ ਨੇ ਵੱਡੇ ਖਾਣੇ ਨੂੰ ਪਾਇਆ, ਉਹ ਆਪਣੀ ਭੁੱਖ ਮਿਟਾ ਕੇ, ਉਹ ਦੂਸਰਿਆਂ ਨਾਲ ਵੰਡਣ ਲਈ ਦੌੜੇ (2ਰਾਜਾ 7:9) । ਕੀ ਅਸੀਂ ਜੋ ਕ੍ਰਿਪਾ ਹੇਠ ਮਸੀਹੀ ਹਾਂ ਸ਼ਰਾ ਹੇਠ ਕੌੜੀਆਂ ਨਾਲੋਂ ਘੱਟ ਤਰਸ ਰੱਖਦੇ ਹਾਂ?

(3) ਤੀਸਰਾ, ਧਨ ਦਾ ਅੰਬਾਰ ਰਖਣਾ ਗਲੱਤ ਹੈ ਕਿਉਕਿ ਸੰਸਾਰ ਦੀਆਂ ਵਿਸ਼ਾਲ ਜਿਸਮਾਨੀ ਲੋੜਾਂ ਸਾਹਮਣੇ ਇਹ ਬੇਰੈਹਮੀ ਹੋਵੇਗੀ (ਕਹਾਉਤਾਂ 3:27,28; 11:26)। ਲੂਕਾ 16 ਵਿਚ ਧਨੀ ਮਨੁਖ ਆਪਣੀ ਡੇਉੜੀ ਵਿਚ ਪਏ ਭਿਖਾਰੀ ਬਾਰੇ ਬਿਲਕੁੱਲ ਬੇਫਿਕਰ ਸੀ। ਜੇਕਰ ਉਸਨੇ ਆਪਣੀ ਖਿੜਕੀ ਦੇ ਨਜ਼ਦੀਕ ਜਾਕੇ ਉਸਦਾ ਪੜਦਾ ਹਟਾ ਕੇ ਦੇਖਿਆ ਹੁੰਦਾ , ਤਾਂ ਉਸਨੇ ਲੋੜ ਦੀ ਇਕ ਸਹੀ ਦਸ਼ਾ ਦੇਖੀ ਹੁੰਦੀ, ਇਕ ਉਚਿਤ ਜਗ੍ਹਾ ਜਿਥੇ ਉਹ ਆਪਣਾ ਕੁਝ ਪੈਸਾ ਖਰਚ ਕਰ ਸਕਦਾ । ਪਰ ਉਸਨੇ ਧਿਆਨ ਨਾ ਦਿੱਤਾ।

ਸੰਸਾਰ ਲਾਜ਼ਰਾਂ ਨਾਲ ਭਰਿਆ ਹੋਇਆ ਹੈ। ਉਹ ਸਾਡੇ ਦਰਵਾਜ਼ਿਆਂ ਵਿਚ ਬੈਠੇ ਹਨ। ਅਤੇ ਯਿਸੂ ਸਾਨੂੰ ਆਖ ਰਹਾ ਹੈ, "ਤੂੰ ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰ" (ਮੱਤੀ 22:39)।

ਜੇਕਰ ਹੁਣ ਅਸੀ ਉਸਨੂੰ ਸੁਣਨ ਤੋਂ ਇਨਕਾਰ ਕਰ ਦਿੱਤਾ, ਸ਼ਾਇਦ ਇਕ ਦਿਨ ਅਸੀਂ ਉਸਨੂੰ ਇਹ ਕਹਿੰਦੇ ਸੁਣਾਂਗੇ, "ਕਿਉਂ ਜੋ ਮੈਂ ਭੁੱਖਾਂ ਸਾਂ ਅਰ ਤੁਸਾਂ ਮੈਨੂੰ ਨਾ ਖੁਆਇਆ, ਮੈਂ ਤਿਹਾਇਆ ਸਾ ਅਰ ਤੁਸਾਂ ਮੈਨੂੰ ਨਾ ਪਿਆਇਆ... ਭਈ ਜਦ ਤੁਸਾਂ ਇਨ੍ਹਾਂ ਸਭਨਾਂ ਤੋਂ ਛੋਟੀਆਂ ਵਿਚੋਂ ਇਕ ਨਾਲ ਇਹ ਨਾ ਕੀਤਾ ਤਾ ਮੇਰੇ ਨਾਲ ਨਾ ਕੀਤਾ " (ਮੱਤੀ 25:42,45)।

(4) ਇਕ ਮਸੀਹੀ ਲਈ ਧਰਤੀ ਉਤੇ ਧਨ ਜੋੜਨਾ ਇਸ ਲਈ ਗਲੱਤ ਹੈ ਕਿਉਕਿ ਇਹ ਪ੍ਰਮੇਸ਼ੁਰ ਦੇ ਦੁਸ਼ਮਣਾਂ ਨੂੰ ਕੁਫਰ ਬੋਲਣ ਦਾ ਕਾਰਨ ਦਿੰਦਾ ਹੈ (ਰੋਮੀਆਂ 2:24)। ਇਸਨੇ ਵੋਲਟੇਅਰ ਨੂੰ ਇਕ ਕਹਿਣ ਲਈ ਉਤਸ਼ਾਹਿਤ ਕੀਤਾ, "ਜਦ ਪੈਸੇ ਦੀ ਗੱਲ ਆਉਂਦੀ ਹੈ, ਸਭ ਮਨੁੱਖ ਇਕੋ ਧਰਮ ਦੇ ਹਨ।"

ਬਹੁਤ ਸਾਰੇ ਗੈਰ-ਵਿਸ਼ਵਾਸੀ ਯਿਸੂ ਦੀਆਂ ਸਿਖਿਆਵਾਂ ਤੋਂ ਵਾਕਫ਼ ਹਨ। ਉਹ ਜਾਣਦੇ ਹਨ ਕਿ ਉਸਨੇ ਸਖਾਇਆ ਕਿ ਸਾਨੂੰ ਆਪਣੇ ਗੁਆਂਢੀ ਨਾਲ ਪ੍ਰੇਮ ਰੱਖਣਾ ਚਾਹੀਦਾ ਹੈ। ਲੇਕਿਨ ਜਦ ਉਹ ਯਿਸੂ ਦੀ ਪੈਰਵੀ ਕਰਨ ਵਾਲੇ ਆਲੀਸ਼ਾਨ ਘਰਾਂ ਵਿਚ, ਅਨੰਦਮਈ ਕਾਰਾਂ ਵਿਚ, ਸੁਵਾਦਿਸ਼ਟ ਖਾਣਿਆਂ ਨਾਲ ਅਤੇ ਕੀਮਤੀ ਬਸਤਰਾਂ ਵਿਚ ਪ੍ਰਸੰਨ ਰਹਿੰਦੇ ਦੇਖਦੇ ਹਨ ਤਾਂ ਉਹ ਪ੍ਰਤੱਖ ਅਸਮਾਨਤਾ ਨੂੰ ਵੇਖਦੇ ਹਨ । ਇਹ ਕਲੀਸਿਆ ਦੇ ਜਾਗ ਉਠਣ ਦਾ ਸਮਾਂ ਹੈ ! ਵਿਸ਼ਵ ਭਰ ਦੇ ਸਿਖਿਅਕ ਨੌਜਵਾਨਾਂ ਨਾਲ ਗੱਲ ਕਰਕੇ ਵੇਖੋ ! ਉਨ੍ਹਾਂ ਦੀ ਮਸੀਹਤ ਬਾਰੇ ਅਲੋਚਨਾ ਨੂੰ ਸੁਣੋ ! ਉਹ ਯਿਸੂ ਦੀਆਂ ਸਿਖਿਆਵਾਂ ਦੇ ਵਿਰੁੱਧ ਨਹੀਂ ਹਨ, ਲੇਕਿਨ ਉਹ ਘੋਰ ਗਰੀਬੀ ਵਿਚ ਕਲੀਸਿਆ ਦੀ ਦੌਲਤ ਅਤੇ ਮਸੀਹਾਂ ਦੇ ਸਖ਼ਤ ਵਿਰੁੱਧ ਹਨ।

ਕਿਸੇ ਨੇ ਆਖਿਆ ਹੈ ਕਿ ਜਦ ਸੁਨਾਹਿਰੀ ਜੁੱਤੀ ਪੌੜੀ ਚੜ੍ਹੇ, ਤਾਂ ਮੇਖਾਂ ਵਾਲੇ ਜੂਤੇ ਦੂਰ ਨਹੀ ਹੁੰਦੇ। ਕਲੀਸਿਆ ਸੁਣੇ।

(5) ਪ੍ਰੰਤੂ ਅਸੀਂ ਕੇਵਲ ਗੈਰ-ਵਿਸ਼ਵਾਸੀਆਂ ਤੇ ਪ੍ਰਭਾਵ ਬਾਰੇ ਹੀ ਨਹੀਂ ਧਿਆਨ ਦੇ ਰਹੇ। ਅਸੀਂ ਨੌਜਵਾਨ ਮਸੀਹਾਂ ਤੇ ਪ੍ਰਭਾਵ ਬਾਰੇ ਵੀ ਸੋਚ ਰਹੇ ਹਾਂ।

ਉਹ ਆਪਣੇ ਬਜ਼ੁਰਗਾਂ ਦੀਆਂ ਮਿਸਾਲਾਂ ਦੇਖਦੇ ਹਨ। ਸਭ ਤੋਂ ਮਹੱਤਵਪੂਰਨ ਜਿਸ ਬਾਰੇ ਅਸੀਂ ਕਹਿ ਸਕਦੇ ਹਾਂ ਉਹ ਹੈ ਕਿ ਅਸੀਂ ਕਿਵੇਂ ਰਹਿੰਦੇ ਹਾਂ। ਸਾਡੇ ਵਿਚਾਰਾ ਦਾ ਪਤਾ ਇਸ ਤਰ੍ਹਾਂ ਨਹੀਂ ਲਗਦਾ ਕਿ ਅਸੀਂ ਐਤਵਾਰ ਨੂੰ ਕਿਸ ਤਰ੍ਹਾਂ ਦਾ ਜੋਸ਼ੀਲਾ ਪ੍ਰਚਾਰ ਕਰਦੇ ਹਾਂ, ਪ੍ਰੰਤੂ ਕਿਹਾੜਾ ਉਦੇਸ਼ ਅਸੀਂ ਸੋਮਵਾਰ ਤੋਂ ਲੈਕੇ ਸ਼ੁਕਰਵਾਰ ਤੱਕ ਰੱਖਕੇ ਚਲਦੇ ਹਾਂ।

ਨੌਜਵਾਨ ਸਾਡੀ ਯਾਤ੍ਰਾ ਦਾ ਅਨੁਮਾਨ ਸਾਡੇ "ਤੰਬੂ" ਦੀ ਕੀਮਤ ਦੁਆਰਾ ਲਗਾਉਂਦੇ ਹਨ। ਪ੍ਰਮੇਸ਼ੁਰ ਦੀ ਸੇਵਾ ਲਈ ਅਵੱਸ਼ਕ ਧਨ ਇਕੱਠਾ ਕਰਨ ਲਈ ਜੋ ਭਾਵਨਾਤਮਕ ਪ੍ਰਚਾਰ ਅਸੀਂ ਕਰਦੇ ਹਾਂ ਉਹ ਉਸ ਨਾਲ ਪ੍ਰਭਾਵਿਤ ਨਹੀਂ ਕਿਉਂਕਿ ਉਹ ਜਾਣਦੇ ਹਨ ਕਿ ਕਲਮ ਦੀ ਇਕ ਲਕੀਰ ਨਾਲ ਉਹ ਇਸ ਜ਼ਰੂਰਤ ਨੂੰ ਪੂਰਾ ਕਰ ਸਕਦੇ ਹਨ ।

ਅਗਰ ਸਾਡਾ ਜੀਵਣ ਧਨ ਇੱਕਠਾ ਕਰਨ ਵਿੱਚ ਬੀਤ ਜਾਏ, ਤਾਂ ਸਾਨੂੰ ਅਚਰਜ ਨਹੀ ਹੋਣਾ ਚਾਹੀਦਾ ਕਿ ਨੌਜਵਾਨ ਪੀੜ੍ਹੀ ਸਾਡੀ ਉਦਾਹਰਣ ਪਿੱਛੇ ਚਲਦੀ ਹੈ । ਅਤੇ ਸਾਨੂੰ ਪ੍ਰਭੂ ਯਿਸੂ ਦੀ ਚਤਾਵਨੀ ਨੂੰ ਕਦੀ ਨਹੀਂ ਭੁਲੱਣਾ ਚਾਹੀਦਾ, " ਠੋਕਰਾ ਦਾ ਤਾਂ ਲਗਣਾ ਅਣਹੋਣਾ ਹੈ ਪਰ ਹਾਇ ਉਸ ਮਨੁੱਖ ਉਤੇ ਜਿਸ ਕਰਕੇ ਉਹ ਲਗੱਦੀਆਂ ਹਨ! ਜੇ ਖਰਾਸ ਦਾ ਪੁੜ ਉਹਦੇ ਗਲ ਵਿੱਚ ਬੰਨ੍ਹਿਆਂ ਜਾਂਦਾ ਤਾਂ ਉਹਦੇ ਲਈ ਇਸ ਨਾਲੋਂ ਚੰਗਾ ਸੀ ਜੋ ਉਹ ਇਨ੍ਹਾਂ ਛੋਟਿਆਂ ਵਿਚੋਂ ਇਕ ਨੂੰ ਠੋਕਰ ਖੁਆਏ" (ਲੂਕਾ 17:1-2)।

(6) ਇਕ ਹੋਰ ਕਾਰਨ ਧਨ ਜੋੜਨਾ ਕਿਉਂ ਪਾਪ ਪੂਰਨ ਹੈ ਕਿਉਂਕਿ ਇਹ ਪ੍ਰਮੇਸ਼ੁਰ ਨੂੰ ਲੁੱਟਦਾ ਹੈ (ਮਲਾਕੀ 3:8)। ਅਸੀਂ ਪਹਿਲਾਂ ਹੀ ਦੇਖ ਚੁੱਕੇ ਹਾਂ ਕਿ

ਸਾਡਾ ਸਭ ਕੁਝ ਉਸਦਾ ਹੈ। ਅਗਰ ਅਸੀਂ ਇਸਨੂੰ ਸਿੱਧੇ ਤੌਰ ਤੇ ਉਸਦੇ ਕੰਮਾਂ ਨੂੰ ਵਧਾਉਣ ਵਿਚ ਇਸਤੇਮਾਨ ਨਹੀਂ ਕਰ ਸਕਦੇ, ਤਾਂ ਸਾਨੂੰ ਘਟੋ-ਘੱਟ ਇਸਨੂੰ ਉਨ੍ਹਾਂ ਦੇ ਹੱਥਾਂ ਵਿਚ ਦੇ ਦੇਣਾ ਚਾਹੀਦਾ ਹੈ ਜੋ ਇਹ ਕਰ ਸਕਦੇ ਹਨ। ਬਟੂਏ ਵਿਚ ਰੱਖ ਛਡੱਣਾ ਨਾ ਬਖਸ਼ਣਯੋਗ ਹੈ। (ਲੂਕਾ 19:20-26)

(7) ਆਰਥਕ ਮੁਖਤਿਆਰੀ ਦੇ ਮਾਮਲਿਆਂ ਵਿਚ ਪ੍ਰਭੂ ਦੀ ਆਗਿਆ ਮੰਨਣ ਵਿਚ ਅਸਫਲ ਹੋਣ ਬਾਰੇ ਬਾਈਬਲ ਦੇ ਭਾਗ ਸਾਡੇ ਉਤੇ ਢੁਕਦੇ ਹਨ (ਮੱਤੀ 6:22,23)। ਅਸੀਂ ਉਨ੍ਹਾਂ ਹਵਾਲਿਆਂ ਅਗੇ ਅੰਨ੍ਹੇ ਹੋ ਜਾਂਦੇ ਹਾਂ ਜੋ ਆਪਣੇ ਅਰਥ ਵਿਚ ਬਿਲਕੁਲ ਸ਼ਪਸ਼ਟ ਹਨ।

ਇਹ ਪਤੀਤ ਸੁਭਾਅ ਦਾ ਅਜੀਬ ਮੋੜ ਹੈ ਲੇਕਿਨ ਇਹ ਸਚਾਈ ਹੈ। "ਜਿੰਨਾ ਜਿਆਦਾ ਇਹ ਅਧਿਐਨ ਸਾਨੂੰ ਆਪਣੇ ਸਿਰਜਨਹਾਰ ਦੇ ਪ੍ਰਤੀ ਸਾਡੀ ਵਿਅਕਤੀਗੱਤ ਜਿੰਮੇਦਾਰੀ ਦੇ ਕਰੀਬ ਲੈ ਜਾਂਦਾ ਹੈ ਉਨ੍ਹਾਂ ਹੀ ਜ਼ਿਆਦਾ ਸਾਡਾ ਪਾਪੀ ਸੁਭਾਅ ਸਾਡੀਆਂ ਅੱਖਾਂ ਉੱਤੇ ਪਰਦਾ ਪਾਉਂਦਾ ਹੈ ਤਾਂਕਿ ਅਸੀਂ ਸਚਿਆਈ ਨੂੰ ਨਾ ਜਾਣੀਏ । ਅਸੀਂ ਸਚਿਆਈ ਉੱਤੇ ਵਿਸਵਾਸ਼ ਕਰਨਾ ਨਹੀਂ ਚਾਹੁੰਦੇ ਅਤੇ ਕਿਸੇ ਹੋਰ ਕਲਪਨਾ ਨਾਲ ਚਿਪਕੇ ਰਹਿੰਦੇ ਹਾਂ ਜੋ ਸਾਨੂੰ ਇਸ ਜਿੰਮੇਦਾਰੀ ਤੋਂ ਮੁਕਤ ਕਰਦੀ ਹੈ ।"

ਇਸ ਵਿਸ਼ੇ 'ਚ' ਹੈਰਿੰਗਟੋਨ ਸੀ .ਲੀਸ ਨੇ ਇਕ ਵਾਰ ਲਿਖਿਆ :

ਸੁਘੜ ਵਿਅਕਤੀ ਦਾ ਸਭ ਤੋਂ ਨਾਜ਼ੁਕ ਹਿੱਸਾ ਉਸਦੀ ਜੇਬ ਹੁੰਦੀ ਹੈ, ਜਦ ਕੋਈ ਪ੍ਰਚਾਰਕ ਆਪਣੇ ਸੁਣਨ ਵਾਲਿਆਂ ਦੀਆਂ ਜੇਬਾਂ ਦੇ ਵਿਸ਼ੇ 'ਚ' ਪ੍ਰਚਾਰ ਕਰਦਾ ਹੈ ਤਾਂ ਉਸਨੂੰ ਸਭ ਤੋਂ ਜ਼ਿਆਦਾ ਸ਼ੰਘਰਸ਼ਪੂਰਨ ਲੜ੍ਹਾਈ ਕਰਨੀ ਪੈਂਦੀ ਹੈ ।

ਸਵੈ-ਇਨਕਾਰ ਕਰਨ ਬਾਰੇ ਲਿਖੇ ਗਏ ਹਵਾਲੇ ਸਾਨੂੰ ਤਦ ਗੈਰਸਬੰਧੀ

ਮਲੂਮ ਹੁੰਦੇ ਹਨ ਜਦ ਅਸੀਂ ਸਿਯੋਨ ਵਿਚ ਬੜੇ ਅਰਾਮ ਨਾਲ ਜੀਵਨ ਬਤਾਉਂਦੇ ਹਾਂ । ਅਤੇ ਜਿੰਨਾਂ ਆਗਿਆਵਾਂ ਦੀ ਅਸੀਂ ਖ਼ੁੱਦ ਪਾਲਨਾ ਨਹੀਂ ਕਰਦੇ ਉਨ੍ਹਾਂ ਵਚਨਾਂ ਨੂੰ ਅਸੀਂ ਪ੍ਰਭਾਵਸ਼ਾਲੀ ਰੂਪ 'ਚ' ਪ੍ਰਚਾਰ ਨਹੀਂ ਕਰ ਸਕਦੇ ।

ਆਗਿਆ ਨਾ ਮੰਨਣ ਦਾ ਇਕ ਸਰਾਪ ਇਹ ਹੈ ਕਿ ਅਸੀਂ ਬਾਈਬਲ ਦੇ ਵਚਨਾਂ ਨੂੰ ਸਹੀ ਢੰਗ ਨਾਲ ਸਮਝ ਨਹੀਂ ਸਕਦੇ (ਮਤੀ 13:14,15) ।

(8) ਧਨ ਇੱਕਠਾ ਕਰਨ ਨਾਲ ਵਿਸ਼ਵਾਸ ਦਾ ਜੀਵਨ ਵਿਹਾਰਕ ਤੌਰ ਤੇ ਜੀਉਣਾ ਅਣਹੋਣਾ ਹੋ ਜਾਂਦਾ ਹੈ । ਕਿਉਂ? ਕਿਉਂਕਿ ਇਹ ਲਗਭਗ ਅਣਹੋਣਾ ਹੈ ਕਿ ਧਨ ਕੋਲ ਹੋਵੇ ਅਤੇ ਉਸ ਉੱਤੇ ਭਰੋਸਾ ਨਾ ਕੀਤਾ ਜਾਵੇ । ਜਿਸ ਕੋਲ ਦੌਲਤ ਹੈ ਉਸ ਨੂੰ ਇਹ ਪਤਾ ਨਹੀਂ ਕਿ ਉਹ ਕਿਨਾਂ ਉਸ ਉਤੇ ਨਿਰਭਰ ਹੈ ।

ਧਨਵਾਨ ਦੀ ਸਾਯਾ ਉਹਦੇ ਲੇਖੇ
ਪੱਕਾ ਨਗਰ ਅਤੇ ਉੱਚੀ ਸ਼ਹਿਰ ਪਨਾਹ ਵਾਂਙੁ ਹੈ । (ਕਹਾਉਤਾਂ 18:11)

ਉਹ ਸਮੱਸਿਆਵਾਂ ਨੂੰ ਹੱਲ ਕਰਨ ਲਈ, ਵਰਤਮਾਨ ਅਨੰਦ ਲਈ ਅਤੇ ਭਵਿੱਖ ਦੀ ਸੁੱਰਖਿਅਤਾ ਵਾਸਤੇ ਪੈਸੇ ਉੱਤੇ ਨਿਰਭਰ ਰਹਿੰਦਾ ਹੈ । ਜੇ ਉਸਨੂੰ ਇਹ ਸਭ ਇਕ ਦਮ ਛਡਣੇ ਪਵੇ, ਉਸਦਾ ਸਹਾਰਾ ਅਤੇ ਬਸਾਖੀ ਚਲੇ ਜਾਣਗੇ ਅਤੇ ਉਹ ਭੈਮਾਨ ਸਥਿਤੀ ਵਿਚ ਆ ਜਾਵੇਗਾ ।

ਸਚਾਈ ਇਹ ਹੈ ਕਿ ਅਸੀਂ ਬੈਂਕ ਬੱਚਤ ਉਤੇ ਜਿਸਨੂੰ ਅਸੀਂ ਦੇਖ ਸਕਦੇ ਹਾਂ ਭਰੋਸਾ ਕਰਾਂਗੇ, ਇਸਦੇ ਬਜਾਏ ਕਿ ਪ੍ਰਮੇਸ਼ੁਰ ਉੱਤੇ ਜਿਸਨੂੰ ਅਸੀਂ ਦੇਖ ਨਹੀਂ ਸਕਦੇ । ਪ੍ਰਮੇਸ਼ੁਰ ਤੋਂ ਇਲਾਵਾ ਸਾਡੇ ਕੋਲ ਕੁੱਝ ਨਹੀਂ ਹੈ ਅਤੇ ਕੋਈ ਨਹੀਂ ਹੈ, ਕੇਵਲ ਇਹ ਵਿਚਾਰ ਸਾਡੀ ਹਿੰਮਤ ਨੂੰ ਤੋੜ ਦਿੰਦਾ ਹੈ ।

ਉਸਦੇ ਹੱਥਾਂ ਵਿਚ ਅਸੀਂ ਸੁੱਰਖਿਅਤ ਮਹਿਸੂਸ ਨਹੀਂ ਕਰਦੇ; ਪ੍ਰੰਤੂ ਜੇ ਸਾਡੇ ਕੋਲ ਕਾਫ਼ੀ ਧਨ ਹੈ ਤਾਂ ਅਸੀਂ ਸਮਝਦੇ ਹਾਂ ਕਿ ਅਸੀਂ ਹਰ ਸਕੰਟ ਤੋਂ

ਸੁਰਖਿਅੱਤਾ ਲਈ ਹੈ । ਇਹ ਭਾਵਨਾ ਸਚਮੁੱਚ ਆਮ ਹੀ ਹੈ । ਪ੍ਰਮੇਸ਼ੁਰ ਦੇ ਪਿਤਾਮਈ ਬੰਦੋਬਸਤ ਦੇ ਬਾਰੇ ਸਾਨੂੰ ਅਵਿਸ਼ਵਾਸੀ ਹੋਣ ਦਾ ਖ਼ਤਰਾ ਹੈ - ਸੈਮੂਏਲ ਕੋਕਸ

ਪ੍ਰਮੇਸ਼ੁਰ ਦੀ ਇੱਛਾ ਇਹ ਹੈ ਕਿ ਅਸੀਂ ਨਿਰੰਤਰ ਉਸ ਉੱਤੇ ਨਿਰਭਰ ਰਹੀਏ । ਜਦ ਅਸੀਂ ਧਰਤੀ ਉੱਤੇ ਧਨ ਜੋੜਦੇ ਹਾਂ ਅਸੀਂ ਉਸਦੀ ਇੱਛਿਆ ਨੂੰ ਅਸਫਲ ਕਰ ਦਿੰਦੇ ਹਾਂ ।

ਸਿਰਫ਼ ਵਿਸ਼ਵਾਸ ਦਾ ਹੀ ਉਹ ਜੀਵਨ ਹੈ ਜਿਸ ਨਾਲ ਪ੍ਰਮੇਸ਼ੁਰ ਪ੍ਰਸੰਨ ਹੁੰਦਾ ਹੈ; ਵਿਸ਼ਵਾਸ ਬਿਨਾਂ ਉਸਨੂੰ ਪ੍ਰਸੰਨ ਕਰਨ ਅਣਹੋਣਾ ਹੈ (ਇਬਰਾਨੀਆਂ 11:16) ।

ਨਿਹਚਾਹ ਦਾ ਜੀਵਨ ਹੀ ਕੇਵਲ ਜੀਵਨ ਹੈ ਜਿਸ ਵਿਚ ਸੱਚੀ ਸੁਰੱਖਿਅੱਤ ਹੈ " .... ਉਹ ਨਿਹਚਾਹ ਤੋਂ ਹੋਇਆ... ਜੋ ਕਰਾਰ ਸਾਰੀ ਅੰਸ ਦੇ ਲਈ ਪੱਕਾ ਰਹੇ" (ਰੋਮੀਆਂ 4:16) ।

ਕਿਉਂਕਿ ਪ੍ਰਮੇਸ਼ਵਰ ਦੇ ਵਾਇਦੇ ਤੋਂ ਵੱਧਕੇ ਕੁਝ ਵੀ ਨਿਸ਼ਚਿਤ ਨਹੀਂ ਹੈ, ਇਹ ਆਖਦਾ ਹੈ ਕਿ ਨਿਹਚਾਹ ਦਾ ਜੀਵਨ ਚਿੰਤਾ ਰਹਿਤ ਜੀਵਨ ਹੈ।

ਪਰੇਸ਼ਾਨ ਅਤੇ ਭਾਵੁਕ ਗੜਬੜੀਆਂ ਭੌਤਕਵਾਦ ਤੋਂ ਉਭਰਦੀਆਂ ਹਨ, ਪ੍ਰਮੇਸ਼ਵਰ ਉੱਤੇ ਨਿਹਚਾਹ ਦੀ ਚਾਲ ਤੋਂ ਨਹੀਂ।

ਵਿਸ਼ਵਾਸ ਦਾ ਜੀਵਨ ਹੀ ਕੇਵਲ ਜੀਵਨ ਹੈ ਜੋ ਸਾਰੀ ਮਹਿਮਾਂ ਪ੍ਰਮੇਸ਼ਵਰ ਨੂੰ ਦਿੰਦਾ ਹੈ। ਜਦ ਅਸੀਂ ਦਰਿਸ਼ਟੀ ਦੁਆਰਾ ਚਲਦੇ ਹਾਂ, ਅਸੀ ਇਨਸਾਨੀ ਝੂਠ ਅਤੇ ਚਤੁਰਾਈ ਨੂੰ ਵਡਿਆਉਂਦੇ ਹਾਂ।

ਨਿਹਚਾਹ ਦਾ ਜੀਵਣ ਗੈਰ-ਵਿਸ਼ਵਸੀਆਂ ਅਤੇ ਦੂਸਰੇ ਮਸੀਹਾਂ ਨਾਲ ਉੱਚੀ ਅਵਾਜ਼ ਨਾਲ ਬੋਲਦਾ ਹੈ। ਇਹ ਸਭ ਨੂੰ ਸਾਖੀ ਦਿੰਦਾ ਹੈ ਕਿ ਸਵਰਗ

ਵਿਚ ਇਕ ਪ੍ਰਮੇਸ਼ਵਰ ਹੈ ਜੋ ਪ੍ਰਾਥਨਾ ਦਾ ਉੱਤਰ ਦਿੰਦਾ ਹੈ।

ਨਿਹਚਾਹ ਦਰਿਸ਼ਟੀ ਦੇ ਉਲਟ ਹੈ; ਜਦ ਤੁਸੀਂ ਦੇਖ ਸਕਦੇ ਹੋ, ਤੁਸੀਂ ਭਰੋਸਾ ਨਹੀਂ ਕਰ ਸਕਦੇ। ਧਨ ਜੋੜਨ ਨਾਲ ਵਿਸ਼ਵਾਸ ਦਾ ਜੀਵਨ ਅਸੰਭਵ ਹੋ ਜਾਂਦਾ ਹੈ।

ਜਦ ਕੋਈ ਵਿਅਕਤੀ ਮਸੀਹੀ ਬਣਦਾ ਹੈ ਵਿਸ਼ਵਾਸ ਦਾ ਜੀਵਨ ਆਪਣੇ ਆਪ ਨਹੀਂ ਆ ਜਾਂਦਾ। ਇਸ ਲਈ ਉਸ ਵਲੋਂ ਸਵੈ-ਇੱਛੁਕ ਕਿਰਿਆਵਾਂ ਬਹੁਤ ਜ਼ਰੂਰੀ ਹਨ। ਖਾਸਕਰ ਧਨੀ ਸਮਾਜ ਵਿਚ ਇਹ ਸੱਚ ਹੈ। ਵਿਸ਼ਵਾਸੀ ਖੁਦ ਨੂੰ ਉਸ ਸਥਿਤੀ ਵਿਚ ਰੱਖੇ ਜਿੱਥੇ ਉਹ ਪ੍ਰਮੇਸ਼ਵਰ ਤੇ ਭਰੋਸਾ ਕਰਨ ਲਈ ਮਜ਼ਬੂਰ ਹੈ। ਉਹ ਇਸ ਤਰ੍ਹਾਂ ਸਭ ਕੁੱਝ ਵੇਚਕੇ ਅਤੇ ਗਰੀਬਾਂ ਵਿੱਚ ਵੰਡਕੇ ਕਰ ਸਕਦਾ ਹੈ। ਇਹ ਜਦ ਉਹ ਆਪਣੀ ਬਚੱਤ ਅਤੇ ਦੂਸਰੇ ਝੂਠੇ ਸਹਾਰਿਆਂ ਤੋਂ ਛੁਟਕਾਰੇ ਪਾਵੇਗਾ ਤਦ ਹੀ ਉਹ ਇਕ ਸੱਚੀ ਡੂੰਘਾਈ ਲਈ ਆਰੰਭ ਕਰ ਸਕਦਾ ਹੈ।

(9) ਕੇਵਲ ਇਹ ਨਹੀਂ, ਇਹ ਸਾਡੇ ਪ੍ਰਭੂ ਦੇ ਅਨਾਦਰ ਦੀ ਗੱਲ ਹੈ ਕਿ ਉਹ ਉਸ ਸੰਸਾਰ ਵਿਚ ਰਾਜਿਆਂ ਵਾਂਗਰ ਰਾਜ ਕਰੇ ਜਿੱਥੇ ਉਸਦਾ ਅਜੇ ਵੀ ਤਿਰਸਕਾਰ ਕੀਤਾ ਜਾਂਦਾ ਹੈ ਅਤੇ ਉਸਦੇ ਸੇਵਕ ਸਤਾਏ ਜਾਂਦੇ ਹਨ। ਪੌਲੁਸ ਕੁਰਿੰਥੀਆਂ ਦੇ ਲੋਕਾਂ ਦੀ ਤਸਵੀਰ ਇੰਝ ਦਿੰਦਾ ਹੈ ਜਿਵੇਂ ਉਹ ਮਹਿੰਗੇ ਸਟੇਡੀਅਮ ਵਿਚ ਆਪਣੇ ਸਿਰ ਉੱਪਰ ਤਾਜ ਪਹਿਨੀ ਹਨ ਅਤੇ ਸਰਵੋਤਰ ਬਸਤ੍ਰ ਪਹਿਨੀ ਬੈਠੇ ਹਨ। ਉਸੇ ਸਮੇਂ ਉਹ ਰਸੂਲਾਂ ਦੀ ਤਸਵੀਰ, ਜੋ ਕਾਰਜ ਖੇਤਰ ਵਿਚ, ਇੰਝ ਦਿੰਦਾ ਹੈ ਜੀਵੇਂ ਜੰਗਲੀ ਜਾਨਵਰਾਂ ਦੁਆਰਾ ਨਿਗਲੇ ਜਾਣ ਲਈ ਤਿਆਰ ਬੈਠੇ।

ਤੁਸੀਂ ਤਾਂ ਹੁਣੇ ਹੀ ਰੱਜੇ ਹੋਏ ਹੋ ! ਤੁਸੀਂ ਤਾਂ ਹੁਣੇ ਹੀ ਧਨੀ ਹੋ ਗਏ ! ਤੁਸੀਂ

ਸਾਥੋਂ ਬਿਨਾ ਰਾਜ ਕਰਨ ਲੱਗ ਪਏ ਅਤੇ ਕਾਸ਼ ਕਿ ਤੁਸੀਂ ਰਾਜ ਕਰਦੇ ਤਾਂ ਜੋ ਅਸੀਂ ਵੀ ਤੁਹਾਡੇ ਨਾਲ ਰਲਕੇ ਰਾਜ ਕਰਦੇ ! ਮੈਂ ਤਾਂ ਸਮਝਦਾ ਹਾਂ ਭਈ ਪਰਮੇਸ਼ੁਰ ਨੇ ਅਸਾਂ ਰਸੂਲਾਂ ਨੂੰ ਸਭਨਾਂ ਤੋਂ ਛੇਕੜਲੇ ਕਰ ਕੇ ਕਤਲ ਹੋਣ ਵਾਲਿਆਂ ਵਰਗੇ ਪ੍ਰਗਟ ਕੀਤਾ ਕਿਉਂ ਜੋ ਅਸੀਂ ਜਗਤ ਅਤੇ ਦੂਤਾਂ ਅਤੇ ਮਨੁੱਖਾਂ ਦੇ ਲਈ ਇੱਕ ਤਮਾਸ਼ਾ ਬਣੇ ਹੋਏ ਹਾਂ। ਅਸੀਂ ਮਸੀਹ ਦੇ ਨਮਿੱਤ ਮੂਰਖ ਹਾਂ ਪਰ ਤੁਸੀਂ ਮਸੀਹ ਵਿੱਚ ਸਿਆਣੇ ਹੋ । ਅਸੀਂ ਨਿਰਬਲ ਹਾਂ ਪਰ ਤੁਸੀਂ ਬਲਵੰਤ ਹੋ । ਤੁਸੀਂ ਪਰਤਾਪ ਵਾਲੇ ਹੋ ਪਰ ਅਸੀਂ ਬੇਪਤ ਹਾਂ । ਇਸ ਘੜੀ ਤੀਕ ਅਸੀਂ ਭੁੱਖੇ, ਤਿਹਾਏ, ਨੰਗੇ ਹਾਂ ਅਤੇ ਮੁੱਕੇ ਖਾਂਦੇ ਅਤੇ ਬੇ-ਟਿਕਾਣਾ ਫਿਰਦੇ ਹਾਂ । ਅਤੇ ਆਪਣੇ ਹੱਥਾਂ ਨਾਲ ਕੰਮ ਧੰਧੇ ਕਰਕੇ ਮਿਹਨਤ ਕਰਦੇ ਹਾਂ । ਅਸੀਂ ਗਾਲੀਆਂ ਖਾ ਕੇ ਅਸੀਸ ਦਿੰਦੇ ਹਾਂ । ਜਾਂ ਸਾਨੂੰ ਸਤਾਂਉਂਦੇ ਹਨ ਤਾਂ ਅਸੀਂ ਸਹਿੰਦੇ ਹਾਂ। ਜਾਂ ਸਾਡੀ ਨਿੰਦਿਆ ਕਰਦੇ ਹਨ ਤਾਂ ਅਸੀਂ ਬੇਨਤੀ ਕਰਦੇ ਹਾਂ ਅਸੀਂ ਹੁਣ ਤੀਕੁਰ ਜਗਤ ਦੇ ਕੂੜੇ ਵਰਗੇ ਅਤੇ ਸਭਨਾਂ ਵਸਤਾਂ ਦੇ ਝਾੜਨ ਬਣੇ ਹੋਏ ਹਾਂ (1 ਕੁਰਿੰਥੀਆਂ 4:8-13) ।

ਮਸੀਹ ਦੇ ਤਾਜ ਪਹਿਨਣ ਤੋਂ ਪਹਿਲਾਂ ਹੀ ਕੁਰਿੰਥੀਆਂ ਦੇ ਲੋਕ ਰਾਜਿਆਂ ਵਾਂਗਰ ਰਾਜ ਕਰ ਰਹੇ ਹਨ। ਤਾਜਪੋਸ਼ੀ ਦੀ ਰਸਮ ਸਮੇਂ, ਰਾਜੇ ਦੇ ਮੁਕਟ ਪਹਿਣਨ ਤੋਂ ਪਹਿਲਾਂ ਛੋਟੇ ਸਭਾਪਤੀਆਂ ਦਾ ਤਾਜ ਪਹਿਣਨਾ ਇਕ ਗੰਭੀਰ ਅਨਾਦਰ ਦਾ ਨਿਸ਼ਾਨ ਹੈ।

(10) ਧਨ ਇਕੱਠਾ ਕਰਨਾ ਪ੍ਰੱਭੂ ਯਿਸੂ ਦੀ ਉਦਾਹਰਨ ਤੋਂ ਬਿਲਕੁਲ ਉਲੱਟ ਹੈ। ਉਹ ਬੇਅੰਤ ਅਮੀਰ ਸੀ, ਫਿਰ ਵੀ ਉਹ ਆਪਣੀ ਮਰਜ਼ੀ ਨਾਲ ਸਾਨੂੰ ਅਮੀਰ ਬਣਾਉਣ ਲਈ ਆਪ ਗਰੀਬ ਬਣਿਆ (2ਕੁਰਿੰਥੀਆਂ 8:9)।

ਨਵੇਂ ਨਿਯਮ ਦੀ ਮੂਲ ਭਾਸ਼ਾ ਵਿਚ ਦੋ ਸ਼ਬਦ ਹਨ ਜਿੰਨਾ ਦਾ ਗਰੀਬ ਅਨੁਵਾਦ ਗਰੀਬ ਕੀਤਾ ਗਿਆ ਹੈ। ਇਕ ਸ਼ਬਦ ਦਾ ਅਰਥ ਹੈ ਕਿਸੇ ਮਨੁੱਖ

ਦੀ ਸਥਿਤੀ ਜਿੱਥੇ ਉਸ ਕੋਲ ਜੀਵਨ ਦੇ ਅਵਸ਼ੱਕ ਤੱਤਾਂ ਤੋਂ ਵੱਧ ਨਹੀਂ ਹੈ। ਦੂਸਰੇ ਦਾ ਅਰਥ ਹੈ ਮੁਥਾਜ ਜਾਂ ਧਨ ਤੋਂ ਖਾਲੀ। ਇਹ ਦੂਸਰਾ ਸ਼ਬਦ ਹੈ ਜਿਸਨੂੰ ਪੌਲੁਸ ਪ੍ਰਭੂ ਯਿਸੂ ਦਾ ਵਰਣਨ ਕਰਨ ਲਈ ਪ੍ਰਯੋਗ ਕਰਦਾ ਹੈ।

ਸਾਡੇ ਵਿਚੋਂ ਕਿੰਨੇ ਲੋਕ ਯਿਸੂ ਦਾ ਅਨੁਸਰਨ ਸਭ ਤਰੀਕੇ ਨਾਲ ਕਰਨ ਲਈ ਤਿਆਰ ਹਨ?

(11) ਧਨ ਦੀ ਇਕ ਹੋਰ ਬੁਰਾਈ ਇਹ ਹੈ ਕਿ ਇਹ ਪ੍ਰਾਥਨਾ ਜੀਵਨ ਲਈ ਨੁਕਸਾਨਦੇਹ ਹੈ। ਜਿੱਥੇ ਸਭ ਭੌਤਿਕ ਜ਼ਰੂਰਤਾਂ ਦਾ ਪ੍ਰਬੰਧ ਹੈ, ਪ੍ਰਾਰਥਨਾ ਦੀ ਕੀ ਲੋੜ ਹੈ ?

ਇਹ ਕਿੰਨੀ ਸ਼ਰਮ ਵਾਲੀ ਗੱਲ ਹੈ ਕਿ ਜਦ ਅਸੀਂ ਖੁੱਦ ਕੰਮ ਕਰ ਸਕਦੇ ਹਾਂ ਪ੍ਰਮੇਸ਼ਵਰ ਨੂੰ ਕਰਨ ਲਈ ਆਖ ਰਹੇ ਹਾਂ। ਉਦਾਹਰਣ ਲਈ, ਵਿਸ਼ਵਾਸੀ ਹੋਣ ਦੇ ਨਾਤੇ ਅਸੀਂ ਕਿੰਨੇ ਵਾਰ ਕਿਸੇ ਪ੍ਰੋਜੈਕਟ ਲਈ ਪ੍ਰਮੇਸ਼ਵਰ ਨੂੰ ਫੰਡ ਦਾ ਪ੍ਰਬੰਧ ਕਰਨ ਲਈ ਆਖਿਆ ਹੈ ਜਦ ਅਸੀ ਖੁਦ ਬਿਨਾ ਰੁਕਾਵਟ ਦੇ ਪੈਸੇ ਦਾ ਪ੍ਰਬੰਧ ਕਰ ਸਕਦੇ ਹਾਂ ਅਕਸਰ ਪ੍ਰਭੂ ਦਾ ਆਪਣਾ ਧਨ ਉਸ ਲਈ ਉਪਲਭੱਦ ਨਹੀਂ ਹੁੰਦਾ।

(12) ਅੰਤ ਵਿਚ, ਧਨ ਜੋੜਨਾ ਇਸ ਲਈ ਗਲਤ ਹੈ ਕਿਉਂਕਿ ਇਹ ਦੂਸਰਿਆਂ ਨੂੰ ਅਮੀਰ ਬਣਨ ਦੀ ਆਸ ਨਾਲ ਮਸੀਹੀ ਬਣਨ ਲਈ ਉਤਸਾਹਿਤ ਕਰਦਾ ਹੈ।

ਪ੍ਰਥਮ ਵਿਸ਼ਵਸੀਆ ਲਈ ਗਰੀਬੀ ਇਕ ਸੰਪਤੀ ਸੀ, ਨਾ ਕਿ ਕਰਜ਼:

ਇਕ ਧਰਮ ਜਿਸਨੇ ਸੰਸਾਰ ਨੂੰ ਉਲਟਾ ਦਿੱਤਾ, ਜਦਕਿ ਇਸਦ ਪਹਿਲੇ ਸਾਰੇ ਪ੍ਰਚਾਰਕ ਗਰੀਬ ਸਨ, ਅਵੱਸ਼ ਹੀ ਉਨ੍ਹਾਂ ਦੀਆਂ ਜ਼ਰੂਰਤਾਂ ਸਵਰਗ ਤੋਂ

ਪੂਰੀਆਂ ਹੋਈਆਂ। ਜੇ ਪ੍ਰੇਰਿਤਾਂ ਕੋਲ ਸਰੋਤਿਆਂ ਨੂੰ ਦੇਣ ਲਈ ਪੈਸੇ ਹੁੰਦੇ, ਜਾਂ ਉਨ੍ਹਾਂ ਨੂੰ ਡਰਾਉਣ ਲਈ ਉਨ੍ਹਾਂ ਪਿੱਛੇ ਫੌਜ ਹੁੰਦੀ, ਤਾਂ ਇਕ ਨਾਸਤਿਕ ਬਿਲਕੁਲ ਇਨਕਾਰ ਕਰਦਾ ਕਿ ਇਹਨਾਂ ਵਿਚ ਕੁੱਝ ਅਦਭੁੱਤ ਸਫਲਤਾ ਸੀ। ਲੇਕਿਨ ਪ੍ਰੱਭੂ ਦੇ ਚੇਲਿਆਂ ਦੀ ਗਰੀਬੀ ਨੇ ਅਣਈਸ਼ਵਰਵਾਦੀਆਂ ਦੇ ਪੈਰਾ ਹੇਠੋਂ ਇਸ ਤਰਕ ਦੀ ਜ਼ਮੀਨ ਨੂੰ ਹਟਾ ਸੁਟਿਆ। ਉਸ ਸਿਧਾਂਤ ਨਾਲ ਜੋ ਸੁਭਾਵਿਕ ਹਿਰਦੇ ਲਈ ਸਭ ਤੋਂ ਅਸੁਆਦਿਸ਼ਟ ਹੈ, ਬਿਨਾਂ ਰਿਸ਼ਵਤ ਜਾਂ ਪੂਰੀ ਆਗਿਆਕਾਰੀ ਨਾਲ–ਕੁੱਝ ਤੁੱਛ ਗਲੀਲੀ ਮਨੁੱਖਾਂ ਨੇ ਸੰਸਾਰ ਨੂੰ ਹਿਲਾ ਦਿੱਤਾ ਅਤੇ ਰੋਮੀ ਸਾਮਰਾਜ ਨੂੰ ਬਦਲ ਦਿੱਤਾ। ਇਸ ਕੰਮ ਲਈ ਸਿਰਫ਼ ਇਕ ਗੱਲ ਮਾਇਨੇ ਰਖੱਦੀ ਹੈ। ਮਸੀਹ ਦੀ ਖੁਸ਼ਖਬਰੀ, ਜਿਸਦੀ ਇਨ੍ਹਾਂ ਮਨੁੱਖਾਂ ਨੇ ਮਨਾਦੀ ਕੀਤੀ, ਉਹ ਪ੍ਰਮੇਸ਼ਵਰ ਦੀ ਸਚਾਈ ਸੀ--

ਜੇ.ਸੀ.ਰਾਈਲ

**ਮੰਗੋਲੀਆ ਦੇ ਗਿੱਲਮੌਰ ਨੇ ਇਕ ਵਾਰ ਲਿਖਿਆ:**

ਜੇ ਮੈਂ ਉਨ੍ਹਾਂ ਵਿਚ ਅਮੀਰ ਬਣਕੇ ਜਾਵਾਂ, ਉਹ ਨਿਰੰਤਰ ਮੰਗਦੇ ਰਹਿਣਗੇ ਅਤੇ ਸ਼ਾਇਦ ਮੈਨੂੰ ਕਿਸੇ ਹੋਰ ਦੀ ਬਜਾਇ ਇਕ ਤੋਹਫਿਆਂ ਦਾ ਸਰੋਤ ਸਮਝਣਗੇ। ਅਗਰ ਮੈਂ ਕਿਸੇ ਹੋਰ ਚੀਜ਼ ਦੀ ਬਜਾਇ ਸਿਰਫ਼ ਸ਼ੁਭਸਮਾਚਾਰ ਲੈ ਕੇ ਜਾਵੇ, ਤਾਂ ਉਹਨਾਂ ਦਾ ਭੇਤਪੂਰਨ ਤੋਹਫੇ ਤੋਂ ਧਿਆਨ ਹਟਾਉਣ ਲਈ ਕੁਝ ਵੀ ਨਹੀਂ ਹੋਵੇਗਾ।

ਹੈਕਲ ਦੇ ਦਰਵਾਜੇ ਤੇ ਪਤਰਸ ਅਤੇ ਯੂਹੰਨਾ ਇਕ ਲੰਗੜੇ ਨੂੰ ਮਿਲੇ। ਜਦ ਉਸਨੇ ਉਨ੍ਹਾਂ ਤੋਂ ਕੁੱਝ ਮੰਗਿਆ, ਪਤਰਸ ਨੇ ਆਖਿਆ, "ਸੋਨਾ ਚਾਂਦੀ ਤਾਂ ਮੇਰੇ ਕੋਲ ਨਹੀਂ ਪਰ ਜੋ ਮੇਰੇ ਕੋਲ ਹੈ ਸੋ ਤੈਨੂੰ ਦਿੰਦਾ ਹਾਂ। ਯਿਸੂ ਮਸੀਹ ਨਾਸਰੀ ਦੇ ਨਾਮ ਨਾਲ ਤੁਰ ਫਿਰ! (ਰਸੂਲਾਂ ਦੇ ਕਰਤੱਵ 3:6)।

ਸ਼ਾਇਦ ਕੁੱਝ ਆਖਣ ਕਿ ਪ੍ਰਚਾਰਕਾਂ ਨੂੰ ਗਰੀਬ ਹੋਣਾ ਚਾਹੀਦਾ ਹੈ, ਪਰ

ਜ਼ਰੂਰੀ ਨਹੀਂ ਸਭ ਮਸੀਹੀ ਏਹੋ ਜਿਹੇ ਹੋਣ। ਪ੍ਰੰਤੂ ਬਾਈਬਲ ਵਿੱਚ ਅੱਲਗ-ਅੱਲਗ ਮਸੀਹ ਲੋਕਾਂ ਲਈ ਅੱਲਗ-ਅੱਲਗ ਆਰਥਿਕ ਪਧੱਰ ਨਿਸ਼ਚਿਤ ਕੀਤੇ ਗਏ ਹਨ – ਪ੍ਰਚਾਰਕਾਂ ਲਈ, ਅਤੇ ਮਿਸ਼ਨਰੀਆਂ ਲਈ ਅਤੇ ਘਰ ਵਿੱਚ ਰਹਿਣ ਵਾਲਿਆਂ ਲਈ?

# ਜਮਾਈ ਹੋਈ ਸੰਪਤੀ

ਇਸ ਲਈ ਮਸੀਹ ਲੋਕਾਂ ਲਈ ਧਨ ਜੋੜਨਾ ਗਲਤ ਦੇ ਸਮਰੱਥਨ ਵਿੱਚ ਬਹੁਤ ਕਾਰਨ ਹਨ। ਹੁਣ ਅਸੀਂ ਉਨ੍ਹਾਂ ਦਲੀਲਾਂ ਵੱਲ ਮੁੜਦੇ ਹਾਂ ਜੋ ਆਮ ਤੌਰ ਤੇ ਵਿਸ਼ਵਾਸ਼ੀਆਂ ਦੁਆਰਾ ਆਪਣੇ ਅਤੇ ਆਪਣੇ ਪਰਿਵਾਰ ਦੇ ਭਵਿੱਖ ਲਈ ਧੰਨ ਇੱਕਠਾ ਲਈ ਵਰਤੀਆਂ ਜਾਂਦੀਆਂ ਹਨ।

(1) ਪਹਿਲਾ ਤਰਕ ਕੁਝ ਇਸ ਤਰ੍ਹਾਂ ਹੈ: ਇਹ ਵਾਜ਼ਬ ਹੈ ਕਿ ਸਾਨੂੰ ਆਪਣੇ ਬੁਢਾਪੇ ਵਾਸਤੇ ਕੁੱਝ ਧਨ ਅਲੱਗ ਰਖੱਣਾ ਚਾਹੀਦਾ ਹੈ। ਜਦ ਅਸੀਂ ਕੰਮ ਕਰਨਯੋਗ ਨਾ ਰਹਿ ਜਾਵੇਗੇ ਤਾਂ ਸਾਡਾ ਕੀ ਹੋਵੇਗਾ?

ਸਾਨੂੰ ਹਮੇਸ਼ਾ ਬੁਰੇ ਦਿਨਾਂ ਦੀ ਉਮੀਦ ਰੱਖਣੀ ਚਾਹੀਦੀ ਹੈ। ਪ੍ਰਮੇਸ਼ਵਰ ਚਾਹੁੰਦਾ ਹੈ ਕਿ ਅਸੀਂ ਆਪਣੀ ਬੁੱਧ ਵਰਤੀਏ।

ਇਹ ਤਰਕ ਮੰਨਣਯੋਗ ਲਗਦਾ ਹੈ ਲੇਕਿਨ ਇਹ ਨਿਹਚਾਹ ਦੀ ਭਾਸ਼ਾ ਨਹੀਂ ਹੈ। ਬਚਾ ਕੇ ਰੱਖਣਾ ਸਹਾਰੇ ਅਤੇ ਖੂੰਡੀਆਂ ਹਨ ਜੋ ਪ੍ਰਭੂ ਤੇ ਭਰੋਸਾ ਰਖੱਣ ਦਾ ਸਥਾਨ ਲੈ ਲੈਂਦੀਆਂ ਹਨ। ਜਦ ਅਸੀਂ ਦੇਖ ਸਕਦੇ ਹਾਂ, ਕਿ ਜਦ ਅਸੀਂ ਆਪਣੀ ਜਮਾਂ ਕੀਤੀ ਪੂੰਜੀ ਵੱਲ ਦੇਖਦੇ ਹਾਂ ਤਾਂ ਅਸੀਂ ਪ੍ਰਮੇਸ਼ੁਰ ਵੱਲ ਦੇਖ ਨਹੀਂ ਸਕਦੇ।

ਇਕ ਵਾਰ ਜਦ ਅਸੀਂ ਆਪਣੇ ਭਵਿੱਖ ਲਈ ਪ੍ਰਬੰਧ ਕਰਨ ਦਾ ਫੈਸਲਾ ਕਰ ਲਿਆ, ਅਸੀਂ ਇਨ੍ਹਾਂ ਮੁਸ਼ਕਿਲਾਂ ਵਿਚ ਫਸੇ ਰਵਾਂਗੇ ਕਿ ਕਿੰਨੀ ਕੁ ਦੌਲਤ ਕਾਫੀ ਹੋਵੇਗੀ? ਅਸੀਂ ਕਿੰਨੇ ਕੁ ਵਰ੍ਹਿਆਂ ਤੱਕ ਜੀਵਾਂਗੇ? ਕੀ ਉਸ ਵੇਲੇ ਕੋਈ ਨਿਰਾਸ਼ਾ ਹੋਵੇਗੀ? ਕੀ ਉਸ ਵਕਤ ਮੁਦਰਾ ਦਾ ਪ੍ਰਸਾਰ ਹੋਵੇਗਾ? ਕੀ ਇਲਾਜ ਲਈ ਕਾਫ਼ੀ ਪੈਸੇ ਹੋਣਗੇ?

ਇਹ ਜਾਣਨਾ ਅਸੰਭਵ ਹੈ ਕਿ ਕਿੰਨਾ ਕਾਫ਼ੀ ਹੋਵੇਗਾ। ਇਸ ਲਈ ਅਸੀਂ ਆਪਣਾ ਜੀਵਨ ਦੇ ਥੋੜੇ ਵਰ੍ਹਿਆਂ ਦੀ ਰੀਟਾਈਰਮੈਂਟ ਲਈ ਧਨ ਜੋੜਨ ਤੇ ਖਰਚ ਕਰ ਦਿੰਦੇ ਹਾਂ। ਇਸ ਤਰ੍ਹਾਂ ਪ੍ਰਮੇਸ਼ੁਰ ਲੁਟਿਆ ਜਾਂਦਾ ਹੈ ਅਤੇ ਸਾਡਾ ਆਪਣਾ ਜੀਵਨ ਸੁਰੱਖਿਅੱਤਾ ਲਭੱਣ ਲਈ ਬੀਤ ਜਾਂਦਾ ਹੈ ਜੋ ਲੱਭੀ ਨਹੀਂ ਜਾ ਸਕਦੀ।

ਆਪਣੀਆਂ ਮੌਜੂਦਾ ਲੋੜਾਂ ਲਈ ਸਖ਼ਤ ਮਿਹਨਤ ਕਰਨਾ, ਵੱਧ ਤੋਂ ਵੱਧ ਪ੍ਰਭੂ ਦੀ ਸੇਵਾ ਕਰਨਾ, ਵਰਤਮਾਨ ਜਰੂਰਤਾ ਤੋਂ ਵੱਧ ਸਭ ਕੁੱਝ ਪ੍ਰਭੂ ਦੇ ਕੰਮ ਵਿਚ ਲਗਾਉਣਾ, ਕਿੰਨਾ ਬੇਹਤਰ ਹੋਵੇਗਾ। ਜਿੰਨਾ ਨੇ ਉਸਨੂੰ ਪਹਿਲ ਦਿੱਤੀ, ਉਸਨੇ ਵਾਅਦਾ ਕੀਤਾ ਹੈ।

.... ਤੁਹਾਨੂੰ ਇਹ ਸਾਰੀਆਂ ਵਸਤਾਂ ਦੇ ਦਿੱਤੀਆਂ ਜਾਣਗੀਆਂ (ਮੱਤੀ 6:33)।

ਅਤੇ ਫਿਲਿੱਪੀਆਂ ਦੇ ਲੋਕਾਂ ਨੂੰ ਜੋ ਸਚਾਈ ਨੂੰ ਫਲਾਉਣ ਵਾਸਤੇ ਪ੍ਰੱਭੂ ਦਾ ਧਨ ਇਸਤੇਮਾਲ ਕਰ ਰਹੇ ਸਨ, ਪੌਲੂਸ ਨੇ ਲਿਖਿਆ:

ਅਤੇ ਮੇਰਾ ਪਰਮੇਸ਼ੁਰ ਤੇਜ ਵਿਚ ਆਪਣੇ ਧਨ ਅਨੁਸਾਰ ਤੁਹਾਡੀ ਹਰੇਕ ਥੁੜ ਨੂੰ ਮਸੀਹ ਯਿਸੂ ਵਿੱਚ ਸੰਪੂਰਨ ਕਰੇਗਾ (ਫਿਲਿੱਪੀਆਂ 4:19)।

ਅੱਜ ਕਲ ਸਿਧਾਂਤ ਦਾ ਪ੍ਰਚਲਣ ਚਲ ਰਹਾ ਹੈ ਕਿ ਸਾਨੂੰ ਆਪਣੀ ਜਿੰਦਗੀ ਧਨ ਦੀ ਪ੍ਰਾਪਤੀ ਲਈ ਬਤੀਤ ਕਰਨੀ ਹੈ ਤਾਂ ਕਿ ਅਸੀਂ ਭਵਿੱਖ ਵਿੱਚ ਪ੍ਰਮੇਸ਼ੁਰ ਦੀ ਸੇਵਾ ਕਰ ਸਕੀਏ । ਇਸ ਅਜੋਕੇ ਫਲਸਫੇ ਵਿਚ ਵੱਡੀ ਆਫ਼ਤ ਹੈ। ਇਸਦਾ ਅਰਥ ਹੈ ਆਪਣੇ ਜੀਵਣ ਦਾ ਬੇਹਤਰੀਨ ਭਾਗ ਕਾਰਪੋਰੇਸ਼ਨ ਨੂੰ ਦੇਣਾ। ਫਿਰ ਨਿਕੰਮਾ ਭਾਗ ਯਿਸੂ ਨੂੰ ਦੇ ਦੇਣਾ। ਪਰ ਫਿਰ ਵੀ, ਇਹ ਨਿਕੰਮਾ ਭਾਗ ਅਨਿਸ਼ਚਿਤ ਹੈ। ਅਕਸਰ ਇਹ ਨਿਕੰਮਾ ਕਾਲ ਬਾਈਬਲ ਤੋਂ ਘੱਟਾ ਝਾੜਨ ਵਿੱਚ ਹੀ ਖ਼ਤਮ ਹੋ ਜਾਂਦਾ ਹੈ।

ਮੁਸ਼ਕਿਲ ਸਮੇਂ ਲਈ ਪ੍ਰਬੰਧ ਕਰਨਾ ਸਧਾਰਨ ਸਮਝ ਵਾਂਗਰ ਲਗਦਾ ਹੈ। ਪ੍ਰੰਤੂ ਕੈਮਰਨ ਥੋਮਪਸਨ ਦੁਆਰਾ ਸਚਾਈ ਚੰਗੀ ਤਰ੍ਹਾਂ ਵਿਅਕਤ ਕੀਤੀ ਗਈ ਹੈ: ਪ੍ਰਮੇਸ਼ਵਰ ਉਨ੍ਹਾਂ ਦੀ ਚਿੰਤਾ ਕਰਦਾ ਹੈ ਜੋ ਹਮੇਸ਼ਾ ਇਹ ਸੋਚਦੇ ਹਨ ਕਿ ਉਨ੍ਹਾਂ ਦੇ ਹੱਥਾ ਨਾਲ ਕੁੱਝ ਨਹੀ ਲਗਾ ਰਹਾ ਅਤੇ ਉਹ ਆਪਣੀਆਂ ਸਰਵੋਤਮ ਬਰਕਤਾਂ ਉਨ੍ਹਾਂ ਉੱਤੇ ਵਗ੍ਹਾਉਣਾ ਚਾਹੁੰਦਾ ਹੈ। ਜੋ ਸੰਸਾਰ ਦੀਆਂ ਵਰਤਮਾਨ ਚਿੰਤਾ ਨਾਲੋਂ ਭਵਿੱਖ ਦੇ ਮੁਸ਼ਕਿਲ ਦਿਨਾਂ ਨੂੰ ਜ਼ਿਆਦਾ ਕੀਮਤ ਦਿੰਦੇ ਹਨ ਉਹ ਪ੍ਰਮੇਸ਼ੁਵਰ ਦੀਆਂ ਬਰਕਤਾਂ ਨਹੀ ਪਾਉਣਗੇ।

(2) ਧਰਤੀ ਉਤੇ ਧਨ ਜੋੜਨ ਲਈ ਦੂਸਰਾ ਤਰਕ 1 ਤਿਮੋਥਿਉਸ 5:8 ਤੇ ਅਧਾਰਿਤ ਹੈ, "ਪਰੇ ਜੇ ਕੋਈ ਆਪਣਿਆਂ ਲਈ ਅਤੇ ਖਾਸ ਕਰਕੇ ਆਪਣੇ ਘਰਾਣੇ ਲਈ ਅੱਗੋਂ ਹੀ ਤਰਦੱਤ ਨਹੀਂ ਕਰਦਾ ਤਾਂ ਉਹ ਨਿਹਚਾ ਤੋਂ ਬੇਮੁਖ ਹੋਇਆ ਅਤੇ ਬੇਪਰਤੀਤੇ ਨਾਲੋ ਭੀ ਬੁਰ੍ਹਾ ਹੈ।"

ਇਸ ਹਵਾਲੇ ਵਿਚ ਪੌਲੁਸ ਕਲੀਸਿਆ ਵਿਚ ਵਿਧਵਾਂ ਦੀ ਦੇਖ-ਭਾਲ ਸਬੰਧਿਤ ਲਿਖ ਰਿਹਾ ਹੈ। ਉਹ ਲਿਖਦਾ ਹੈ ਕਿ ਵਿਧਵਾਂ ਦੇ ਮਸੀਹੀ ਰਿਸ਼ਤੇਦਾਰ ਉਨ੍ਹਾਂ ਦੀ ਸੰਭਾਲ ਦੇ ਜਿੰਮੇਵਾਰ ਹਨ। ਅਗਰ ਅਜਿਹਾ ਕਰਨ ਲਈ ਉਸਦੇ

ਰਿਸ਼ਤੇਦਾਰ ਨਾ ਹੋਣ, ਤਾਂ ਫਿਰ ਕਲੀਸਿਆ ਉਸਦੀ ਦੇਖ-ਭਾਲ ਕਰੇ।

ਲੇਕਿਨ ਮਹੱਤਵਪੂਰਨ ਗੱਲ ਵੇਖਣ ਵਾਲੀ ਇਹ ਹੈ ਕਿ ਪੌਲੁਸ ਵਿਧਵਾ ਦੀ ਭਵਿੱਖ ਵਿਚ ਸਹਾਇਤਾ ਕਰਨ ਲਈ ਫੰਡ ਜੋੜਨ ਲਈ ਨਹੀਂ ਆਖ ਰਹਾ। ਉਹ ਸਗੋਂ ਉਸਦੀਆ ਮੌਜੂਦਾ ਲੋੜਾਂ ਬਾਰੇ ਆਖ ਰਹਾ ਹੈ। ਮਸੀਹ ਲੋਕਾਂ ਨੂੰ ਪ੍ਰਤੀ ਦਿਨ ਅਨਾਥ ਰਿਸ਼ਤੇਦਾਰਾਂ ਦੀ ਦੇਖ-ਭਾਲ ਕਰਨੀ ਚਾਹੀਦੀ ਹੈ; ਅਗਰ ਉਹ ਨਹੀਂ ਕਰਦੇ, ਤਾਂ ਇਹ ਮਸੀਹੀ ਵਿਸ਼ਵਾਸ ਦਾ ਵਿਹਾਰਕ ਇਨਕਾਰ ਹੈ ਜੋ ਪ੍ਰੇਮ ਅਤੇ ਬੇਪ੍ਰਤੀਤੇ ਵੀ ਆਪਣੇ ਲੋਕਾਂ ਦੀ ਸਾਂਭ ਕਰਦੇ ਹਨ। ਇਸ ਲਈ ਜੋ ਵਿਸ਼ਵਾਸੀ ਇਹ ਨਹੀਂ ਕਰਦਾ ਉਹ ਬੇਪ੍ਰਤੀਦਿਆ ਨਾਲੋਂ ਵੀ ਬੁਰਾ ਹੈ।

ਆਇਤ ਬਚ ਕੇ ਰੱਖਣ, ਧਰਮਦਾਨ, ਜਾਂ ਲਾਗਤ ਲਾਉਣ ਬਾਰੇ ਕੁਝ ਨਹੀਂ ਆਖਦੀ। ਇਹ ਮੌਜੂਦਾ ਲੋੜਾਂ ਬਾਰੇ ਆਖਦੀ ਹੈ, ਨਾਂ ਕੇ ਭਵਿੱਖੀ ਫਰਜ਼ਾ ਬਾਰੇ।

(3) ਤੀਸਰਾ ਤਰਕ ਦੂਸਰੇ ਤਰਕ ਨਾਲ ਕਾਫ਼ੀ ਸਬੰਧਿਤ ਹੈ। ਬਹੁਤ ਸਾਰੇ ਮਸੀਹੀ ਮਾਤਾ-ਪਿਤਾ ਇਹ ਮਹਿਸੂਸ ਕਰਦੇ ਹਨ ਕਿ ਆਪਣੇ ਬੱਚਿਆ ਲਈ ਕੁੱਝ ਜਾਇਦਾਦ ਛੱਡ ਜਾਣ। ਉਹ ਇਹ ਸੋਚਦੇ ਹਨ ਕਿ ਇਸਦਾ ਇਹ ਅਰਥ ਹੈ ਕਿ ਆਪਣਿਆ ਲਈ ਪ੍ਰਬੰਧ ਕਰਨਾ (1ਤਿਮੋਥਿਉਸ 5:8) ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਬੱਚੇ ਵਿਸ਼ਵਾਸੀ ਹਨ ਜਾਂ ਨਹੀਂ; ਇਕ ਤਮੰਨਾ ਹੈ ਕਿ ਉਨ੍ਹਾਂ ਲਈ ਕੁਝ ਛੱਡਕੇ ਜਾਣਾ ਹੈ।

2 ਕੁਰਿੰਥੀਆਂ 12:14 ਕੱਦੇ-ਕੱਦੇ ਮਾਪਿਆਂ ਨੂੰ ਇਹ ਸਖਾਉਂਦੀ ਹੈ ਕਿ ਉਹ ਕੁੱਝ ਪੈਸੇ ਬਚਾਉਣ ਤਾਂ ਕਿ ਉਹ ਬੱਚਿਆਂ ਲਈ ਛੱਡ ਜਾਣ। ਹਵਾਲਾ ਇਸ ਤਰ੍ਹਾਂ ਹੈ:

.... ਬਾਲ ਬੱਚਿਆਂ ਨੂੰ ਮਾਪਿਆਂ ਲਈ ਨਹੀਂ ਸਗੋਂ ਮਾਪਿਆਂ ਨੂੰ ਬਾਲ ਬੱਚਿਆਂ ਲਈ ਜੋੜਨਾ ਚਾਹੀਦਾ ਹੈ।

ਮੌਜੂਦਾ ਸੰਦੰਰਭ ਪੌਲੁਸ ਦੀ ਆਰਥਿਕ ਸਹਾਇਤਾ ਦੇ ਸਬੰਧ ਵਿਚ ਹੈ। ਉਸਨੇ ਕੁਰਿੰਥੀਆਂ ਦੇ ਲੋਕਾਂ ਤੋਂ ਕੋਈ ਪੈਸਾ ਨਹੀਂ ਲਿਆ, ਸਗੋਂ ਉਸਦੇ ਕੁਰਿੰਥ ਵਿਚ ਪ੍ਰਚਾਰ ਦੌਰਾਨ ਦੂਸਰੀ ਕਲੀਸਿਆਵਾਂ ਨੇ ਉਸਦੀ ਸਹਾਇਤਾ ਕੀਤੀ (2ਕੁਰਿੰਥੀਆਂ 11:7,8)। ਹੁਣ ਉਹ ਫਿਰ ਕੁਰਿੰਥ ਵਾਪਸ ਜਾਣ ਲਈ ਤਿਆਰ ਸੀ, ਲੇਕਿਨ ਉਸਨੇ ਉਨ੍ਹਾਂ ਨੂੰ ਵਿਸ਼ਵਾਸ ਦਵਾਇਆ ਕਿ ਉਹ ਉਨ੍ਹਾਂ ਤੇ ਕਿਸੇ ਵੀ ਤਰ੍ਹਾਂ ਦੇ ਆਰਥਿਕ ਸਹਾਇਤਾ ਤੇ ਨਿਰਭਰ ਨਹੀਂ ਹੋਵੇਗਾ। ਉਸਨੂੰ ਉਨ੍ਹਾਂ ਦੀ ਪਦਾਰਥਕ ਸੰਪੱਤੀ ਵਿਚ ਰੂਚੀ ਨਹੀਂ ਸੀ ਲੇਕਿਨ ਉਨ੍ਹਾਂ ਦੀ ਅਧਿਆਤਮਿਕ ਭਲਾਈ ਵਿਚ।

ਉਹ ਇਸ ਵਿਸ਼ੇ ਨਾਲ ਜੋੜਦਾ ਹੈ, "...ਬਾਲ ਬੱਚਿਆਂ ਨੂੰ ਮਾਪਿਆਂ ਲਈ ਨਹੀਂ ਸਗੋਂ ਮਾਪਿਆਂ ਨੂੰ ਬਾਲ ਬੱਚਿਆਂ ਲਈ ਜੋੜਨਾ ਚਾਹੀਦਾ ਹੈ।"

ਕੁਰਿੰਥੀਆਂ ਦੇ ਲੋਕ ਬੱਚੇ ਸਨ ਅਤੇ ਪੌਲੁਸ ਉਨ੍ਹਾਂ ਦਾ ਮਾਂ-ਪੀਓ ਸੀ (1ਕੁਰਿੰਥ 4:15)। ਉਹ ਉਨ੍ਹਾਂ ਨੂੰ ਆਖ ਰਹਾ ਸੀ-- ਜ਼ਾਹਿਰ ਹੈ ਵਿਅੰਗ ਵਿਚ-- ਕਿ ਉਹ ਉਸਦੀ ਸਹਇਤਾ ਨਾਹ ਕਰਨ; ਸਗੋ ਉਸਨੂੰ ਉਨ੍ਹਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ।ਉਸਨੇ ਇਹ ਵਿਅੰਗ ਵਿਚ ਕਿਹਾ ਸੀ, ਕਿਉਂਕਿ ਦਰਅਸਲ ਉਨ੍ਹਾਂ ਨੂੰ ਉਸਦੀ ਸਹਾਇਤਾ ਕਰਨੀ ਚਾਹੀਦੀ ਸੀ (1 ਕੁਰਿੰਥਿਆਂ 9;11,14) ਪਰ ਉਸਨੇ ਇਨ੍ਹਾਂ ਲਈ ਇਸ ਹੱਕ ਨੂੰ ਤਿਆਗਣ ਦਾ ਫੈਸਲਾ ਕਰ ਲਿਆ ਸੀ।

ਮਹੱਤਵਪੂਰਨ ਗੱਲ ਦੇਖਣ ਲਈ ਇਹ ਮਿਲਦੀ ਹੈ ਕਿ ਇਸ ਆਇਤ ਵਿਚ ਭਵਿੱਖ ਲਈ ਜੋੜਨ ਵਾਸਤੇ ਕੁਝ ਨਹੀ ਹੈ। ਇਹ ਮੌਜੂਦਾ ਜ਼ਰੂਰਤਾਂ ਦਾ

ਮਾਮਲਾ ਸੀ, ਅਤੇ ਪੌਲੁਸ ਆਖ ਰਹਾ ਸੀ, ਕੁੱਝ ਵੀ ਹੋਵੇ-- ਆਮ ਤੌਰ ਤੇ ਬੱਚੇ ਮਾਪਿਆਂ ਦੀ ਸਹਾਇਤਾ ਨਹੀਂ ਕਰਦੇ; ਇਹ ਤਾਂ ਮਾਪੇ ਹੀ ਬੱਚਿਆ ਲਈ ਪ੍ਰਬੰਧ ਕਰਦੇ ਹਨ।"

ਨਿਸ਼ਚਿਤ ਹੀ ਨਵੇਂ ਨਿਯਮ ਵਿਚ ਆਪਣੇ ਬੱਚਿਆਂ ਲਈ ਜਾਇਦਾਦ ਸੰਗ੍ਰਹਿ ਕਰਨ ਦਾ ਕੋਈ ਰੀਵਾਜ ਨਹੀਂ ਸੀ। ਸਭ ਤੋਂ ਮਹਾਨ ਵਿਰਸਾ ਜੋ ਮਾਪੇ ਦੇ ਸਕਦੇ ਹਨ ਉਹ ਆਤਮਿਕ ਹੈ, ਲੇਕਿਨ ਸੰਸਾਰਿਕ ਧਨ ਬਣਾਉਣਾ ਇਸ ਵਿਰਸੇ ਦੇ ਪ੍ਰਬੰਧ ਵਿੱਚ ਪਾਬੰਦੀ ਸਿੱਧ ਹੁੰਦੀ ਹੈ ।

ਅਤੇ ਜੋ ਆਰਥਿਕ ਵਿਰਸੇ ਮਸੀਹੀ ਛੱਡ ਗਏ ਹਨ ਉਨ੍ਹਾਂ ਵਿਚੋਂ ਉੱਭਰੀਆਂ ਬੁਰਾਇਆਂ ਬਾਰੇ ਸੋਚੋ।

(ੳ) ਅਚਾਨਕ ਦੌਲਤ ਆਉਣ ਨਾਲ ਬਹੁਤ ਸਾਰੇ ਨੌਜਵਾਨ ਰੂਹਾਨੀ ਤੋਰ ਤੇ ਨਾਸ਼ ਹੋ ਚੁੱਕੇ ਹਨ। ਉਹ ਭੌਤਿਕਵਾਦ ਅਤੇ ਸੁਖ-ਵਿਲਾਸ ਨਾਲ ਮਦਹੋਸ਼ ਹੋ ਚੁੱਕੇ ਹਨ, ਅਤੇ ਮਸੀਹ ਦੀ ਸੇਵਾ ਲਈ ਵਿਗੜ ਚੁੱਕੇ ਹਨ।

(ਅ) ਸ਼ਾਤਮਈ ਪਰਿਵਾਰਾਂ ਵਿਚ ਸੰਪੱਤੀਆ ਅਤੇ ਵਸੀਅਤਾਂ ਕਾਰਨ ਉੱਠੇ ਝਗੜਿਆਂ ਬਾਰੇ ਸੋਚੋ। ਭੈਣ, ਭੈਣ ਪ੍ਰਤੀ, ਅਤੇ ਭਰਾ, ਭਰਾ ਦੇ ਲਈ ਈਰਖਾਲੂ ਹੋ ਚੁੱਕੇ ਹਨ। ਬਾਕੀ ਜੀਵਨ ਵਿਚ ਲਗਾਤਾਰ ਲੜਾਈਆਂ ਭਰੀਆਂ ਹੋਈਆਂ ਹਨ।

ਲੂਕਾ 12:13,14 ਵਿਚ ਸੰਪੱਤੀ ਉਤੇ ਹੋਈ ਇਕ ਲੜਾਈ ਦਾ ਵੇਰਵਾ ਹੈ। ਯਿਸੂ ਨੇ ਇਸ ਵਿਚ ਦਖਲ ਅੰਨਦਾਜ਼ੀ ਦੇਣ ਤੋਂ ਇਨਕਾਰ ਕਰ ਦਿੱਤਾ; ਉਹ ਧਰਤੀ ਉਤੇ ਇਸ ਪ੍ਰਕਾਰ ਦੇ ਕੰਮ ਕਰਨ ਲਈ ਨਹੀਂ ਸੀ ਆਇਆ। ਪਰ ਉਸਨੇ ਉਦਾਸ ਵਿਅਕਤੀ ਦੇ ਲਾਲਚ ਵਿਰੁੱਧ ਸਖਤ ਤਾੜਨਾ ਦੇਣ ਲਈ ਸਮਾਂ ਲਿਆ ਜਿਸਦਾ ਨਾਮ ਵਸੀਅਤ ਉਤੇ ਨਹੀਂ ਸੀ।

(ਦ) ਫਿਰ ਸਾਡੇ ਕੋਲ ਇਹ ਸਥਿਤੀ ਹੈ। ਮਾਤਾ-ਪਿਤਾ ਆਪਣੀ ਸਾਰੀ ਉਮਰ ਆਪਣੇ ਬੱਚਿਆਂ ਲਈ ਕੁੱਝ ਛੱਡਣ ਵਾਸਤੇ ਸਖ਼ਤ ਮਿਹਨਤ ਕਰਦੇ ਹਨ। ਬਾਅਦ ਵਿਚ ਉਹ ਬਜ਼ੁਰਗ ਅਤੇ ਨਿਰਬਲ ਹੋ ਜਾਂਦੇ ਹਨ, ਪਰਿਵਾਰ ਦੇ ਧਿਆਨ ਰਖੱਣ ਦਾ ਇਕ ਪਾਤਰ। ਅਤੇ ਨਾਸ਼ੁਕਰੇ ਬੱਚੇ ਪੈਸਿਆਂ ਨੂੰ ਹੱਥਾਂ 'ਚ ਲੈਣ ਲਈ ਬੇਸਬਰੀ ਨਾਲ ਆਪਣੇ ਮਾਂ-ਬਾਪ ਦੇ ਮਰਨ ਦਾ ਇੰਤਜ਼ਾਰ ਕਰਦੇ ਹਨ।

(ਸ) ਗੈਰ-ਵਿਸ਼ਵਾਸੀ ਬੱਚਿਆਂ ਕੋਲ ਛੱਡਿਆ ਗਿਆ ਧਨ ਜਾਂ ਗੈਰ-ਵਿਸ਼ਵਾਸੀ ਨਾਲ ਵਿਆਹੇ ਗਏ ਬੱਚਿਆਂ ਦੇ ਨਾਮ ਤੇ ਛੱਡਿਆ ਗਿਆ ਧੰਨ ਅਕਸਰ ਗਲੱਤ ਕਲੀਸਿਆ ਦੇ ਰਾਹ ਚਲਾ ਜਾਂਦਾ ਹੈ ਅਤੇ ਖੁਸ਼ਖਬਰੀ ਦੀ ਮਨਾਦੀ ਕਰਨ ਦੀ ਬਜਾਏ ਉਸਨੂੰ ਦਬਾਉਣ ਲਈ ਵਰਤਿਆ ਜਾਂਦਾ ਹੈ। ਜ਼ਰਾ ਸੋਚੋ! ਵਿਸ਼ਵਾਸ਼ੀਆਂ ਦਾ ਧੰਨ ਸਚਾਈ ਦੇ ਵਿਰੋਧ ਵਿੱਚ ਇਸਤੇਮਾਲ ਕੀਤਾ ਜਾਂਦਾਂ ਹੈ!

(ਹ) ਇਸ ਤੋਂ ਇਲਾਵਾ ਸਾਨੂੰ ਵਿਸ਼ਾਲ ਧਨ ਦੀ ਰਾਸ਼ੀ ਜੋ ਸਰਕਾਰੀ (ਟੈਕਸ) ਕਰ ਦੇ ਖਾਤੇ, ਅਤੇ ਵਕੀਲਾਂ ਦੀ ਕਾਨੂੰਨਨ ਫੀਸ ਵਿਚ ਜਾਣ ਵਾਲੇ ਧਨ ਬਾਰੇ ਸੋਚਨਾ ਚਾਹੀਦਾ ਹੈ। ਇਹ ਸਭ ਰੂਹਾਂ ਦੀ ਮੁਕਤੀ ਲਈ ਵਰਤਿਆ ਜਾ ਸਕਦਾ ਸੀ।

(ਕ) ਕੁਝ ਮਸੀਹੀ ਇਹਨਾਂ ਦੁਖਾਂ ਤੋ ਬਚਨ ਲਈ ਆਪਣਾ ਧਨ ਮਸੀਹੀ ਸੰਸਥਾਵਾਂ ਨੂੰ ਦੇ ਦਿੰਦੇ ਹਨ ਪਰ ਕੋਈ ਗਾਰੰਟੀ ਨਹੀਂ ਹੁੰਦੀ ਕਿ ਇਹ ਪੈਸਾ ਇਨ੍ਹਾਂ ਸੰਸਥਾਵਾਂ ਤੱਕ ਪਹੁੰਚਿਆ ਹੋ ਜਾਂ ਨਹੀਂ। ਵਸੀਅਤਾਂ ਬਦਲੇ ਨਿਰੰਤਰ ਲੜਾਈਆਂ ਹੋ ਰਹੀਆਂ ਹਨ। ਅਤੇ ਇਸ ਤੋਂ ਇਲਾਵਾਂ ਵੀ ਆਪਣਾ ਧੰਨ ਛਡੱਣ ਦੇ ਦਸਤੂਰ ਲਈ ਧਰਮ ਸ਼ਾਸਤ੍ਰ ਵਿੱਚ ਕੋਈ ਅਧਾਰ ਨਹੀਂ ਹੈ। ਕੋਈ

ਨਿਸ਼ਚਿਤਤਾ ਨਹੀਂ ਹੈ ਕਿ ਸੰਸਥਾਵਾਂ ਪ੍ਰੱਭੂ ਅਤੇ ਉਸਦੇ ਵਚਨ ਪ੍ਰਤੀ ਸੱਚੀਆ ਰਹਿਣ ਜਦ ਵਸੀਅਤ ਦੀ ਤਸਦੀਕੀ ਹੋਵੇ।

ਵਿਸ਼ਵਾਸੀਆਂ ਦੇ ਵਸੀਅਤ ਵਿਚ ਧਨ ਛੱਡਣ ਨਾਲ ਕੋਈ ਪ੍ਰਤੀਫਲ ਮਿਲੇਗਾ। ਜਿਸ ਵਕਤ ਉਹ ਮਰ ਜਾਂਦੇ ਹਨ, ਇਹ ਧਨ ਉਨ੍ਹਾਂ ਦਾ ਨਹੀਂ ਰਹਿੰਦਾ ਪਰ ਇਹ ਸੰਸਾਰਿਕ ਜਾਇਦਾਦ ਬਣਕੇ ਰੈਹ ਜਾਂਦਾ ਹੈ।

ਮਨੁੱਖ ਧਨ ਇਕੱਠਾ ਕਰਦੇ ਹਨ ਅਤੇ ਜਾਣਦੇ ਨਹੀਂ ਕੌਣ ਉਸ ਨੂੰ ਲੈ ਲਵੇਗਾ (ਜ਼ਬੂਰ 39:)। ਇਹ ਨਿਸ਼ਚਿਤ ਹੋਣ ਲਈ ਕਿ ਤੁਹਾਡਾ ਧਨ ਪ੍ਰੱਭੂ ਲਈ ਪ੍ਰਯੋਗ ਹੋ ਰਹਾ ਹੈ ਸਿਰਫ ਇਕੋ ਰਾਹ ਹੈ, ਦਵੋ ਜਦ ਤੁਸੀਂ ਜਿੰਦਾ ਹੋ ।ਅਤੇ ਭਵਿੱਖ ਵਿਚ ਇਨਾਮ ਪਾਉਣ ਲਈ ਕੇਵਲ ਏਹੋ ਰਾਹ ਹੈ।

ਅਸੀਂ ਆਖਦੇ ਹਾਂ ਕਿ ਅਸੀਂ ਪ੍ਰੱਭੂ ਯਿਸੂ ਦੇ ਜਲਦ ਆਉਣ ਤੇ ਵਿਸ਼ਵਾਸ ਕਰਦੇ ਹਾਂ। ਫਿਰ ਸਾਨੂੰ ਸਮਝ ਜਾਣਾ ਚਾਹੀਦਾ ਹੈ ਕਿ ਜਿੰਨਾ ਜ਼ਿਆਦਾ ਉਸਦੀ ਆਮਦ ਨੇੜੇ ਆ ਰਹੀ ਹੈ, ਉਨ੍ਹੀ ਘੱਟ ਕੀਮਤ ਸਾਡੀ ਭੌਤਿਕ ਜਾਇਦਾਦ ਦੀ ਹੈ। ਜਦ ਉਹ ਆਵੇਗਾ, ਸਾਡੇ ਲਈ ਜਾਂ ਪ੍ਰਮੇਸ਼ੁਵਰ ਦੀ ਸੇਵਾ ਲਈ ਸਾਡੇ ਧਨ ਦੀ ਕੋਈ ਕੀਮਤ ਨਹੀ ਰਵੇਗੀ। ਇਸ ਲਈ ਸਰਵੋਤਮ ਗੱਲ ਇਹ ਹੈ ਕਿ ਹੁਣ ਹੀ ਆਪਣੀ ਸੰਪੱਤੀ ਯਿਸੂ ਦੇ ਕੰਮ ਲਈ ਲਗਾ ਦਈਏ ।

(4) ਪਰ ਫਿਰ ਇਹ ਪ੍ਰਸ਼ਨ ਉਠਦਾ ਹੈ: "ਜੇਕਰ ਸਭ ਸਧਾਰਨ ਜੀਵਨ ਤੋ ਵੱਧ ਪ੍ਰੱਭੂ ਦੇ ਕਾਰਜ ਤੇ ਲਗਾ ਦੇਣ,ਤਾਂ ਅਸੀਂ ਕਿਵੇਂ ਜੀਵਾਂਗੇ? ਕਿਸੇ ਨੂੰ ਤਾਂ ਵਸਤਾਂ ਦਾ ਪ੍ਰਬੰਧ ਕਰਨਾ ਪਵੇਗਾ।"

ਅਸੀ ਕਿਸ ਤਰ੍ਹਾਂ ਜੀਵਾਂਗੇ? ਉਤੱਰ ਹੈ,"ਨਿਹਚਾਹ ਨਾਲ ਜ਼ਿਆਦਾ ਅਤੇ ਦ੍ਰਿਸ਼ਟੀ ਨਾਲ ਘੱਟ ਦੇਖਕੇ !"

ਏਥੇ ਬੈਹਸ ਕਰਨ ਦੀ ਲੋੜ ਨਹੀਂ ਕਿ ਇਸ ਤਰ੍ਹਾਂ ਹੋ ਨਹੀ ਸਕਦਾ ਕਿਉਂਕਿ ਇਸ ਤਰ੍ਹਾਂ ਪਹਿਲੀ ਕਲੀਸਿਆ ਦੇ ਦਿਨਾਂ ਵਿਚ ਹੋਇਆ ਸੀ।

ਅਰ ਜਿਨ੍ਹਾਂ ਨੇ ਨਿਹਚਾ ਕੀਤੀ ਸੀ ਉਹ ਸਭ ਇਕੱਠੇ ਸਨ ਅਤੇ ਸਾਰੀਆਂ ਵਸਤਾਂ ਵਿਚੱ ਭਾਈਵਾਲ ਸਨ। ਅਤੇ ਆਪਣੀ ਮਿਲਖ ਅਰ ਮਾਲ ਵੇਚਕੇ ਜਿਹੀ ਕਿਸੇ ਨੂੰ ਲੋੜ ਹੁੰਦੀ ਸੀ ਸਭਨਾਂ ਨੂੰ ਵੰਡ ਦਿੰਦੇ ਸਨ (ਰਸੂਲਾਂ ਦੇ ਕਰਤੱਬ 2:44,45) ਉਨ੍ਹਾਂ ਵਿਚੋ ਕਿਸੇ ਨੂੰ ਘਾਟਾ ਨਾ ਸੀ ਇਸ ਲਈ ਕਿ ਜਿਹੜੇ ਜਮੀਨਾਂ ਅਤੇ ਘਰਾਂ ਦੇ ਮਾਲਕ ਸਨ ਉਹ ਉਨ੍ਹਾਂ ਨੂੰ ਵੇਚਕੇ ਵਿਕੀਆਂ ਹੋਈਆਂ ਵਸਤਾਂ ਦਾ ਮੁਲ ਲਿਆਉਂਦੇ। ਅਤੇ ਰਸੂਲਾਂ ਦੇ ਚਰਨਾਂ ਉਤੇ ਧਰਦੇ ਸਨ ਅਤੇ ਹਰੇਕ ਨੂੰ ਉਹ ਦੀ ਲੋੜ ਅਨੁਸਾਰ ਵੰਡ ਦਿੰਦੇ ਸਨ।

(ਰਸੂਲਾਂ ਦੇ ਕਰੱਤਬ 4:34,35)

ਕੁਰਿੰਥੀਆਂ ਨੂੰ ਲਿਖਦੇ ਵਕਤ, ਪੌਲੁਸ ਸਖਾਉਂਦਾ ਹੈ ਕਿ ਸਾਡੀਆਂ ਭੌਤਿਕ ਮਿਲਖਾਂ ਵੱਗਦੀਆਂ ਰਹਿਣ, ਜੰਮੀਆਂ ਹੋਈਆਂ ਨਹੀਂ। ਜਦ ਕਦੀ ਸਾਨੂੰ ਕਿਸੇ ਵਾਸਤਵਕ ਲੋੜ ਬਾਰੇ ਪਤਾਲਗੇ, ਸਾਡੇ ਫੰਡ ਉਸ ਲੋੜ ਨੂੰ ਪੂਰਾਂ ਕਰਨ ਲਈ ਵਹਿਣੇ ਚਾਹੀਦੇ ਹਨ। ਇਸੇ ਤਰ੍ਹਾਂ ਜਦ ਅਸੀਂ ਜ਼ਰੂਰਤ ਵਿਚ ਹੋਵਾਂਗੇ, ਫੰਡ ਸਾਡੇ ਲਈ ਵਹਿ ਪੈਣਗੇ। ਇਸ ਪ੍ਰਕਾਰ, ਪ੍ਰਮੇਸ਼ੁਵਰ ਦੇ ਲੋਕਾਂ ਵਿਚ ਲਗਾਤਾਰ ਬਰਾਬਰੀ ਹੋਵੇਗੀ।

ਕਿਉਂ ਜੋ ਮੈਂ ਇਹ ਲਈ ਨਹੀਂ ਆਖਦਾ ਭਈ ਹੋਰਨਾਂ ਨੂੰ ਸੌਖ ਅਤੇ ਤੁਹਾਨੂੰ ਔਖ ਹੋਵੇ। ਸਗੋਂ ਬਰਾਬਰੀ ਹੋਵੇ ਭਈ ਐਤਕੀਂ ਤੁਹਾਡਾ ਵਾਧਾ ਉਹਨਾਂ ਦੇ ਘਾਟੇ ਨੂੰ ਪੂਰਾ ਕਰੇ ਤਾਂ ਜੋ ਉਹਨਾਂ ਦਾ ਵਾਧਾ ਵੀ ਤੁਹਾਡੇ ਘਾਟੇ ਨੂੰ ਪੂਰਾ ਕਰੇ ਤਾਂਜੋ ਬਰਾਬਰੀ ਰਹੇ। ਜਿਵੇਂ ਲਿਖਿਆ ਹੋਇਆ ਹੈ--

ਜਿਸਨੇ ਵੱਧ ਲਿਆ ਸੀ ਉਸਦਾ ਵੱਧ ਨਾ ਨਿੱਕਲਿਆ ਅਤੇ ਜਿਸਨੇ

ਘੱਟ ਲਿਆ ਸੀ ਉਸਦਾ ਘੱਟ ਨਾ ਨਿਕੱਲਿਆ (2ਕੁਰਿੰਥੀਆਂ 8:13-15)

ਦੂਸਰੇ ਸ਼ਬਦਾਂ ਵਿਚ, ਅਗਰ ਕੋਈ ਵਿਅਕਤੀ ਪ੍ਰੱਭੂ ਲਈ ਸਚਮੁੱਚ ਸਮਰਪਨਪੂਰਨ ਰਹਾ ਹੋਵੇ ਅਤੇ ਉਸਦੀ ਮਲਕੀਅਤ ਦਾ ਵਫਾਦਾਰ ਮੁਖਤਿਆਰ ਹੋਵੇ, ਉਹ ਜਦ ਕੋਈ ਜ਼ਰੂਰਤ ਪਵੇ ਦੂਸਰੇ ਵਿਸ਼ਵਾਸੀਆਂ ਨਾਲ ਵੰਡਣ ਲਈ ਇੱਛੁਕ ਅਤੇ ਖੁਸ਼ ਹੋਵੇਗਾ । ਜੇਕਰ ਅਸੀਂ ਆਪਣੇ ਆਪ ਵਿਚ ਇਮਾਨਦਾਰ ਹਾਂ, ਸਾਨੂੰ ਇਹ ਸਵੀਕਾਰ ਕਰ ਲੈਣਾ ਚਾਹੀਦਾ ਹੈ ਕਿ ਦੂਸਰਿਆਂ ਉਤੇ ਨਿਰਭਰ ਰਹਿਣ ਦਾ ਵਿਚਾਰ ਸਾਡੇ ਨਾਲ ਮੇਲ ਨਹੀਂ ਖਾਂਦਾ। ਸਾਨੂੰ ਆਪਣੀ ਅਜ਼ਾਦੀ ਤੇ ਫਕਰ ਹੈ। ਲੇਕਿਨ ਕੀ ਇਹ ਸਾਡੇ ਆਪਣੇ ਜੀਵਨ ਦਾ ਪ੍ਰਗਟੀਕਰਨ ਨਹੀਂ ਹੈ? ਅਤੇ ਸਾਡੇ ਰਾਹੀਂ ਪ੍ਰੱਭੂ ਯਿਸੂ ਦੇ ਜੀਵਨ ਨਹੀਂ ਪ੍ਰਗਟ ਹੋ ਰਹਾ ।

1 ਤਿਮੋਥਿਉਸ 5:3-13 ਵਿਚ ਪੌਲੁਸ ਦੀਆਂ ਵਿਧਵਾਂ ਲਈ ਹਦਾਇਤਾਂ ਉਸ ਕਲੀਸਿਆ ਦੀ ਕਲਪਨਾ ਕਰਦੀਆਂ ਹਨ ਜਿਥੇ ਪ੍ਰਮੇਸ਼ੁਵਰ ਦਾ ਪ੍ਰੇਮ ਮਨੁੱਖੀ ਹਿਰਦਿਆ ਤੋਂ ਵੈਂਹਦਾ ਹੈ, ਜਿਥੇ ਸੰਤ ਇਕ-ਦੂਜੇ ਦੀ ਸੰਭਾਲ ਕਰਦੇ ਹਨ, ਅਤੇ ਜਿਥੇ ਸਹੀ ਜ਼ਰੂਰਤ ਪੈਣ ਤੇ ਧੰਨ ਅਜ਼ਾਦੀ ਵਰਦਾ ਹੈ।

ਅਤੇ ਜੇ ਇਹ ਮੰਨਿਆ ਜਾਂਦਾ ਹੈ ਕਿ ਭਾਂਵੇ ਇਹ ਕਲੀਸਿਆ ਦੇ ਪਹਿਲੇ ਦਿਨਾਂ ਵਿਚ ਇਸ ਤਰ੍ਹਾਂ ਹੋਇਆ, ਅਤੇ ਅੱਜ ਇਸ ਤਰ੍ਹਾਂ ਨਹੀ ਹੋ ਸਕਦਾ, ਤਾਂ ਉੱਤਰ ਸਿਰਫ਼ ਇਹ ਹੈ। ਇਸ ਤਰ੍ਹਾਂ ਅੱਜ ਵੀ ਹੋ ਰਹਾ ਹੈ। ਕੁੱਝ ਮਸੀਹੀ ਹਨ ਜੋ ਅਜਿਹੇ ਵਿਸ਼ਵਾਸ ਦਾ ਜੀਵਨ ਬਤੀਤ ਕਰ ਰਹੇ ਹਨ। ਅਤੇ ਉਨ੍ਹਾਂ ਦੇ ਜੀਵਨ ਬਾਰੇ ਇਕ ਸ਼ਕਤੀ ਅਤੇ ਆਕਰਸ਼ਣ ਹੈ ਜਿਸਦਾ ਇਨਕਾਰ ਨਹੀਂ ਕੀਤਾ ਜਾ ਸਕਦਾ।

(5) ਪਰ ਕੋਈ ਵਿਰੋਧ ਕਰੇਗਾ, "ਕੀ ਪੌਲੁਸ ਨੇ ਆਖਿਆ ਨਹੀਂ, 'ਮੈਂ ਘਟਣਾ ਜਾਣਦਾ ਹਾਂ, ਨਾਲੇ ਵਧਣਾ ਵੀ ਜਾਣਦਾ ਹਾਂ"

(ਫਿਲਿੱਪੀਆਂ 4:12)? ਪ੍ਰਸ਼ਨ ਕਰਤਾ ਦੇ ਮਨ ਵਿੱਚ ਘਟੱਣ ਵਾਲੇ ਪੌਲੂਸ ਦੀ ਕਲਪਣਾ , ਇਕ ਮਾਰਗ-ਰਹਿਤ ਜੰਗਲ ਵਿਚ, ਭੁੱਖੇ, ਪਿਆਸੇ, ਥੱਕੇ ਹੋਏ, ਫਟੇ ਕਪੜੇ ਅਤੇ ਟੁੱਟੇ ਜੁੱਤੇ ਪਹਿਨੇ ਹੋਏ ਦੀ ਹੈ। ਪ੍ਰੰਤੂ ਵਧੱਣ ਵਾਲਾ ਪੌਲੂਸ ਇਕ ਨੌਜਵਾਨ ਕਿਸੇ ਸਮੁੰਦਰੀ ਤੱਟ ਤੇ ਆਪਣੇ ਆਲੀਸ਼ਾਨ ਰੱਥ ਵਿਚੋਂ ਉੱਤਰ ਰਹਾ, ਬਿਲਕੁਲ ਨਵੀਨ ਫ਼ੈਸ਼ਨ ਦੇ ਬਸਤ੍ਰ ਪਹਿਨੇ ਹੋਏ ਅਤੇ ਦੋ ਹਫ਼ਤਿਆਂ ਲਈ ਅਮਰੀਕਨ ਯੋਜਨ ਅਨੁਸਾਰ ਆਨੰਦ ਕਰ ਰਹੇ ਦੀ ਤਰ੍ਹਾਂ ਦੇਖਿਆ ਜਾ ਰਹਾ ਹੈ। ਦੂਸਰੇ ਸ਼ਬਦਾਂ ਵਿਚ, ਅਸੀਂ ਇਹ ਕਹਿ ਸਕਦੇ ਹਾਂ ਕਿ ਉਹ ਦਰਿਦਰ ਦਸ਼ਾਂ ਵਿੱਚ ਰੈਹ ਸਕਦਾ ਸੀ ਅਤੇ ਅਮੀਰੀ ਵਿੱਚ ਵੀ ।

ਲੇਕਿਨ ਬਿਲਕੁਲ ਏਸੇ ਤਰ੍ਹਾਂ ਪੌਲੂਸ ਫਿੱਲਿਪੀਆ ਦੀ ਪੱਤ੍ਰੀ ਵਿਚ ਨਹੀਂ ਆਖ ਰਹਾ। ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਪੱਤਰ ਕੈਦ ਵਿਚੋਂ ਲਿਖਿਆ ਗਿਆ ਸੀ, ਕਿਸੇ ਸਮੁੰਦਰ ਦੇ ਕਿਨਾਰੇ ਤੋਂ ਨਹੀਂ। ਅਤੇ ਜੇਲ ਵਿਚੋਂ ਲਿਖਦਿਆ ਉਸਨੇ ਕਿਹਾ।

ਅਤੇ ਮੈਨੂੰ ਸੱਭੋ ਕੁਝ ਮਿਲ ਗਿਆ ਹੈ, ਸਗੋਂ ਵਾਧੂ ਹੈ। ਮੈਂ ਭਰਪੂਰ ਹਾਂ ਕਿਉਂ ਜੋ ਮੈਨੂੰ ਤੁਹਾਡੇ ਭੇਜੇ ਹੋਏ ਪਦਾਰਥ ਇਪਾਫ਼ਰੋਦੀਤੁਸ ਦੇ ਹੱਥੋਂ ਮਿਲੇ.... (ਫਿਲਿੱਪਿਆ 4:18)।

ਅਸੀਂ ਸੋਚਾਂਗੇ ਕਿ ਕੈਦੇ ਖਾਨਾ ਦਰਿਦਰ ਦਸ਼ਾ ਵਾਲੇ ਪਾਸੇ ਤੇ ਆਵੇਗਾ, ਪ੍ਰੰਤੂ ਪੌਲੂਸ ਇਸਨੂੰ ਵਧੱਣ ਵਾਲੇ ਪਾਸੇ ਪਾਉਂਦਾ ਹੈ। ਇਸ ਲਈ ਦੌਲਤੀ ਅਤੇ ਸੁੱਖਮਈ ਜੀਵਨ ਦੀ ਵਿਆਖਿਆ ਕਰਨ ਲਈ ਫਿਲਿੱਪੀਆ 4:13 ਦਾ ਪ੍ਰਯੋਗ ਕਰਨਾ ਸਾਡੇ ਲਈ ਸਹੀ ਨਹੀਂ ਹੈ। ਆਇਤ ਅਜਿਹਾ ਨਹੀਂ ਸਖਾਉਂਦੀ ਹੈ।

(6) ਠੀਕ ਹੈ, ਫਿਰ ਉਸ ਆਇਤ ਬਾਰੇ ਕੀ ਖਿਆਲ ਹੈ ਜੋ ਆਖਦੀ ਹੈ ਕਿ ਪ੍ਰਮੇਸ਼ੁਵਰ ਸਾਨੂੰ ਭੋਗਣ ਲਈ ਸਭੋ ਕੁਝ ਬਹੁਤਾਇਤ ਨਾਲ ਦਿੰਦਾ ਹੈ

(1ਤਿਮੋਥਿਉਸ 6:17)। ਅਕਸਰ ਇਹ ਵਚਨ ਤੋਂ ਸਾਬਿਤ ਕੀਤਾ ਜਾਂਦਾ ਹੈ ਕਿ ਵਿਸ਼ਵਾਸੀ "ਜੀਵਨ ਦੀਆਂ ਚੰਗੀਆਂ ਚੀਜ਼ਾ" ਦਾ ਆਨੰਦ ਮਾਣੇ ਜਿਸ ਦਾ ਮਤਲਬ ਇਹ ਹੈ ਕਿ ਉਸ ਲਈ ਸਹੀ ਹੈ ਕਿ ਉਹ ਸਭ ਤੋਂ ਆਧੁਨਿਕ ਅਤੇ ਸਰਵੋਤਮ ਵਰਤੇ। ਲੇਕਿਨ ਪੌਲੁਸ ਦਾ ਨਾਅਰਾ ਸੀ "ਪ੍ਰਮੇਸ਼ੁਵਰ ਦੇ ਲੋਕਾਂ ਲਈ ਕੁੱਝ ਵੀ ਬਹੁਤ ਅਤੀ ਉੱਤਮ ਨਹੀ" ਹੈ।

ਹੁਣ ਧਿਆਨ ਦਿਓ ਆਇਤ ਕਿਸ ਤਰ੍ਹਾਂ ਆਰੰਭ ਹੁੰਦੀ ਹੈ: "ਜਿਹੜੇ ਇਸ ਜੁੱਗ ਵਿੱਚ ਧਨਵਾਨ ਹਨ ਉਹਨਾਂ ਨੂੰ ਉਪਦੇਸ਼ ਕਰ ਭਈ ਗਰਬ ਨਾ ਕਰਨ ਅਤੇ ਬੇਠਿਕਾਣੇ ਧਨ ਉਤੇ ਨਹੀਂ ਸਗੋਂ..." ਦੂਸਰੇ ਸ਼ਬਦਾਂ ਵਿਚ, ਇਹ ਵਚਨ ਐਸੋਅਰਾਮ ਦੀ ਜਿੰਦਗੀ ਬਸਰ ਕਰਨ ਦਾ ਕੋਈ ਬਹਾਨਾ ਨਹੀਂ ਪ੍ਰਸਤੁਤ ਕਰਦਾ ਸਗੋਂ ਇਸ ਪਦ ਵਿਚ ਸ਼ਬਦ ਅਮੀਰਾਂ ਨੂੰ ਖਬਰਦਾਰ ਕਰਦੇ ਹਨ।

ਠੀਕ ਹੈ, ਇਸਦਾ ਕੀ ਅਰਥ ਹੈ ਕਿ ਪ੍ਰਮੇਸ਼ੁਵਰ ਸਾਨੂੰ ਭੋਗਣ ਲਈ ਸਭੋ ਕੁਝ ਤਰਾਤਰੀ ਦਿੰਦਾ ਹੈ? ਇਸਦਾ ਮਤਲਬ ਇਹ ਹੈ ਕਿ ਉਸਨੇ ਇਹ ਚੀਜ਼ਾਂ ਸਾਨੂੰ ਕੋਲ ਰੱਖਣ ਲਈ ਨਹੀਂ ਦਿੱਤੀਆਂ; ਉਹ ਚਾਹੁੰਦਾ ਹੈ ਕਿ ਅਸੀਂ ਇਨ੍ਹਾਂ ਦਾ ਦੂਸਰਿਆਂ ਨਾਲ ਵੰਡਣ ਨਾਲ ਆਨੰਦ ਮਾਣੀਏ। ਇਹ ਹੇਠ ਲਿਖੇ ਦੋ ਹਵਾਲਿਆ ਤੋਂ ਸ਼ਪਸ਼ੱਟ ਹੈ:

ਨਾਲੇ ਇਹ ਭਈ ਉਹ ਪਰਉਪਕਾਰੀ ਅਤੇ ਸ਼ੁਭ ਕਰਮਾਂ ਵਿਚ ਧਨੀ ਅਤੇ ਦਾਨ ਕਰਨ ਵਿਚ ਸਖ਼ੀ ਅਤੇ ਵੰਡਣ ਨੂੰ ਤਿਆਰ ਹੋਣ। ਅਤੇ ਅਗਾਹਾਂ ਲਈ ਇਕ ਚੰਗੀ ਨੀਂਹ ਆਪਣੇ ਲਈ ਧਰਨ ਭਈ ਉਹ ਉਸ ਜੀਵਨ ਨੂੰ ਫੜ ਲੈਣ ਜਿਹੜਾ ਅਸਲ ਜੀਵਨ ਹੈ। (1ਤਿਮੋਥਿਓਸ 6:18,19)

ਵਸਤਾਂ ਨੂੰ ਰਖੇ-ਰਖੱਣ ਵਿਚ ਆਨੰਦ ਨਹੀਂ ਹੈ ਸਗੋਂ ਉਨ੍ਹਾਂ ਨੂੰ ਪ੍ਰਮੇਸ਼ੁਵਰ ਦੀ ਮਹਿਮਾ ਅਤੇ ਦੂਸਰਿਆ ਦੀ ਭਲਾਈ ਲਈ ਵਰਤਨ ਨਾਲ ਹੈ।

(7) ਫਿਰ ਸਾਨੂੰ ਯਾਦ ਆਉਂਦਾ ਹੈ ਕਿ ਅਬਰਾਹਾਮ ਇਕ ਧਨੀ ਵਿਆਕਤੀ ਸੀ (ਉਤਪਤ 13:2), ਅਤੇ ਫਿਰ ਵੀ ਉਹ ਪ੍ਰਮੇਸ਼ੁਵਰ ਦਾ ਮਿੱਤ੍ਰ ਕਹਾਇਆ (ਯਾਕੂਬ 2:23)। ਬੇਸ਼ਕ, ਇਹ ਸੱਚ ਹੈ, ਲੇਕਿਨ ਸਾਨੂੰ ਯਾਦ ਰਖੱਣਾ ਚਾਹੀਦਾ ਹੈ ਕਿ ਅਬ੍ਰਾਹਾਮ ਪੁਰਾਣੇ ਨਿਯਮ ਦੇ ਕਾਲ ਵਿਚ ਰਹਿੰਦਾ ਸੀ ਜਦੋਂ ਜੋ ਪ੍ਰੱਭੂ ਦੀ ਆਗਿਆ ਮੰਨਦੇ ਸਨ ਉਨ੍ਹਾਂ ਨੂੰ ਭੌਤਿਕ ਸਪੰਨਤਾ ਦਾ ਵਾਅਦਾ ਦਿੱਤਾ ਸੀ। ਧਨ-ਦੌਲਤ ਪ੍ਰਮੇਸ਼ੁਵਰ ਦੀ ਬਰਕਤ ਦਾ ਚਿੰਨ੍ਹ ਸੀ।

ਕੀ ਇਹ ਪ੍ਰਮੇਸ਼ੁਵਰ ਦੇ ਕ੍ਰਿਪਾ ਯੁੱਗ ਦੌਰਾਨ ਸੱਚ ਹੈ? ਇਸ ਤਰ੍ਹਾਂ ਕਹਿਨਾ ਜਿਆਦਾ ਸਹੀ ਹੋਵੇਗਾ ਕਿ ਬਿਪਤਾ ਇਸ ਕਾਲ ਦੀ ਬਰਕਤ ਹੈ।

ਧਨੀ ਅਤੇ ਲਾਜ਼ਰ ਦੇ ਦ੍ਰਿਸ਼ਟਾਂਤ ਵਿਚ (ਲੂਕਾ 16:19-31) ਪੁਰਾਣੇ ਨਿਯਮ ਦਾ ਪੈਮਾਨਾ ਉਲਟਾ ਦਿੱਤਾ ਗਿਆ ਹੈ। ਧਨਵਾਨ ਮਨੁੱਖ ਦੋਸ਼ੀ ਰਹਿ ਗਿਆ ਕਿਉਂਕਿ ਉਹ ਆਪਣਾ ਧਨ ਦੂਸਰਿਆਂ ਲਈ ਵਰਤਨ ਵਿਚ ਅਸਫ਼ਲ ਰਹਾ ਸਗੋਂ ਉਸਨੇ ਆਪਣੇ ਲਈ ਰੱਖੀ-ਰਖਿਆ।

(8) ਤਾਂ ਫਿਰ ਕੀ ਸਾਨੂੰ ਕੀੜੀ ਤੋਂ ਸਬਕ ਸਿਖਣ ਲਈ ਨਹੀ ਸਖਾਇਆ ਗਿਆ?

ਹੇ ਆਲਸੀ, ਤੂੰ ਕੀੜੀ ਕੋਲ ਜਾਹ,
ਉਹ ਦੇ ਰਾਹਾਂ ਨੂੰ ਵੇਖ ਅਤੇ ਬੁੱਧਵਾਨ ਬਣ,
ਜਿਹ ਦਾ ਨਾ ਕੋਈ ਆਗੂ,
ਨਾ ਉਹੱਦੇਦਾਰ, ਨਾ ਹਾਕਮ ਹੈ,
ਉਹ ਆਪਣਾ ਅਹਾਰ ਗਰਮੀ ਵਿਚ ਜੋੜਦੀ,
ਅਤੇ ਵਾਢੀ ਦੇ ਵੇਲੇ ਆਪਣੀਆਂ ਖਾਣ ਵਾਲੀਆਂ
ਵਸਤਾਂ ਇੱਕਠੀਆਂ ਕਰਦੀ ਹੈ (1 ਕਹਾਉਤਾਂ 6:6-8)।

ਕੀ ਏਥੇ ਇਹ ਨਹੀਂ ਦਸਇਆ ਗਿਆ ਕਿ ਕੀੜੀ ਆਪਣੇ ਭਵਿੱਖ ਲਈ ਪ੍ਰਬੰਧ ਕਰਦੀ ਹੈ, ਅਤੇ ਕੀ ਸਾਨੂੰ ਉਸਦੀ ਰੀਸ ਕਰਨ ਲਈ ਨਹੀਂ ਆਖਿਆ ਗਿਆ? ਹਾਂ, ਲੇਕਿਨ ਮਹੱਤਵਪੂਰਨ ਗੱਲ ਯਾਦ ਰਖੱਣ ਵਾਲੀ ਇਹ ਹੈ ਕਿ ਕੀੜੀ ਦਾ ਭਵਿੱਖ ਇਸ ਧਰਤੀ ਉਤੇ ਹੈ, ਮਸੀਹੀ ਦਾ ਭਵਿੱਖ ਸਵਰਗ ਵਿਚ ਹੈ। ਵਿਸ਼ਵਾਸੀ ਇਕ ਮੁਸਾਫਿਰ ਅਤੇ ਇਕ ਅਜਨਬੀ ਹੈ; ਉਸਦਾ ਘਰ ਉੱਪਰ ਹੈ। ਅਤੇ ਉਸਨੂੰ ਆਪਣੇ ਭਵਿੱਖ ਲਈ ਧਨ ਜੋੜਨਾਂ ਚਾਹੀਦਾ ਹੈ।

ਪਰ ਜਿਥੋਂ ਤੱਕ ਉਸਦੇ ਜੀਵਨ ਦਾ ਏਥੇ ਸਬੰਧ ਹੈ, ਉਸਨੂੰ ਕੱਲ ਦੀ ਚਿੰਤਾ ਨਹੀਂ ਕਰਨੀ ਚਾਹੀਦੀ--- ਉਹ ਕੀ ਖਾਵੇਗਾ ਜਾਂ ਉਹ ਕੀ ਪਹਿਨੇਗਾ (ਮੱਤੀ 6:25)। ਸਗੋਂ ਉਸਨੂੰ ਪੰਛੀਆਂ ਦੀ ਰੀਸ ਕਰਨੀ ਚਾਹੀਦੀ ਹੈ, ਜੋ ਆਪਣੇ ਆਲ੍ਹੇਣਿਆ ਵਿਚ ਜੰਮਾਂ ਨਹੀਂ ਕਰਦੇ; ਫਿਰ ਵੀ ਸਾਡਾ ਸੁਰਗੀ ਪਿਤਾ ਉਨ੍ਹਾਂ ਨੂੰ ਖਵਾਉਂਦਾ ਹੈ। ਅਤੇ ਤਰਕ ਇਹ ਹੈ ਕਿ ਜੇ ਪ੍ਰਮੇਸ਼ੁਵਰ ਚਿੜਿਆਂ ਦੀ ਸੰਭਾਲ ਕਰਦਾ ਹੈ, ਕਿੰਨਾ ਜ਼ਿਆਦਾ ਉਹ ਸਾਡੇ ਲਈ ਕਰੇਗਾ!

(9) ਇਕ ਆਖਰੀ ਤਰਕ ਇਹ ਹੈ ਕਿ ਅਮੀਰਾ ਤੱਕ ਪਹੁੰਚਨ ਲਈ ਸਾਨੂੰ ਅਮੀਰ ਹੋਣਾ ਅਵਸ਼ੱਕ ਹੈ । ਮਸੀਹੀ ਇਹ ਨਹੀਂ ਸਮਝੇ "ਇਤਿਹਾਸ ਦਸਦਾ ਹੈ ਕਿ ਬਹੁਤ ਸਾਰੇ ਪਹਿਲੇ ਮਸੀਹੀ ਹਰੇਕ ਜਗ੍ਹਾ ਖੁਸ਼ਖਬਰੀ ਪਹੁੰਚਾਉਣ ਲਈ ਏਨੇ ਉਤਸੁੱਕ ਸਨ ਕਿ ਉਨ੍ਹਾਂ ਨੇ ਆਪਣੇ ਆਪਨੂੰ ਨੌਕਰ ਬਣਾ ਕੇ ਕਰਾਏ ਤੇ ਦੇ ਦਿਤਾ ਜਾਂ ਗੁਲਾਮ ਬਣਨ ਲਈ ਵੇਚ ਦਿੱਤਾ, ਤਾਂ ਕਿ ਧਨਵਾਨਾਂ ਅਤੇ ਵੱਡੇ ਵੱਡੇ ਗੈਰ-ਵਿਸ਼ਾਵਾਸੀਆਂ ਦੇ ਘਰਾਂ ਵਿਚ ਪ੍ਰਵੇਸ਼ ਕਰਨ ਦੀ ਇਜ਼ਾਜਤ ਮਿਲੇ, ਅਤੇ ਉਥੇ ਰਹਿਕੇ ਇਸ ਤਰ੍ਹਾਂ ਉਨ੍ਹਾਂ ਦੇ ਘਰਾਂ ਵਿਚ ਯਿਸੂ ਦੇ ਪ੍ਰੇਮ ਅਤੇ ਉਸਦੀ ਮੁਕਤੀ ਬਾਰੇ ਦਸੱਣ" (**"ਕੰਮ ਈ ਅਪਾਰਟ"**, ਜੇ.ਆਰ.ਮਿਲਰ ਦੁਆਰਾ ਲਿਖਿਤ ਪੁਸਤਕ ਵਿਚੋਂ) ।

# ਬਾਈਬੱਲ ਕੀ ਕਹਿੰਦੀ ਹੈ?

ਹੁਣ ਅਸੀਂ ਉਨ੍ਹਾਂ ਮੁੱਖ ਦਲੀਲਾਂ ਦਾ ਵਰਣਨ ਕਰ ਚੁਕੇ ਹਾਂ ਜੋ ਤਮਾਤ ਮਸੀਹਾਂ ਨੂੰ ਉਸ ਸੰਸਾਰ ਵਿਚ ਜਿੱਥੇ ਅਪਾਰ ਗਰੀਬੀ ਛਾਈ ਹੋਈ ਹੈ ਧਨ-ਦੌਲਤ ਵਿਚ ਰਹਿਣ ਲਈ ਸਿੱਧ ਕਰਾਰ ਦਿੰਦੀਆਂ ਹਨ।

ਇਸਦੇ ਉਲੱਟ, ਬਚਨ ਦੇ ਕਈ ਭਾਗ ਸਾਨੂੰ ਧੰਨ ਦੇ ਜੋਖਮਾਂ ਤੋਂ ਖਬਰਦਾਰ ਕਰਦੇ ਹਨ।

(1) "ਸੱਚੇ ਪੁਰਸ਼ ਉੱਤੇ ਘਨੇਰੀਆਂ ਅਸੀਸਾਂ ਹੋਣਗੀਆਂ ਪਰ ਜਿਹੜਾ ਧਨਵਾਨ ਹੋਣ ਵਿੱਚ ਕਾਹਲੀ ਕਰਦਾ ਹੈ, ਉਹ ਬਿਨਾਂ ਡੰਨ ਦੇ ਨਾ ਛੁੱਟੇਗਾ। ਲੋਭੀ ਮਨੁੱਖ ਕਾਹਲੀ ਨਾਲ ਧਨ ਦਾ ਪਿੱਛਾ ਕਰਦਾ ਹੈ ਅਤੇ ਨਹੀਂ ਜਾਣਦਾ ਭਈ ਗਰੀਬੀ ਉਹਦੇ ਉੱਤੇ ਆ ਪਵੇਗੀ" (ਕਹਾਉਤਾਂ 28:20,22) ਜੋ ਪ੍ਰਮੇਸ਼ੁਵਰ ਦੀ ਸਮਾਨਤਾ ਅਤੇ ਸਰੂਪਤਾ ਵਿਚ ਬਣਿਆ ਹੋਇਆ ਹੈ ਉਸ ਲਈ ਭੌਤਿਕ ਪਦਾਰਥਾਂ ਦੇ ਪਿੱਛੇ ਭੱਜਣਾ ਸੋਭਾ ਨਹੀਂ ਦਿੰਦਾ ।

(2) "ਕੋਈ ਮਨੁੱਖ ਦੋ ਮਾਲਕਾਂ ਦੀ ਸੇਵਾ ਨਹੀਂ ਕਰ ਸੱਕਦਾ ਕਿਉਂ ਜੋ ਇਕ ਨਾਲ ਵੈਰ ਅਤੇ ਦੂਏ ਨਾਲ ਪ੍ਰੀਤ ਰੱਖੇਗਾ ਯਾ ਇੱਕ ਨਾਲ ਮਿਲਿਆ ਰਹੇਗਾ ਅਤੇ ਦੂਏ ਨੂੰ ਤੁੱਛ ਜਾਣੇਗਾ। ਤੁਸੀਂ ਪ੍ਰਮੇਸ਼ੁਰ ਅਤੇ ਮਾਯਾ ਦੋਹਾਂ ਦੀ ਸੇਵਾ ਨਹੀਂ ਕਰ ਸਕਦੇ ਹੋ" (ਮੱਤੀ 6:24)।

ਏਥੇ ਧਨ ਅਤੇ ਪ੍ਰਮੇਸ਼ੁਵਰ ਦੋ ਮਾਲਕ ਪ੍ਰਸਤੁੱਤ ਕੀਤੇ ਗਏ ਹਨ ਜਿਨਾ ਦੇ ਰੁਝਾਨ ਏਨੇ ਵਿਰੋਧੀ ਹਨ ਕਿ ਦੋਨਾਂ ਦੀ ਸੇਵਾ ਕਰਨਾ ਅਣਹੋਣਾ ਹੈ। ਇਹ ਦੋਨਾਂ ਸੰਸਾਰਾਂ ਲਈ ਰਹਿਣ ਦੀ ਇੱਛਾ ਤੇ ਜ਼ੋਰਦਾਰ ਸੱਟ ਮਾਰਦਾ ਹੈ, ਏਥੇ ਵੀ ਧਨਵਾਨ ਹੋਣਾ ਅਤੇ ਉਥੇ ਵੀ ਧਨਵਾਨ ਹੋਣਾ, ਥੱਲੇ ਸੰਸਾਰੀ ਧਨ ਦਾ ਆਨੰਦ ਮਾਣਨਾ ਅਤੇ ਉੱਪਰ ਪ੍ਰਤਿਫੱਲ ਸਵਰਗ ਪਾਉਣਾ। ਯਿਸੂ ਨੇ ਆਖਿਆ ਤੁਸੀਂ ਦੋਵਾਂ ਨੂੰ ਨਹੀਂ ਲੈ ਸਕਦੇ; ਤੁਹਾਨੂੰ ਦੋਨਾਂ ਵਿਚ ਇਕ ਨੂੰ ਚੁਣਨਾ ਹੈ।

(3) "ਤਦ ਯਿਸੂ ਨੇ ਆਪਣੇ ਚੇਲਿਆਂ ਨੂੰ ਕਿਹਾ, ਮੈਂ ਤੁਹਾਨੂੰ ਸਤ ਆਖਤਾ ਹਾਂ ਜੋ ਧਨੀ ਦਾ ਸੁਰਗ ਦੇ ਰਾਜ ਵਿਚ ਵੜਨਾ ਔਖਾ ਹੈ। ਫਿਰ ਮੈਂ ਤੁਹਾਨੂੰ ਆਖਦਾ ਜਾਂ ਜੋ ਸੂਈ ਦੇ ਨੱਕੇ ਦੇ ਵਿਚ ਦੀ ਊਠ ਦਾ ਲੰਘਣਾ ਏਸ ਨਾਲੋਂ ਸੁਖਾਲਾ ਹੈ ਜੋ ਧਨੀ ਮਨੁੱਖ ਪ੍ਰਮੇਸ਼ੁਵਰ ਦੇ ਰਾਜ ਵਿੱਚ ਵੜੇ ਅਤੇ ਚੇਲੇ ਇਹ ਸੁਣਕੇ ਵੱਡੇ ਹੈਰਾਨ ਹੋਏ ਬੋਲੇ, ਫੇਰ ਕਿਹ ਕੀ ਮੁਕਤੀ ਹੋ ਸਕਦੀ? ਤਕ ਯਿਸੂ ਨੇ ਉਨ੍ਹਾਂ ਵੱਲ ਵੇਖਕੇ ਉਨ੍ਹਾਂ ਨੂੰ ਕਿਹਾ, ਇਹ ਮਨੁੱਖ ਤੋਂ ਅਣਹੋਣਾ ਹੈ ਪਰ ਪਰਮੇਸ਼ੁਵਰ ਤੋਂ ਸਭੋਂ ਕੁਝ ਹੋ ਸਕੱਦਾ ਹੈ"
(ਮੱਤੀ 19:23-26)।

ਮੈਂ ਸੋਚਦਾ ਹਾਂ ਕਿ ਅਸੀਂ ਯਿਸੂ ਦੇ ਇਨ੍ਹਾਂ ਸ਼ਬਦਾਂ ਨੂੰ ਕਾਫ਼ੀ ਗੰਭੀਰਤਾ ਨਾਲ ਲੈਂਦੇ ਹਾਂ। ਉਸਨੇ ਇਹ ਨਹੀਂ ਆਖਿਆ ਕਿ ਧਨਵਾਨ ਦਾ ਪ੍ਰਮੇਸ਼ੁਵਰ ਦੇ ਰਾਜ ਵਿਚ ਪ੍ਰਵੇਸ਼ ਕਰਨਾ ਮੁਸ਼ਕਿਲ ਹੈ; ਉਸਨੇ ਆਖਿਆ ਮਨੁੱਖੀ ਤੌਰ ਤੇ ਇਹ ਅਣਹੋਣਾ ਹੈ।

ਕੁਝ ਸੂਈ ਦੇ ਨਕੇ ਨੂੰ ਸ਼ਹਿਰ ਦੇ ਇਕ ਛੋਟੇ ਦਰਵਾਜੇ ਦੇ ਰੂਪ ਵਿੱਚ ਵਰਣਨ ਕਰਦੇ ਹਨ। ਇਕ ਊਠ ਨੂੰ ਇਸ ਵਿਚੋਂ ਲੰਘਣ ਲਈ ਕੁਬਾ ਹੋਣਾ ਪੈਂਦਾ ਸੀ। ਪਰ ਏਥੇ ਸੂਈ, ਕਪੜੇ ਸੀਨ ਵਾਲੀ ਸੂਈ ਨੂੰ ਕਹਾ ਗਿਆ ਹੈ, ਅਤੇ ਕੋਈ ਊਂਠ ਇਸਦੇ ਨੱਕੇ ਥਾਣੀ ਲੰਘ ਨਹੀਂ ਸਕਦਾ।

ਕੇਵਲ ਕੋਈ ਦੈਵੀ ਸ਼ਕਤੀ ਦਾ ਵਿਸ਼ੇਸ ਚਮਤਕਾਰ ਹੀ ਇਕ ਧਨੀ ਵਿਅਕਤੀ ਨੂੰ ਪ੍ਰਮੇਸ਼ੁਵਰ ਦੇ ਰਾਜ ਵਿਚੋਂ ਪ੍ਰਵੇਸ਼ ਕਰਨ ਯੋਗ ਬਣਾ ਸਕਦਾ ਹੈ।

ਅਸੀਂ ਕਿਉਂ ਏਨਾਂ ਜ਼ਿਆਦਾ ਪੱਖ-ਪੁਸ਼ਟੀ ਕਰਦੇਂ ਹਾਂ ਕਿ ਮਨੁੱਖ ਦੇ ਅਨੰਤ ਭਲਾਈ ਵਿਚ ਕੋਣ ਰੁਕਾਵਟ ਪਾ ਸਕਦਾ ਹੈ?

(4) "ਪਰ ਹਾਇ ਤੁਹਾਨੂੰ ਜਿਹੜੇ ਧਨਵਾਨ ਹੈ ਕਿਉਂ ਜੋ ਤੁਸੀਂ ਆਪਣੀ ਤਸੱਲੀ ਲੈ ਚੁੱਕੇ " (ਲੂਕਾ6:24)

ਏਥੇ ਪ੍ਰਮੇਸ਼ੁਵਰ ਦੇ ਪਵਿੱਤ੍ਰ ਬੇਟੇ ਨੇ ਧਨਵਾਨ ਲੋਕਾਂ ਤੇ ਹਾਇ ਦਾ ਉਚਾਰਨ ਕੀਤਾ। ਏਥੇ ਸ਼ਬਦ ਕੇਵਲ ਅੱਖਰ ਬੱਧ ਹੀ ਲਿਆ ਜਾ ਸਕਦਾ ਹੈ। ਏਥੇ ਮਤਲਬ ਕੁਝ ਹੋਰ ਨਹੀ ਪਰ ਧਨਵਾਨ ਹੈ। ਤਾਂ ਫਿਰ ਕਿਉਂ ਅਸੀਂ ਉਨ੍ਹਾਂ ਨੂੰ ਬਰਕਤ ਦੇਣਾ ਚਾਹੁੰਦੇ ਹਾਂ ਜਿੰਨ੍ਹਾਂ ਨੂੰ ਪਮੇਸ਼ੁਵਰ ਨੇ ਬਰਕਤ ਨਹੀਂ ਦਿਤੀ?

(5) "ਆਪਣਾ ਮਾਲ ਵੇਚ ਕੇ ਦਾਨ ਕਰੋ। ਆਪਣੇ ਲਈ ਬਟੂਏ ਜੋ ਪੁਰਾਣੇ ਨਹੀਂ ਹੁੰਦੇ ਅਤੇ ਧਨ ਜੋ ਘੱਟਦਾ ਨਹੀਂ ਸੁਰਗ ਵਿਚ ਤਿਆਰ ਕਰੋ ਜਿਥੇ ਨਾ ਚੋਰ ਨੇੜੇ ਆਉਂਦਾ ਨਾ ਕੀੜਾ ਨਾਸ਼ ਕਰਦਾ ਹੈ ਕਿਉਕਿ ਜਿੱਥੇ ਤੁਹਾਡਾ ਧਨ ਹੈ ਉਥੇ ਹੀ ਤੁਹਾਡਾ ਮਨ ਵੀ ਹੋਵੇਗਾ। (ਲੂਕਾ 12:33,34)

ਇਹ ਬਚਨ ਚੇਲਿਆਂ ਨੂੰ ਆਖੇ ਗਏ (ਦੇਖੋ 22 ਆਇਤ) ਲੇਕਿਨ ਅਸੀਂ ਉਨ੍ਹਾਂ ਤੋਂ ਬਚਣ ਦੀ ਕੋਸ਼ਿਸ ਕਰਦੇ ਹਾਂ ਇਹ ਕਹਿਕੇ ਕਿ ਉਹ ਸਾਡੇ ਲਈ ਨਹੀਂ

ਹਨ। ਲੇਕਿਨ ਕਿਉਂ ਨਹੀਂ? ਇਹ ਆਇਤਾਂ ਦਾ ਇਨਕਾਰ ਕਰਕੇ, ਅਸੀਂ ਕੇ ਵਲ ਬਰਕਤਾ ਦਾ ਹੀ ਇਨਕਾਰ ਕਰ ਰਹੇ ਹਾਂ।

ਕ੍ਰਿਪਾ ਦੇ ਇਸ ਯੁੱਗ ਨੂੰ ਮਦੇ ਨਜ਼ਰ ਰੱਖਦੇ ਹੋਏ ਇਹ ਕਿੰਨ੍ਹਾਂ ਚੰਗਾ ਹੋਵੇਗਾ ਕਿ ਅਸੀਂ ਆਪਣੇ ਮੁੱਲਵਾਨ ਜਾਇਦਾਦ- ਸਾਡੇ ਹਿਰੇ ਅਤੇ ਦੂਸਰੇ ਗਹਿਣੇ, ਮਹਿੰਗੀਆਂ ਤਸਵੀਰਾਂ, ਪੁਰਾਤਨ ਫਰਨੀਚਰ, ਖਾਲਸ ਚਾਂਦੀ, ਇਕੱਠੀ ਰਕਮ- ਨੂੰ ਵੇਚ ਕੇ ਸੰਸਾਰ ਭਰ ਵਿਚ ਰੂਹਾਂ ਦੀ ਮੁਕਤੀ ਲਈ ਲਗਾ ਦਈਏ।

ਸਾਡਾ ਮਨ ਕਿਥੇ ਹੈ? ਕੀ ਇਹ ਸਥਾਨੀ ਬੈਂਕ ਦੇ ਖਜ਼ਾਨੇ ਵਿਚ ਹੈ? ਜਾਂ ਇਹ ਸਵਰਗ ਵਿਚ ਹੈ?

"ਜਿਥੇ ਤੇਰਾ ਧਨ ਹੈ, ਉਥੇ ਤੇਰਾ ਮਨ ਵੀ ਹੋਵੇਗਾ"

(6) "ਯਿਸੂ ਨੇ ਸੁਣ ਕੇ ਉਹਨੂੰ ਆਖਿਆ, ਅਜੇ ਤੇਰੇ ਵਿੱਚ ਇਕ ਗੱਲ ਦਾ ਘਾਟਾ ਹੈ। ਜੋ ਕੁਝ ਤੇਰਾ ਹੈ ਵੇਚ ਅਤੇ ਕੰਗਾਲਾਂ ਨੂੰ ਦੇ ਦੇਹ ਤਾਂ ਤੈਨੂੰ ਸੁਰਗ ਵਿਚ ਧਨ ਮਿਲੇਗਾ ਅਤੇ ਆ ਮੇਰੇ ਪਿਛੇ ਹੋ ਤੁਰ। ਪਰ ਉਹ ਇਹ ਸੁਣਕੇ ਬਹੁਤ ਉਦਾਸ ਹੋਇਆ ਕਿਉਂਜੋ ਉਹ ਵੱਡਾ ਧਨਵਾਨ ਸੀ" (ਲੂਕਾ 18:22,23)।

ਸਾਨੂੰ ਬਾਰ-ਬਾਰ ਆਖਿਆ ਗਿਆ ਹੈ ਕਿ ਧਨੀ ਸਰਦਾਰ ਦਾ ਕੇਸ ਕੁਝ ਖਾਸ ਹੀ ਸੀ। ਹਰੇਕ ਨੂੰ ਏਸੇ ਤਰ੍ਹਾਂ ਕਰਨ ਲਈ ਨਹੀ ਕਹਾ ਗਿਆ ਸੀ। ਅਗਰ ਇਹ ਇਸ ਤਰ੍ਹਾਂ ਹੁੰਦਾ ਤਾਂ, ਹੁਣੇ ਦੇਖੇ ਹਵਾਲੇ ਵਿਚ ਭਿੰਨ ਨਹੀ ਹੈ (ਲੂਕਾ 12:33,34)

(7) "ਪਰ ਸੰਤੋਖ ਨਾਲ ਭਗਤੀ ਹੈ ਤਾਂ ਵੱਡੀ ਖੱਟੀ। ਕਿਉਂ ਜੋ ਅਸਾਂ ਜਗਤ ਵਿੱਚ ਨਾਲ ਕੁਝ ਨਹੀ ਲਿਆਂਦਾ ਅਤੇ ਨਾ ਅਸੀਂ ਉਸ ਵਿਚੋਂ ਕੁਝ ਲੈ ਜਾ ਸਕਦੇ ਹਾਂ। ਪਰ ਜਦੋਂ ਸਾਨੂੰ ਭੋਜਨ ਬਸਤਰ ਮਿਲਿਆ ਹੋਇਆ ਹੈ ਤਾਂ ਸਾਡੇ

ਲਈ ਇਹੋ ਬਖੇੜਾ ਹੈ। ਪਰ ਉਹ ਜਿਹੜੇ ਧਨਵਾਨ ਬਣਨਾ ਚਾਹੁੰਦੇ ਹਨ ਸੋ ਪਰਤਾਵੇ ਅਤੇ ਫਾਹੀ ਵਿੱਚ ਅਤੇ ਬਹੁਤਿਆਂ ਮੂਰਖਪਣੇ ਦੀਆਂ ਅਤੇ ਨੁਕਸਾਨ ਕਰਨ ਵਾਲਿਆਂ ਵਿਸ਼ਿਆਂ ਵਿੱਚ ਪੈਂਦੇ ਹਨ ਜੋ ਮਨੁੱਖਾਂ ਨੂੰ ਤਬਾਹੀ ਅਤੇ ਨਾਸ਼ ਦੇ ਸਮੁੰਦਰ ਵਿੱਚ ਡੋਬ ਦਿੰਦੇ ਹਨ। ਕਿਉਂ ਜੋ ਮਾਇਆ ਦਾ ਲੋਭ ਹਰ ਪ੍ਰਕਾਰ ਦੀਆਂ ਬੁਰਿਆਈਆਂ ਦੀ ਜੜ੍ਹ ਹੈ ਅਤੇ ਕਈ ਲੋਕ ਉਹ ਨੂੰ ਲੋਚਦਿਆਂ ਨਿਹਚਾ ਦੇ ਰਾਹੋਂ ਖੁਸ ਗਏ ਅਤੇ ਆਪਣੇ ਆਪਨੂੰ ਅਨੇਕ ਗਮਾਂ ਦਿਆਂ ਤੀਰਾਂ ਨਾਲ ਵਿੰਨ੍ਹਿਆ ਹੈ। ਪਰ ਤੂੰ ਹੇ ਪਰਮੇਸ਼ਰ ਦੀਆਂ ਬੰਦਿਆ ਇਨ੍ਹਾਂ ਗੱਲਾਂ ਤੋਂ ਭੱਜ ਅਤੇ ਧਰਮ, ਭਗਤੀ, ਨਿਹਚਾ, ਪ੍ਰੇਮ, ਧੀਰਜ, ਨਰਮਾਈ ਦੇ ਮਗਰ ਲੱਗਾ ਰਹੁ" (1ਤਿਮੋਥਿਉਸ 6:6-11)।

ਪੌਲੁਸ ਚੇਤਾਵਨੀ ਦਿੰਦਾ ਹੈ ਕਿ ਜੋ ਮਾਯਾ ਦਾ ਲੋਭ ਕਰਦੇ ਹਨ ਉਨ੍ਹਾਂ ਨੇ ਆਪਣੇ ਆਪਨੂੰ ਅਨੇਕ ਗਮਾਂ ਦਿਆਂ ਤੀਰਾਂ ਨਾਲ ਵਿੰਨ੍ਹਿਆ ਹੈ। ਕਿਹੜੇ ਗਮਾਂ ਦੇ ਵਿਖੇ ਉਹ ਆਖ ਰਿਹਾ ਹੈ?

(ੳ) ਪਹਿਲਾ ਹੈ ਚਿੰਤਾ, ਜੋ ਹਮੇਸ਼ਾ ਧੰਨ ਦੀ ਸੰਗਤੀ ਕਰਦੀ ਹੈ, "ਧਨੀ ਦੇ ਧਨ ਵਧਣ ਕਾਰਨ ਉਹਨੂੰ ਨੀਂਦ ਨਹੀਂ ਆਉਂਦੀ " (ਉਪਦੇਸ਼ਕ 5:12)।

ਧਨ ਜਿਸਨੂੰ ਸੁਰੱਖਿਅਤਾ ਲੈ ਕੇ ਆਉਣੀ ਚਾਹੀਦੀ ਹੈ ਦਰਅਸਲ ਉਲਟਾ ਲੈ ਕੇ ਆਉਂਦਾ ਹੈ- ਲਗਾਤਾਰ ਚੋਰੀ ਹੋਣ ਦਾ, ਜਾਂ ਸਰਾਫ਼ਾ ਬਜ਼ਾਰ ਵਿਚ ਮੁਦਰਾ ਦੀ ਗਿਰਾਵਟ ਹੋਣ ਦਾ ਡਰ ਆਦਿ।

(ਅ) ਦੂਸਰਾ, ਭੌਤਿਕ ਵਸਤਾਂ ਦੇ ਭੰਰਮਾਰ ਨਾਲ ਕਿਸੇ ਦੇ ਬੱਚਿਆ ਦਾ ਅਧਿਆਤਮਿਕ ਤੌਰ ਤੇ ਨਾਸ਼ ਹੋਣ ਦਾ ਦੁੱਖ। ਧਨਵਾਨ ਮਾਤਾ-ਪਿਤਾ ਦੇ ਬੱਚੇ ਬਹੁਤ ਘੱਟ ਹੀ ਖੁਦਾ ਦੇ ਲੜ ਲਗੇ ਹੋਏ ਹਨ।

(ੲ) ਕਈ ਵਾਰ ਜਦ ਸਾਨੂੰ ਧਨ ਦੀ ਬਹੁਤਾਇਤ ਜ਼ਰੂਰਤ ਹੁੰਦੀ ਹੈ ਉਸ ਵਕਤ ਸਾਨੂੰ ਨਹੀ ਮਿਲਦਾ।

(ਸ) ਦੌਲਤਮੰਦ ਜਾਣਦਾ ਨਹੀਂ ਕਿ ਉਸਦੇ ਕਿਨੇ ਮਿੱਤਰ ਹਨ। ਕਹਾਉਤਾਂ 14:20 ਦੁਆਰਾ ਇਹ ਖੰਡਨਾਤਮਕ ਲਗਦਾ ਹੈ ਜਿਥੇ ਲਿਖਿਆ ਹੈ, "ਕੰਗਾਲ ਆਪਣੇ ਗੁਆਂਢੀ ਲਈ ਵੀ ਘਿਣਾਉਣਾ ਹੈ, ਪਰ ਧੰਨਵਾਨ ਦੇ ਪ੍ਰੇਮੀ ਢੇਰ ਸਾਰੇ ਹੁੰਦੇ ਹਨ" ਲੇਕਿਨ ਕੀ ਇਹ ਸੱਚੇ ਮਿੱਤਰ ਹਨ-- ਜਾਂ ਫਿਰ ਸੁਆਰਥ ਦੀ ਵਜ੍ਹਾ ਨਾਲ ਮਿਤੱਰ ਦੀ ਭੂਮੀਕਾ ਨਿਭਾ ਰਹੇ ਹਨ?

(ਹ) ਧਨ ਨਿਸ਼ਚਤ ਹੀ ਮਨੁੱਖ ਦੇ ਹਿਰਦੇ ਨੂੰ ਸੰਤੁਸ਼ਟ ਕਰਨ ਵਿਚ ਨਾਕਾਮਯਾਬ ਹੈ (ਉਪਦੇਸ਼ਕ 2:8,11), ਪ੍ਰੰਤੂ ਨਿਰੰਤਰ ਹੋਰ ਪ੍ਰਾਪਤ ਕਰਨ ਦੀ ਅਭਿਆਸ਼ਾ ਪੈਦਾ ਕਰਦਾ ਹੈ (ਉਪਦੇਸ਼ਕ 4:8;5:10)।

(ਕ) ਅੰਤ ਵਿਚ, ਅਕਸਰ ਦੌਲਤ ਵਿਅਕਤੀ ਦੇ ਚਰਿੱਤ੍ਰ ਤੇ ਬੁਰਾ ਪ੍ਰਭਾਵ ਪਾਉਂਦੀ ਹੈ । ਉਦਾਹਰਨ ਲਈ, ਘਮੰਡ (ਕਹਾਉਤਾਂ 28:11) ਅਤੇ ਦੁਰਵਿਹਾਰ ਪੈਦਾ ਕਰਕੇ (ਕਹਾਉਤਾਂ 18:23; ਯਾਕੂਬ 2:5-7) । ਮੈਥੀਊ ਹੈਨਰੀ ਸਾਨੂੰ ਯਾਦ ਕਰਾਉਂਦਾ ਹੈ, "ਧੰਨ ਵਾਸਤੇ ਇਬਰਾਨੀ ਸ਼ਬਦ 'ਬੋਝ' ਨੂੰ ਦਰਸਾਉਂਦਾ ਅਤੇ ਦੌਲਤ ਬੋਝ ਹੈ -- ਉਸਨੂੰ ਪ੍ਰਾਪਤ ਕਰਨ ਦਾ ਇਕ ਬੋਝ,ਸੰਭਾਲਣ ਦਾ ਇਕ ਬੋਝ, ਪ੍ਰੀਖਿਆ ਦਾ ਇਕ ਬੋਝ, ਗਮ ਦਾ ਇਕ ਬੋਝ, ਅਤੇ ਅੰਤ ਵਿਚ ਉਸਦਾ ਲੇਖਾ ਦੇਣ ਦਾ ਇਕ ਬੋਝ।"

(8) ਜਿਹੜੇ ਇਸ ਜੁੱਗ ਵਿਚ ਧਨਵਾਨ ਹਨ ਉਹਨਾਂ ਨੂੰ ਉਪਦੇਸ਼ ਕਰ ਭਈ ਗਰਬ ਦਾ ਕਰਨ ਅਤੇ ਬੇਠਿਕਾਣੇ ਧਣ ਉਤੇ ਨਹੀਂ ਸਗੋਂ ਪ੍ਰਮੇਸ਼ੁਵਰ ਉਤੇ ਆਸਰਾ ਰੱਖਣ ਜਿਹੜਾ ਸਾਨੂੰ ਭੋਗਣ ਲਈ ਸਗੋਂ ਕੁਝ ਤਰਾਤਰੀ ਦਿੰਦਾ ਹੈ। ਨਾਲੇ ਇਹ ਭਈ ਉਹ ਪਰਉਪਕਾਰੀ ਅਤੇ ਸ਼ੁਭ ਕਰਮਾਂ ਵਿਚ ਧਨੀ ਅਤੇ ਦਾਨ ਕਰਨ ਵਿੱਚ

ਸਖ਼ੀ ਅਤੇ ਇਕ ਚੰਗੀ ਨੀਂਹ ਆਪਣੇ ਲਈ ਧਰਨ ਭਈ ਉਹ ਜੀਵਨ ਨੂੰ ਫੜ ਲੈਣ ਜਿਹੜਾ ਅਸਲ ਜੀਵਨ ਹੈ" (1ਤਿਮੋਥਿਉਸ 6:17-19)।

ਇਨ੍ਹਾਂ ਆਇਤਾਂ ਵਿਚ ਸਾਨੂੰ "ਜਿਹੜੇ ਧਨਵਾਨ ਹਨ,"ਉਨ੍ਹਾਂ ਨੂੰ ਉਪਦੇਸ਼ ਕਰਨ ਲਈ ਕਿਹਾ ਗਿਆ ਹੈ। ਫਿਰ ਵੀ ਕਿੰਨੇ ਕ ਸੇਵਕ ਹਨ ਜੋ ਇਸ ਆਗਿਆ ਦੀ ਪਾਲਨਾ ਕਰਦੇ ਹਨ? ਸਾਡੇ ਵਿਚੋਂ ਕਿੰਨਿਆਂ ਨੇ ਕਦੇ ਕਿਸੇ ਧਨਵਾਨ ਨੂੰ ਸਾਵਧਾਨ ਕੀਤਾ ਹੈ? ਸਾਡੇ ਵਿਚੋਂ ਬਹੁਤਿਆਂ ਨੇ ਇਸ ਆਇਤ ਉਤੇ ਕਦੀ ਕੋਈ ਸੰਦੇਸ਼ ਵੀ ਨਹੀਂ ਸੁਣਿਆ। ਪਰ ਸ਼ਾਇਦ ਹੀ ਕੋਈ ਇਹੋ ਜਿਹਾ ਅਵਸਰ ਹੋਵੇ ਜਦੋਂ ਇਸ ਤਰ੍ਹਾਂ ਦੇ ਕ੍ਰਾਂਤੀਕਾਰੀ ਸੰਦੇਸ਼ਾ ਦੀ ਜ਼ਰੂਰਤ ਨਹੀਂ ਸੀ।

ਸੰਦੇਸ਼ ਨੂੰ ਪ੍ਰਚਾਰ ਕਰਨ ਤੋਂ ਪਹਿਲਾਂ ਸਭ ਤੋਂ ਪਹਿਲਾਂ ਸਾਨੂੰ ਆਪ ਖੁਦ ਇਸਦੀ ਪਾਲਨਾ ਕਰਨੀ ਚਾਹੀਦੀ ਹੈ। ਜੇ ਅਸੀਂ ਨਿਹਚਾਹ ਦੀ ਬਜਾਇ ਦ੍ਰਿਸ਼ਟੀ ਨਾਲ ਰਹਿ ਰਹੇ ਹਾਂ, ਅਸੀਂ ਦੂਸਰਿਆਂ ਨੂੰ ਧਰਤੀ ਉਤੇ ਧਨ ਜੋੜਨ ਤੋਂ ਰੋਕ ਨਹੀਂ ਸਕਦੇ। ਸਾਡਾ ਜੀਵਨ ਸਾਡੇ ਬੁਲਾਂ ਤੇ ਮੋਹਰ ਲਗਾਉਂਦਾ ਹੈ।

ਪ੍ਰਮੇਸ਼ੁਵਰ ਨਬੀ ਵੰਸ਼ੀਆਂ ਨੂੰ ਢੂੰਡ ਰਹਾ ਹੈ ਜੋ ਕਿਸੇ ਵੀ ਕੀਮਤ ਵਿਚ ਉਸਦਾ ਵ੍ਚਨ ਨਿਡਰਤਾ ਨਾਲ ਬੋਲਣ, ਆਮੋਸ ਵਰਗੇ ਜਿਸਨੇ ਉੱਚੀ ਦੇ ਕੇ ਆਖਿਆ:

ਹੇ ਬਾਸ਼ਾਨ ਦੀਓ ਗਊਓ, ਏਹ ਬਚਨ ਸੁਣੋ!
ਜਿਹੜੀਆਂ ਸਾਮਰਿਯਾ ਦੇ ਪਹਾੜ ਉਤੇ ਗਰੀਬਾਂ
ਨੂੰ ਸਤਾਉਂਦੀਆਂ ਹੈ,
ਕੰਗਾਲਾਂ ਨੂੰ ਚਿੱਥਦੀਆਂ ਹੈ,
ਅਤੇ ਆਪਣੇ ਸੁਆਮੀਆਂ ਨੂੰ ਆਖਦੀਆਂ ਹੈ,
ਲਿਆਓ ਭਈ ਅਸੀਂ ਪੀਵੀਏ!

ਪ੍ਰੱਭੂ ਯਹੋਵਾਹ ਨੇ ਆਪਣੀ ਪਵਿੱਤਰਤਾਈ ਦੀ ਸੌਹ ਖਾਦੀ
ਕਿ ਵੇਖੋ, ਉਹ ਦਿਨ ਤੁਹਾਡੇ ਉਤੇ ਆ ਰਹੇ ਹਨ,
ਸਗੋਂ ਤੁਹਾਡੇ ਬਕੀਏ ਨੂੰ ਮੱਛੀਆਂ ਦੀਆ ਕੰਡੀਆਂ ਨਾਲ !
ਤੁਸੀਂ ਤੇੜਾਂ ਵਿੱਚੋਂ ਦੀ ਸਿੱਧੀਆ ਨਿਕੱਲ ਜਾਓਗੀਆਂ,
ਅਤੇ ਤੁਸੀਂ ਹਰਮੋਨ ਵਿੱਚ ਸੁੱਟੀਆਂ ਜਾਓਗੀਆਂ,
ਯਹੋਵਾਹ ਦਾ ਵਾਕ ਹੈ। (ਆਮੋਸ 4:1-3)
ਜਾਂ ਹਜੱਈ ਵਾਗਰ ਜਿਸਨੇ ਬੜੀ ਗਰਜ ਨਾਲ ਆਖਿਆ:

ਭਲਾ , ਏਹ ਕੋਈ ਸਮਾ ਹੈ ਕਿ ਤੁਸੀਂ ਆਪ ਆਪਣੇ ਛੱਤੇ ਹੋਏ ਕੋਠਿਆਂ ਵਿੱਚ ਰਹੋ ਜਦ ਕਿ ਏਹ ਭਵਨ ਬਰਬਾਦ ਪਿਆ ਹੈ? (ਹੱਜਈ 1:4)

ਬੇਸ਼ਕ, ਇਹ ਨਬੀ ਐਨੇ ਪ੍ਰਸਿੱਧ ਨਹੀਂ ਸਨ। ਉਨ੍ਹਾਂ ਦੀ ਮੌਜੂਦਗੀ ਉਨ੍ਹਾਂ ਦੇ ਸਮਕਾਲੀਆਂ ਲਈ ਇਕ ਘਬਰਾਹਟ ਹੁੰਦੀ ਸੀ। ਉਹ ਆਰਥਿਕ ਤੌਰ ਤੇ ਦਬਾਏ ਜਾਂਦੇ ਅਤੇ ਸਮਾਜਿਕ ਤੌਰ ਤੇ ਛੇਕੇ ਜਾਂਦੇ। ਕਈ ਵਾਰ ਉਹ ਸਤਾਏ ਜਾਂਦੇ, ਅਤੇ ਜੇ ਕੋਈ ਉਨ੍ਹਾਂ ਨੂੰ ਚੁੱਪ ਨਾ ਕਰਾ ਸਕਿਆ, ਤਾਂ ਉਨ੍ਹਾਂ ਨੂੰ ਮਾਰ ਦਿੱਤਾ ਜਾਂਦਾ। ਇਸ ਨਾਲ ਉਨ੍ਹਾਂ ਨੂੰ ਕੋਈ ਫ਼ਰਕ ਨਾ ਪੈਂਦਾ, ਉਹ ਝੂਠ ਨਾਲ ਜੀਣ ਦੀ ਬਜਾਏ ਸੱਚ ਬੋਲਕੇ ਮਰ ਜਾਂਦੇ। ਭੌਤਿਕਵਾਦ ਅਤੇ ਦੌਲਤ ਅੱਜ ਕਲੀਸਿਆ ਨੂੰ ਅਧਿਆਤਮਿਕ ਬਹਾਓ ਤੋਂ ਰੋਕਦੇ ਹਨ। ਜਦ ਤੱਕ ਵਿਸ਼ਵਾਸੀ ਰਾਜਿਆ ਦੀ ਤਰ੍ਹਾਂ ਰਾਜ ਕਰਦੇ ਰਹਿਣਗੇ ਜਾਗ੍ਰੀਤੀ ਕਦੇ ਨਹੀਂ ਆਵੇਗੀ। ਕੌਣ ਉਠੇਗਾ ਅਤੇ ਪ੍ਰਮੇਸ਼ੁਵਰ ਦੇ ਲੋਕਾਂ ਨੂੰ ਨਿਹਚਾਹ ਅਤੇ ਬਲੀਦਾਨ ਦੇ ਜੀਵਣ ਵਿਚ ਵਾਪਸ ਬੁਲਾਵੇਗਾ?

ਕੌਣ ਲੋਕਾਂ ਨੂੰ ਉਸ ਜੀਵਨ ਨੂੰ ਅਸਲ ਜੀਵਨ ਵੱਲ ਮੁੜਨ ਲਈ ਹੈ (1ਤਿਮੋਥਿਉਸ 6:19) ? "ਅਨੰਤਤਾ ਦੇ ਪ੍ਰਕਾਸ਼ ਵਿਚ ਰਹਿਣਾ ਹੀ ਕੇਵਲ

ਅਸਲ ਜੀਵਨ ਹੈ- ਸਭ ਕੁਝ ਜੋ ਸਾਡਾ ਹੈ ਉਸਨੂੰ ਪ੍ਰਮੇਸ਼ੁਵਰ ਦੀ ਮਹਿਮਾ ਲਈ ਅਤੇ ਸਦੀਪਕ ਕਾਲ ਦੇ ਮਹਿਲਾਂ ਵੱਲ ਤੱਕਕੇ ਇਸਤੇਮਾਲ ਕਰਨ ਨਾਲ। ਸਿਰਫ਼ ਇਹ ਹੀ ਅਸਲ ਜੀਵਨ ਹੈ"---

ਸੀ.ਐਚ.ਮੈਕਿਨਤੋਸ਼

(9) "ਅਤੇ ਧਨਵਾਨ ਆਪਣੀ ਨੀਵੀ ਪਦਵੀਂ ਉਤੇ ਇਸ ਲਈ ਜੋ ਉਹ ਘਾਹ ਦੇ ਫੁੱਲ ਵਾਂਙੂ ਜਾਂਦਾ ਰਹੇਗਾ। ਕਿਉਂ ਜੋ ਸੂਰਜ ਲੋ ਨਾਲ ਚੜ੍ਹਿਆ ਅਤੇ ਘਾਹ ਨੂੰ ਸੁਕਾ ਦਿੱਤਾ ਅਤੇ ਉਹਦਾ ਫੁੱਲ ਝੜ ਗਿਆ ਅਤੇ ਉਹ ਦੇ ਰੂਪ ਦਾ ਸੁਹੱਪਣ ਨਸ਼ਟ ਹੋ ਗਿਆ। ਇਸੇ ਤਰ੍ਹਾਂ ਧਨਵਾਨ ਵੀ ਆਪਣਿਆਂ ਚਲਣਾ ਵਿਚ ਕੁਮਲਾ ਜਾਵੇਗਾ" (ਯਾਕੂਬ 1:10,11)।

ਦੌਲਤਮੰਦ ਨੂੰ ਆਪਣੀ ਦੌਲਤ ਵਿਚ ਆਨੰਦ ਨਹੀ ਕਰਨਾ ਚਾਹੀਦਾ, ਜੋ ਉਸਨੂੰ ਨੀਵਾਂ ਕਰਦੀ ਹੈ। ਇਹ ਕਿਉਂ ਹੈ? ਕਿਉਂਕਿ ਧਨ ਘਾਹ ਵਾਂਗਰ ਨਾਸ਼ਵਾਨ ਹੈ ਜਦਕਿ ਆਤਮਿਕ ਤਜੁਰਬਾ ਅਤੇ ਸ਼ਬਦ ਸਦੀਪਕ ਕਾਲ ਲਈ ਹਨ।

(10) "ਉਏ ਧਨਵਾਨੋ, ਤੁਸੀਂ ਉਨ੍ਹਾਂ ਬਿਪਤਾ ਲਈ ਜਿਹੜੀਆਂ ਤੁਹਾਡੇ ਉਤੇ ਆਉਣ ਵਾਲੀਆਂ ਹਨ ਚੀਕਾਂ ਮਾਰ-ਮਾਰ ਕੇ ਰੋਵੋ। ਤੁਹਾਡਾ ਧਨ ਗਲ ਗਿਆ ਅਤੇ ਤੁਹਾਡੇ ਬਸਤਰ ਕੀੜੇ ਦੇ ਖਾਧੇ ਹੋਏ ਹਨ। ਤੁਹਾਡੇ ਸੋਨੇ ਚਾਂਦੀ ਨੂੰ ਜੰਗਾਲ ਲੱਗਿਆ ਹੋਇਆ ਹੈ ਅਤੇ ਉਨ੍ਹਾਂ ਦਾ ਜੰਗਾਲ ਤੁਹਾਡੇ ਉਤੇ ਗਵਾਹੀ ਦੇਵੇਗਾ ਅਤੇ ਅੱਗ ਵਾਂਙੂ ਤੁਹਾਡਾ ਮਾਸ ਖਾ ਜਾਵੇਗਾ। ਤੁਸਾਂ ਅੰਤ ਦਿਆਂ ਦਿਨਾਂ ਵਿਚ ਧਨ ਜੋੜਿਆ ਹੈ। ਵੇਖੋ, ਜਿੰਨਾਂ ਲਾਵਿਆਂ ਨੇ ਤੁਹਾਡੇ ਖੇਤ ਵੱਡੇ ਉਹਨਾਂ ਦੀ ਲਾਵੀ ਜਿਹੜੀ ਤੁਸਾਂ ਦਲਬੇ ਨਾਂਲ ਦੱਬ ਰੱਖੀ ਹੈ ਫਰਿਆਦਾਂ ਕਰਦੀ ਅਤੇ ਵਾਢਿਆਂ ਦੀਆਂ ਦੁਹਾਈਆਂ ਸੈਨਾਂ ਦੇ ਪ੍ਰਭੂ ਦੀ ਕੰਨੀ ਪਹੁੰਚ

ਗਈਆਂ ਹਨ। ਤੁਸਾਂ ਧਰਤੀ ਉਤੇ ਮੌਜਾਂ ਮਾਣੀਆਂ ਅਤੇ ਸੂਕਾ ਸਾਕੀ ਕੀਤੀ। ਤੁਸੀਂ ਕੋਹੇ ਜਾਣ ਦੇ ਦਿਨ ਆਪਣੇ ਹਿਰਦਿਆਂ ਨੂੰ ਪਾਲਿਆ ਹੈ! ਤੁਸਾ ਧਰਮੀ ਨੂੰ ਦੋਸ਼ੀ ਠਹਿਰਾਇਆ, ਉਹ ਨੂੰ ਵੱਢ ਸੁੱਟਿਆ। ਉਹ ਤੁਹਾਡਾ ਸਾਹਮਣਾ ਨਹੀਂ ਕਰਦਾ।" (ਯਾਕੂਬ 5:1-6)

ਏਥੇ ਖੁਦਾ ਦਾ ਵਚਨ ਧਨ ਜੋੜਨ ਵਿਰੁੱਧ (ਆਇਤ 3), ਉਚਿੱਤ ਮਜ਼ਦੂਰੀ ਨਾ ਦੇ ਕੇ ਪੈਸਾ ਬਣਾਉਣ ਵਿਰੁੱਧ (ਆਇਤ4), ਵਿਲਾਸਮਈ ਜੀਵਨ ਬਤਾਉਣ ਵਿਰੁੱਧ (ਆਇਤ5), ਅਤੇ ਨਿਰਦੋਸ਼ ਲੋਕਾਂ ਦਾ ਫਾਇਦਾ ਉਠਾਉਣਾ ਵਿਰੁੱਧ ਪੁਕਾਰਦਾ ਹੈ, ਜੋ ਵਿਰੋਧਤਾ ਕਰਨ ਵਿਚ ਅਸਰੱਥ ਹਨ।

ਇਹ ਤਰਕ ਕਰਨਾ ਵਿਅਰਥ ਹੋਵੇਗਾ ਕਿ ਇਹ ਆਇਤਾਂ ਵਿਸ਼ਵਾਸੀਆਂ ਲਈ ਹਨ ਜਾਂ ਗੈਰ-ਵਿਸ਼ਵਾਸੀਆਂ ਲਈ। ਜੇਕਰ ਜੁੱਤੀ ਪੂਰੀ ਆਵੇ ਤਾਂ ਸਾਨੂੰ ਪਾ ਲੈਣੀ ਚਾਹੀਦੀ ਹੈ!

(11) "ਤੂੰ ਜੋ ਆਖਦਾ ਹੈ ਭਈ ਮੈਂ ਧਨਵਾਨ ਹਾਂ ਅਤੇ ਮੈਂ ਮਾਯਾ ਜੋੜੀ ਹੈ ਅਤੇ ਮੈਨੂੰ ਕਾਸੇ ਦੀ ਲੋੜ ਨਹੀਂ ਅਤੇ ਨਹੀਂ ਜਾਣਦਾ ਹੈ ਜੇ ਤੂੰ ਦੁਖੀ, ਮਦੰਭਾਗੀ, ਕੰਗਾਲ, ਅੰਨਾ ਅਤੇ ਨੰਗਾ ਹੈ। ਤਾਂ ਮੈਂ ਤੈਨੂੰ ਸਲਾਹ ਦਿੰਦਾ ਹਾਂ ਭਈ ਅੱਗ ਵਿਚ ਤਾਇਆ ਹੋਇਆ ਸੋਨਾ ਮੇਰੇ ਕੋਲੋਂ ਮੁੱਲ ਲੈ ਤਾਂ ਜੋ ਤੂੰ ਧਨਵਾਨ ਹੋ ਜਾਵੇਂ ਅਤੇ ਚਿੱਟੇ ਬਸਤ੍ਰ ਲੈ ਤਾਂ ਜੋ ਤੂੰ ਆਪਣੇ ਉਦਾਲੇ ਪਾਵੇ ਅਤੇ ਤੇਰੇ ਨੰਗੇਜ ਦੀ ਲੱਜਾ ਪ੍ਰਗਟ ਨਾ ਹੋਵੇ ਅਤੇ ਆਪਣੀਆ ਅੱਖੀਆਂ ਵਿੱਚ ਪਾਉਣ ਨੂੰ ਸੁਰਮਾ ਲੈ ਭਈ ਤੂੰ ਸੁਜਾਖਾ ਹੋ ਜਾਵੇ। ਮੈਂ ਜਿੰਨਿਆਂ ਨਾਲ ਪਿਆਰ ਕਰਦਾ ਹਾਂ ਉੱਨਿਆਂ ਨੂੰ ਝਿੜਕਦਾ ਅਤੇ ਤਾੜਦਾ ਹਾਂ ਇਸ ਕਾਰਨ ਤੂੰ ਉੱਦਮੀ ਬਣ ਅਤੇ ਤੋਬਾ ਕਰ। (ਪ੍ਰਕਾਸ਼ ਦੀ ਪੋਥੀ 3:17-19)

ਕਲੀਸਿਆਵਾਂ ਲਈ ਪ੍ਰਭੂ ਦਾ ਇਹ ਅੰਤਲਾ ਸੰਦੇਸ਼ ਹੈ, ਇਹ

ਲਾਉਦਿਕੀਏ ਦੀ ਕਲੀਸਿਆ ਨੂੰ ਉਸਦੇ ਸਖ਼ਤ ਸ਼ਬਦ ਹਨ। ਉਨ੍ਹਾਂ ਦੀ ਵਿਆਖਿਆ ਕਰਨ ਦੀ ਕੋਈ ਲੋੜੀ ਨਹੀਂ ਹੈ। ਸਾਨੂੰ ਪਤਾ ਹੈ ਇਹਨਾ ਦਾ ਕੀ ਅਰਥ ਹੈ। ਅਤੇ ਸਾਨੂੰ ਗਿਆਨ ਹੈ ਕਿ ਉਹ ਸਾਡੇ ਤੇ ਵਿਸ਼ੇਸਕਰ ਲਾਗੂ ਹੁੰਦੇ ਹਨ। ਉਨ੍ਹਾਂ ਦੀ ਸਿਰਫ਼ ਪਾਲਣਾ ਕਰਨੀ ਚਾਹੀਦੀ ਹੈ।

# ਸੁਸਤ ਨੂੰ ਚਿਤਾਵਨੀ

ਇਹ ਹਮੇਸ਼ਾ ਇਕ ਖਤਰਾ ਬਣਿਆ ਰਹਿੰਦਾ ਹੈ ਕਿ ਇਸ ਤਰ੍ਹਾਂ ਦਾ ਪੱਤਰ ਸੁਸਤੀ ਲਈ ਇਕ ਬਹਾਨੇ ਵਾਂਗਰ ਨਾ ਵਰਤਿਆ ਜਾਵੇ। ਜਿਸਨੇ ਕੰਮ ਤੋਂ ਮੁੱਖ ਮੋੜਨ ਦਾ ਫੈਸਲਾ ਕੀਤਾ ਹੈ ਉਹ ਇਸਨੂੰ ਪੜ੍ਹੇਗਾ ਅਤੇ ਕਹਿਗਾ," ਮੈਂ ਹਮੇਸ਼ਾ ਇਸੇ ਤਰ੍ਹਾਂ ਵਿਸ਼ਵਾਸ ਕੀਤਾ ਹੈ। "

ਠੀਕ ਹੈ, ਇਹ ਸੰਦੇਸ਼ ਢਿਲੱੜ ਲਈ ਨਹੀ ਹੈ ਜਾਂ ਉਨ੍ਹਾਂ ਲਈ ਜੋ ਇਹ ਮਹਿਸੂਸ ਕਰਦੇ ਹਨ ਕਿ ਸੰਸਾਰ (ਜਾਂ ਚਰਚ) ਉਨ੍ਹੇ ਦੇ ਜਿੰਦਾ ਰਹਿਣ ਦਾ ਪ੍ਰਬੰਧ ਕਰਨ ਬਧ ਹੈ। ਇਨ੍ਹਾਂ ਲੋਕਾ ਲਈ ਪ੍ਰਮੇਸ਼ੁਵਰ ਦਾ ਇਕ ਹੋਰ ਸੁਨੇਹਾ ਹੈ: "ਬਿਸਤ੍ਰ ਤੋਂ ਉੱਠ ਜਾ ਅਤੇ ਕੰਮ ਕਰਨ ਲਈ ਜਾ" (ਦੇਖੋ ਥਸੱਲੁਨੀਕੀਆਂ 3:-12)।

ਇਹ ਸੰਦੇਸ਼ ਗੰਭੀਰ, ਉਦਯੋਗੀ, ਸਖ਼ਤ ਮੇਹਨਤੀਆਂ ਲਈ ਹੈ। ਜੋ ਆਪਣੇ ਪਰਿਵਾਰ ਦੀਆਂ ਵਰਤਮਾਨ ਜ਼ਰੂਰਤਾਂ ਦਾ ਬੜੀ ਮੇਹਨਤ ਨਾਲ ਪ੍ਰਬੰਧ ਕਰਦੇ ਹਨ, ਅਤੇ ਪ੍ਰੱਭੂ ਯਿਸੂ ਦੇ ਹਿੱਤਾਂ ਨੂੰ ਸਭ ਤੋਂ ਪਹਿਲਾਂ ਸਥਾਨ ਦਿੰਦੇ ਹਨ, ਭਵਿੱਖ ਲਈ ਪ੍ਰਮੇਸ਼ੁਵਰ ਉਤੇ ਭਰੋਸਾ ਕਰ ਸਕਦੇ ਹਨ।

# ਦੋਸ਼ ਲਗਾਉਣ ਵਿਰੁੱਧ ਚਿਤਾਵਨੀ

ਇਕ ਹੋਰ ਖ਼ਤਰੇ ਤੋਂ ਬਚਣਾ ਹੈ। ਇਹ ਦੂਸਰਿਆਂ ਲੋਕਾਂ ਤੇ ਉਨ੍ਹਾਂ ਦੀਆਂ ਭੌਤਿਕ ਸੰਪੱਤੀ ਕਾਰਨ ਦੋਸ਼ ਲਗਾਉਣ ਦਾ ਖ਼ਤਰਾ। ਸਾਨੂੰ ਦੂਸਰਿਆਂ ਤੇ ਦੋਸ਼ ਨਹੀਂ ਲਾਉਣਾ ਚਾਹੀਦਾ, ਜਾਂ ਉਨ੍ਹਾਂ ਦੇ ਪ੍ਰੱਭੂ ਪ੍ਰਤੀ ਸਮਰੱਪਣ ਤੇ ਪ੍ਰਸ਼ਨ ਨਹੀਂ ਕਰਨਾ ਚਾਹੀਦਾ ਹੈ।

ਧਨ ਦੇ ਵਿਸ਼ੇ ਤੇ ਪ੍ਰਮੇਸ਼ੁਵਰ ਦੇ ਵਚਨ ਦੇ ਸਿਧਾਤਾਂ ਦੀ ਘੋਸ਼ਨਾ ਕਰਨਾ ਇਕ ਗੱਲ ਹੈ। ਅਤੇ ਕਿਸੇ ਮਸੀਹੀ ਘਰ ਵਿਚ ਜਾ ਕੇ, ਉਨ੍ਹਾਂ ਦੀਆਂ ਵਸਤੂਆਂ ਤੇ ਉਂਗਲ ਉਠਾਉਣ ਵੱਖਰੀ ਗੱਲ ਹੈ।

ਅਸੀਂ ਸਾਰੇ ਜੋ ਪ੍ਰਮੇਸ਼ੁਵਰ ਆਖਦਾ ਹੈ ਉਸਨੂੰ ਸੁਣਨ ਅਤੇ ਫਿਰ ਆਪਣੇ

ਜੀਵਨ ਤੇ ਲਾਗੂ ਕਰਨ ਵਿਚ ਜਿੰਮੇਵਾਰ ਹਾਂ। ਵੱਡੇ ਪਰਿਵਾਰ ਦੀਆਂ ਵਰਤਮਾਨ ਜ਼ਰੂਰਤਾ ਇਕੱਲੇ ਵਿਅਕਤੀ ਨਾਲੋਂ ਜ਼ਿਆਦਾ ਹੋਣਗੀਆਂ।

ਅਸੀਂ ਕਿਸੇ ਦੂਸਰੇ ਨੂੰ ਇਹ ਨਹੀਂ ਕਹਿ ਸਕਦੇ ਕਿ ਉਸ ਲਈ ਪ੍ਰਮੇਸ਼ੁਵਰ ਦੇ ਹੁਕਮਾਂ ਦੀ ਪਾਲਨਾ ਕਰਨ ਦਾ ਕੀ ਮਤਲਬ ਹੈ, ਮੁਖਤਿਆਰ ਹੋਣ ਦੇ ਨਾਤੇ, ਸਾਨੂੰ ਸਾਰਿਆਂ ਨੂੰ ਆਪਣਾ-ਆਪਣਾ ਲੇਖਾ ਦੇਣਾ ਪੈਣਾ ਹੈ, ਦੂਸਰਿਆਂ ਦਾ ਨਹੀਂ।

# ਨਿਚੋੜ

ਖ਼ੁਦਾ ਦੇ ਕਲਾਮ ਤੋਂ ਇਹ ਸ਼ਪਸ਼ੱਟ ਹੈ ਕਿ ਵਿਸ਼ਵਾਸੀਗਣਾਂ ਨੂੰ ਭੋਜਨ, ਬਸਤ੍ਰ ਅਤੇ ਘਰ ਵਿਚ ਸੰਤੁਸ਼ਟ ਰਹਿਣਾ ਚਾਹੀਦਾ ਹੈ; ਉਹਨਾਂ ਨੂੰ ਸਖ਼ਤ ਮਿਹਨਤ ਕਰਕੇ ਆਪਣੇ ਪਰਿਵਾਰ ਦੀਆਂ ਮੌਜੂਦਾ ਲੋੜਾਂ ਦਾ ਪ੍ਰਬੰਧ ਕਰਨਾ ਹੈ; ਅਤੇ ਬਾਕੀ ਸਾਰੇ ਬਕਾਏ ਨੂੰ ਖ਼ੁਦਾ ਦੇ ਕੰਮ ਵਿਚ ਲਗਾਉਣਾ ਚਾਹੀਦਾ ਹੈ। ਉਨ੍ਹਾਂ ਨੂੰ ਆਪਣੇ ਭਵਿੱਖ ਦੀ ਸੁਰੱਖਿਅਤਾ ਦਾ ਪ੍ਰਬੰਧ ਕਰਨ ਦੀ ਕੋਸ਼ਿਸ ਨਹੀਂ ਕਰਨੀ ਚਾਹੀਦੀ, ਲੇਕਿਨ ਇਸ ਵਾਸਤੇ ਉਨ੍ਹਾਂ ਨੂੰ ਪ੍ਰਭੂ ਤੇ ਭਰੋਸਾ ਕਰਨਾ ਚਾਹੀਦਾ ਹੈ। ਉਨ੍ਹਾਂ ਦੇ ਜੀਵਨ ਦਾ ਮੁੱਖ ਲਕਸ਼ ਪ੍ਰਭੂ ਯਿਸੂ ਮਸੀਹ ਦੀ ਸੇਵਾ ਕਰਨਾ ਹੈ ਅਤੇ ਬਾਕੀ ਸਭ ਗੱਲਾਂ ਮਹੱਤਵਹੀਣ ਹਨ।

ਇਸ ਤਰ੍ਹਾਂ ਦਾ ਜੀਵਨ ਇੰਜੀਲਾ ਵਿਚ ਸਖਾਇਆ ਗਿਆ, ਰਸੂਲਾਂ ਦੇ ਕਰਤੱਬ ਵਿਚ ਲਾਗੂ ਕੀਤਾ ਗਿਆ ਅਤੇ ਪੱਤ੍ਰੀਆਂ ਵਿਚ ਵਿਆਖਿਆ ਗਿਆ ਹੈ।

ਪ੍ਰੰਤੂ ਪ੍ਰਸ਼ਨ ਉਠੱਦਾ ਹੈ, "ਮੈਂ ਇਸਨੂੰ ਕਿਸ ਤਰ੍ਹਾਂ ਆਪਣੇ ਜੀਵਨ ਵਿਚ

ਲਾਗੂ ਕਰ ਸਕਦਾ ਹਾਂ?" ਮੈਂ ਕੀ ਕਰਾਂ?

(1) ਪਹਿਲੀ ਗੱਲ ਆਪਣੇ-ਆਪਨੂੰ ਪ੍ਰਭੂ ਦੇ ਹੱਥਾਂ ਵਿਚ ਦੇ ਦਿਓ (2ਕੁਰਿੰਥੀਆਂ 8:5)। ਜਦ ਉਹ ਸਾਨੂੰ ਲੈਂ ਲੈਂਦਾ ਹੈ, ਇਹ ਨਿਸ਼ਚਿਤ ਹੈ ਕਿ ਉਸਨੇ ਸਾਡੀ ਜਾਇਦਾਦ ਵੀ ਲੈ ਲਈ ਹੈ।

(2) ਫਿਰ ਜਦ ਪ੍ਰਭੂ ਸਾਡੇ ਜੀਵਨ ਦੇ ਕਈ ਭਾਗਾਂ ਤੇ ਉਂਗਲ ਉਠਾਂਉਂਦਾ ਹੈ ਤਾਂ ਸਾਨੂੰ ਤੁਰੰਤ ਪ੍ਰਤੀ ਉੱਤਰ ਦੇਣਾ ਹੈ। ਸ਼ਾਇਦ ਉਹ ਸਾਡੇ ਮਨਾਂ ਵਿਚ ਮਹਿੰਗੇ ਹੋਟਲਾਂ ਵਿਚ ਖਾਣ ਬਾਰੇ ਪਰੇਸ਼ਾਨੀ ਪੈਦਾ ਕਰ ਦਵੇ? ਜਾਂ ਮਹਿੰਗੀ ਖੇਡ ਸਮਗੱਰੀ ਖ੍ਰੀਦਣ ਦੇ ਬਾਰੇ? ਜਦ ਅਸੀਂ ਨਵੇਂ ਮਾਡਲ ਅਤੇ ਮਹਿੰਗੇ ਭਾਅ ਦੀ ਕਾਰ ਦੇਖਦੇ ਹਾਂ ਉਹ ਸਾਨੂੰ ਸਾਦੀ ਕਾਰ ਖ੍ਰੀਦਣ ਬਾਰੇ ਸੰਭਾਵਨਾ ਦਿਖਾਉਂਦਾ ਹੈ ਅਤੇ ਚਾਹੁੰਦਾ ਹੈ ਕਿ ਬਚਿਆ ਹੋਇਆ ਧਨ-ਇੰਜੀਲ ਦੀ ਮਨਾਦੀ ਵਿਚ ਪ੍ਰਯੋਗ ਕੀਤਾ ਜਾਵੇ । ਸ਼ਾਇਦ ਉਹ ਬਹੁਤਿਆਂ ਨੂੰ ਪ੍ਰਮੇਸ਼ੁਵਰ ਦੀ ਧਾਰਮਿਕਤਾ ਦੇ ਬਸਤ੍ਰ ਪਹਿਨਾਉਣ ਲਈ ਆਪਣੇ ਪਹਿਰਾਵੇ ਵਿਚ ਪਰਿਵਰਤਨ ਲਿਆਣ ਬਾਰੇ ਆਖੇ । ਇਕ ਘੱਟ ਮੰਗਾਂ ਵਾਲੀ ਨੌਕਰੀ ਦਰਸਾਵੇ। ਅਸੀਂ ਸ਼ਾਇਦ ਮਹਿੰਗੇ ਮੋਹ ਛੱਡਕੇ ਘੱਟ-ਦਿਖਾਵੀ ਘਰਾਂ ਵਿਚ ਜਾ ਵੱਸੀਏ।

ਜਦ ਪ੍ਰਮੇਸ਼ੁਵਰ ਇਸ ਬਾਰੇ ਸਾਡੇ ਨਾਲ ਗੱਲ-ਬਾਤ ਕਰਨਾ ਸ਼ੁਰੂ ਕਰ ਦਵੇ, ਅਸੀਂ ਜਾਣ ਜਾਵਾਂਗੇ। ਇਹ ਸ਼ਪੱਸ਼ਟ ਹੋ ਜਾਵੇਗਾ ਕਿ ਇਸ ਤੋਂ ਇਨਕਾਰ ਕਰਨਾ ਅੱਣਆਗਿਆਕਾਰੀਤਾ ਹੋਵੇਗੀ।

(3) ਤੀਸਰੀ ਗੱਲ ਇਹ ਹੈ: "ਜੋ ਕੁੱਝ ਉਹ ਸਾਨੂੰ ਕਹੇ ਸੋ ਕਰੋ (ਯਹੂੰਨਾ 2:5)। ਸ਼ਾਇਦ ਮਿੱਤਰ ਤੁਹਾਨੂੰ ਗੱਲਤ ਸਮਝਣ। ਭਾਵੇਂ ਰਿਸ਼ਤੇਦਾਰ ਡਾਂਟਣ। ਭਿੰਨ-ਭਿੰਨ ਪ੍ਰਕਾਰ ਦੀਆਂ ਪ੍ਰਤੀਕਿਰਿਆਵਾਂ ਹੋਣਗੀਆਂ। ਕੇਵਲ ਯਿਸੂ ਦਾ ਪਿੱਛਾ ਕਰੋ, ਅਤੇ ਨਤੀਜੇ ਉਸ ਉਤੇ ਛੱਡ ਦਿਓ।

(4) ਵਰਤਮਾਨ ਲੋੜਾਂ ਤੋਂ ਉੱਪਰ ਸਭ ਕੁੱਝ ਪ੍ਰਮੇਸ਼ੁਵਰ ਦੇ ਕੰਮ ਵਿਚ ਲਗਾ ਦਿਓ। ਉਸਨੂੰ ਪੁਛੋ ਕਿ ਉਹ ਤੁਹਾਨੂੰ ਦਖਾਵੇ ਕਿ ਤੁਸੀਂ ਕਿਥੇ ਜਾਣਾ ਹੈ। ਉਹ ਅਵੱਸ਼ ਦਿਖਾਵੇਗਾ।

ਪ੍ਰੱਭੂ ਕਰੇ ਕਿ ਸਾਨੂੰ ਆਪਣੇ ਜੀਵਨ ਵਿਚ ਅਤੇ ਇਸ ਪੀੜੀ ਵਿਚ ਇਸ ਤਰ੍ਹਾਂ ਦਾ ਮਸੀਹੀ ਸਮਰਪੱਣ ਦੇਖਣ ਨੂੰ ਮਿਲੇ । ਜਿਵੇਂ ਜੌਨ ਵੈਸਲੀ ਨੇ ਇਕ ਵਾਰ ਪ੍ਰਾਥਨਾ ਕੀਤੀ:

ਕਾਸ਼ ਕਿ ਪ੍ਰਮਾਤਮਾ ਮੈਨੂੰ ਉਹ ਚੀਜ਼ ਦਵੇਂ ਜਿਸਦੀ ਮੈਂ ਤਾਂਘ ਕਰ ਰਹਾ ਹਾਂ ! ਤਾਂਕਿ ਇਸ ਤੋਂ ਪਹਿਲੋਂ ਮੈਂ ਏਥੋਂ ਜਾਵਾਂ ਅਤੇ ਦੁਬਾਰਾ ਦੇਖਿਆ ਨਾ ਜਾਵਾਂ, ਮੈਂ ਉਨ੍ਹਾਂ ਲੋਕਾਂ ਨੂੰ ਦੇਖਣਾ ਚਾਹੁੰਦਾ ਹਾਂ ਜੋ ਪੂਰੀ ਤਰ੍ਹਾਂ ਪ੍ਰਮੇਸ਼ੁਰ ਪ੍ਰਤੀ ਸਮਰਪਣ ਹੋਣ, ਜੋ ਸੰਸਾਰ ਲਈ ਸਲੀਬ ਤੇ ਚੜ੍ਹਾਏ ਜਾਣ ਅਤੇ ਸੰਸਾਰ ਉਨ੍ਹਾਂ ਲਈ ਸਲੀਬੀ ਚਾੜ੍ਹਿਆ ਹੋਵੇ। ਉਹ ਲੋਕ ਜਿੰਨਾ ਸਚਮੁੱਚ ਪ੍ਰਮੇਸ਼ੁਵਰ ਲਈ, ਸਰੀਰ, ਜਾਨ ਅਤੇ ਸੰਪੱਤੀ ਅਰਪਣ ਕਰ ਦਿੱਤੀ। ਫਿਰ ਮੁਸਕਰਾਹਟ ਨਾਲ ਮੈਂ ਆਖਾਗਾਂ,"ਹੁਣ ਤੂੰ ਆਪਣੇ ਦਾਸ ਨੂੰ ਸ਼ਾਂਤੀ ਨਾਲ ਕੂਚ ਕਰਨ ਦੇ।"

# ਪ੍ਰੱਭੂ, ਮੈਨੂੰ ਤੋੜ!

"ਟੁੱਟਿਆ ਹੋਇਆ ਮਨ ਜੋ ਪਿਤਾ ਦੇ ਹੱਥ ਨੂੰ ਨਹੀਂ ਰੋਕਦਾ, ਉਹ ਉਸ ਆਤਮਾ ਵਿੱਚ ਉਪਜਾਉਪਣ ਲਿਆਉਣ ਵਾਲਾ ਮੂਲ ਤੱਤ ਹੈ ਜਿਸ ਦੁਆਰਾ ਉਹ ਕੰਮ ਕਰਦਾ ਹੈ। ਉਹ ਸਾਡੇ ਵਿੱਚ ਸਮਰੱਥ ਨਹੀਂ ਦੇਖਦਾ, ਪ੍ਰੰਤੂ ਸਾਡੇ ਵਿਚ ਨਿਰਬਲਤਾ ਲਭੱਦਾ ਹੈ; ਪ੍ਰਤੀਰੋਧ ਕਰਨ ਵਾਲੀ ਸ਼ਕਤੀ ਨਹੀਂ ਦੇਖਣਾ ਚਾਹੁੰਦਾ, ਪਰ 'ਸਮਰਪਣ' ਚਾਹੁੰਦਾ ਹੈ। ਸਾਰੀ ਸਮਰੱਥ ਉਸਦੀ ਹੈ : ਉਸਦੀ ਸਮਰੱਥ ਕਮਜ਼ੋਰੀ ਵਿਚ ਪੂਰੀ ਹੁੰਦੀ ਹੈ।" – ਸੰਕਲਿਤ

# ਭੂਮਿਕਾ

ਐਨਡਰੂ ਮੂਰੇ ਨੇ 'ਅਬਾਈਡ ਇਨ ਕ੍ਰਾਈਸਟ' ਪੁਸਤਕ ਲਿਖਣ ਤੋਂ ਤੀਹ ਸਾਲ ਬਾਅਦ ਇੰਞ ਕਿਹਾ:

ਮੈਂ ਚਾਹੁੰਦਾ ਹਾਂ ਕਿ ਇਹ ਗੱਲ ਜਾਣ ਲਵੋ ਕਿ ਇਕ ਸੇਵਕ ਜਾਂ ਮਸੀਹੀ ਲੇਖਕ ਅਕਸਰ ਜਿੰਨਾ ਉਸਨੇ ਅਨੁਭਵ ਨਹੀਂ ਕੀਤਾ ਉਸ ਨਾਲੋਂ ਜ਼ਿਆਦਾ ਹੀ ਕਹਿਣ ਲਈ ਪ੍ਰਰਿਤ ਹੁੰਦਾ ਹੈ। ਮੈਂ ਉਸ ਵਕਤ (ਜਦ ਉਸਨੇ 'ਅਬਾਈਡ ਇਨ ਕ੍ਰਾਈਸਟ' ਲਿਖੀ) ਜੋ ਸਭ ਲਿਖਿਆ ਸੀ ਅਨੁਭਵ ਨਹੀ ਕੀਤਾ ਸੀ। ਮੈਂ ਇਹ ਨਹੀਂ ਕਹਿ ਸਕਦਾ ਹੁਣ ਮੈਂ ਉਨ੍ਹਾਂ ਤਮਾਮ ਗੱਲਾਂ ਨੂੰ ਅਨੁਭਵ ਕਰ ਚੁਕਾ ਹਾਂ।

ਕੀ ਇਸੇ ਗੱਲ ਨੂੰ ਰਸੂਲ ਪੌਲੂਸ ਨੇ ਨਹੀਂ ਲਿਖਿਆ:

ਇਹ ਨਹੀਂ ਜੋ ਮੈਨੂੰ ਅਜੇ ਲਭ ਪਿਆ ਅਥਵਾ ਮੈਂ ਅਜੇ ਸਿੱਧ ਹੋ ਗਿਆ ਪਰ ਮੈਂ ਪਿਛੇ ਲੱਗਿਆ ਜਾਂਦਾ ਹਾਂ ਭਈ ਮੈਂ ਕਿਵੇਂ ਉਸ ਗੱਲ ਨੂੰ ਹੱਥ ਪਾ ਲਵਾਂ ਜਿਹ ਦੇ ਲਈ ਮਸੀਹ ਯਿਸੂ ਨੇ ਮੈਨੂੰ ਵੀ ਹੱਥ ਪਾਇਆ ਸੀ (ਫਿਲਿੱਪੀਆਂ 3:12)।

ਏਸੇ ਜ਼ਜਬੇ ਨਾਲ ਮੈਂ ਹੇਠ ਲਿਖਿਆ ਲੇਖ ਸਾਂਝਾ ਕਰਦਾ ਹਾਂ, ਪ੍ਰੱਭੂ, ਮੈਨੂੰ ਤੋੜ ! ਇਸਨੂੰ ਲਿਖਣ ਲਈ ਮੈਨੂੰ ਪ੍ਰੱਭੂ ਨੇ ਬੋਝ ਦਿਤਾ ਹੈ। ਸਚਾਈ ਅੱਤ

ਪ੍ਰਭਾਵਸ਼ਾਲੀ ਅਤੇ ਅੱਤ ਲਾਜ਼ਮੀ ਹੈ ਕਿ ਇਸਨੂੰ ਇਸ ਲਈ ਨਹੀਂ ਰੋਕਿਆ ਜਾ ਸਕਦਾ ਕਿ ਮੈਂ ਇਸ ਦਾ ਪੂਰੀ ਤਰ੍ਹਾਂ ਤਜ਼ੁਰਬਾ ਨਹੀਂ ਕਰ ਕੀਤਾ। ਮੈ ਕਿਸੇ ਵੀ ਹੱਦ ਤੱਕ ਅਸਫ਼ਲ ਹੋਇਆ ਹੋਵਾ, ਪਰ ਜੋ ਗੱਲਾ ਮੈਂ ਲਿਖ ਚੁਕਾਂ ਹਾਂ ਉਨ੍ਹਾਂ ਨੂੰ ਮੈਂ ਆਪਣੇ ਹਿਰਦੇ ਦੀ ਤਾਂਘ ਬਣਾਉਦਾ ਹਾਂ।

ਵਿਲੀਯਮ ਮੈਕਡੋਨਾਲਡ

# ਪ੍ਰਮੇਸ਼ੁਵਰ ਟੁੱਟੀਆਂ ਹੋਈਆਂ ਚੀਜ਼ਾਂ ਨੂੰ ਮੁੱਲਵਾਨ ਜਾਣਦਾ

ਆਮ ਕਰਕੇ ਜਦ ਕੋਈ ਚੀਜ਼ ਟੁੱਟ ਜਾਦੀ ਹੈ ਇਸਦੀ ਕੀਮਤ ਘੱਟ ਹੋ ਜਾਂਦੀ ਹੈ ਜਾਂ ਬਿਲਕੁੱਲ ਖ਼ਤਮ ਹੋ ਜਾਂਦੀ ਹੈ। ਸਧਾਰਨ ਤੌਰ ਤੇ ਟੁੱਟੀਆਂ ਪਲੇਟਾਂ, ਬੋਤਲਾਂ, ਸ਼ੀਸ਼ੇ ਸੁੱਟ ਦਿੱਤੇ ਜਾਂਦੇ ਹਨ। ਏਥੋ, ਤੱਕ ਕੀ ਜੇ ਫਰਨੀਚਰ ਤੇ ਕੋਈ ਖ਼ਰੋਚ ਜਾਂ ਕਪੱੜੇ ਤੇ ਕੋਈ ਝਰੀਟ ਆ ਜਾਵੇ ਤਾਂ ਇਸਨੂੰ ਦੁਬਾਰਾ ਵੇਚਣ ਦੀ ਕੀਮਤ ਘੱਟ ਹੋ ਜਾਂਦੀ ਹੈ ।.

ਲੇਕਿਨ ਆਤਮਿਕ ਖੇਤਰ ਵਿਚ ਇਸ ਤਰ੍ਹਾਂ ਨਹੀਂ ਹੈ। ਪ੍ਰਮੇਸ਼ੁਵਰ ਟੁੱਟੀਆਂ ਚੀਜ਼ਾ ਦੀ ਕਦਰ ਕਰਦਾ ਹੈ-ਖਾਸਕਰ ਟੁੱਟੇ ਲੋਕਾਂ ਦੀ। ਇਸੇ ਲਈ ਅਸੀਂ ਇਸ ਤਰ੍ਹਾਂ ਦੇ ਹਵਾਲੇ ਪੜਦੇ ਹਾਂ ਜਿਵੇ:

ਯਹੋਵਾਹ ਟੁੱਟੇ ਦਿਲ ਵਾਲਿਆਂ ਦੇ ਨੇੜੇ ਹੈ,
ਅਤੇ ਕੁਚਲਿਆਂ ਆਤਮਾਂ ਵਾਲਿਆਂ ਨੂੰ ਬਚਾਉਂਦਾ ਹੈ।

(ਜ਼ਬੂਰ 34:18)

ਪਰਮੇਸ਼ੁਵਰ ਦਾ ਬਲੀਦਾਨ ਟੁੱਟਾ ਹੋਇਆ ਆਤਮਾ ਹੈ, ਤੇ ਪ੍ਰਮੇਸ਼ੁਵਰ ਟੁਟੇ ਅਤੇ ਆਜਿਜ਼ ਦਿਲ ਨੂੰ ਤੁੱਛ ਨਾ ਜਾਣੇਗਾ। (ਜ਼ਬੂਰ 51:17)

ਪ੍ਰਮੇਸ਼ੁਵਰ ਘਮੰਡੀ ਅਤੇ ਹੰਕਾਰੀ ਦਾ ਸਾਹਮਣਾ ਕਰਨਾ ਜਾਣਦਾ ਹੈ ਲੇਕਿਨ ਉਹ ਹਲੀਮ ਅਤੇ ਆਜਿਜ਼ ਦਾ ਸਾਹਮਣਾ ਨਹੀ ਕਰ ਸਕਦਾ।

ਪ੍ਰਮੇਸ਼ੁਵਰ ਘਮੰਡੀ ਦਾ ਵਿਰੋਧ ਕਰਦਾ ਹੈ, ਪਰ ਹਲੀਮ ਉਤੇ ਕ੍ਰਿਪਾ ਕਰਦਾ ਹੈ (ਯਾਕੂਬ 4:6)। ਸਾਡੇ ਟੁੱਟੇਪਣ ਵਿਚ ਕੁੱਝ ਹੈ ਜੋ ਉਸਦੇ ਤਰਸ ਅਤੇ ਸ਼ਕਤੀ ਨੂੰ ਅਪੀਲ ਕਰਦਾ ਹੈ।

ਇਸ ਲਈ ਸਾਡੇ ਜੀਵਨ ਲਈ ਉਸਦਾ ਅਦੱਭੁਦ ਉਦੇਸ਼ ਇਹ ਹੈ ਕਿ ਅਸੀਂ ਦਿੱਲ, ਮਨ ਅਤੇ ਸਰੀਰ਼ ਵਿਚ ਟੁੱਟੇ ਹੋਏ ਉਸ ਅੱਗੇ ਆਈਏ (2ਕੁਰਿੰਥੀਆਂ 4:6-18)।

# ਪਰਿਵਰਤਨ :
# ਟੁੱਟੇ ਹੋਏ ਹਿਰਦੇ ਦਾ ਇਕ ਪਹਿਲੂ

ਸਾਡੇ ਜੀਵਣ ਵਿੱਚ ਪਰਿਵਰਤਨ ਆਉਣ ਤੋਂ ਪਹਿਲਾਂ ਜਦ ਪਵਿੱਤਰ ਆਤਮਾ ਸਾਨੂੰ ਸਾਡੇ ਪਾਪਾਂ ਤੋਂ ਜਾਣੂ ਕਰਾਉਣ ਲੱਗ ਜਾਂਦਾ ਹੈ, ਉਸ ਸਮੇਂ ਅਸੀਂ ਇਸ ਟੁੱਟਣ ਦੀ ਪ੍ਰਕਿਰਿਆਂ ਵਿੱਚੋਂ ਹੋ ਕੇ ਗੁਜ਼ਰਦੇ ਹਾਂ। ਉਹ ਸਾਨੂੰ ਉਸ ਜਗ੍ਹਾਂ ਤੇ ਲਿਆਉਣਾ ਚਾਹੁੰਦਾ ਹੈ ਜਿਥੇ ਅਸੀਂ ਇਹ ਕਬੂਲ ਕਰਨ ਲਈ ਤਿਆਰ ਹੋਈਏ ਕਿ ਅਸੀ ਭੁਲੇ ਫਿਰਦੇ, ਨਾਲਾਇਕ, ਕੇਵਲ ਨਰਕ ਦੇ ਯੋਗ ਹਾਂ। ਅਸੀਂ ਹਰੇਕ ਕਦਮ ਲਈ ਸੰਘਰਸ਼ ਕਰਦੇ ਹਾਂ। ਪ੍ਰੰਤੂ ਉਹ ਲਗਾਤਾਰ ਸਾਡੇ ਨਾਲ ਯੁੱਧ ਕਰਦਾ ਰਹਿੰਦਾ ਹੈ। ਜਦ ਤੱਕ ਸਾਡਾ ਘਮੰਡ ਟੁੱਟ ਨਾ ਜਾਵੇ, ਸਾਡੀ ਸ਼ੇਖੀ ਖ਼ਤਮ ਨਾ ਹੋ ਜਾਵੇ ਅਤੇ ਸਾਰੀ ਵਿਰੋਧਤਾ ਨਾ ਚਲੀ ਜਾਵੇ ਉਹ ਸਾਡਾ ਟਾਕਰਾ ਕਰਦਾ ਹੈ । ਆਖਿਰ ਵਿਚ, ਸਲੀਬ ਦੇ ਕਦਮਾਂ ਵਿਚ ਪਏ ਅਸੀਂ ਇਹ ਫੁਸਫਸਾਉਂਦੇ ਹਾਂ, "ਪ੍ਰੱਭੂ ਯਿਸੂ, ਮੈਨੂੰ ਬਚਾ ਲੈ!" ਸਾਡੀ ਚਲਾਕੀ ਉੱਤੇ ਕਾਬੂ ਪਾ ਲਿਆ ਗਿਆ ਹੈ, ਪਾਪੀ ਵਿਅਕਤੀ ਉੱਤੇ ਪ੍ਰੱਭੁਤਾ ਕਰ ਲਈ ਗਈ ਹੈ। ਘੋੜੇ ਨੂੰ ਲਗਾਮ ਪਾ ਲਈ ਹੈ।

ਸੁਭਾਅ ਤੋਂ ਵਛੇਰਾਂ ਇਕ ਜੰਗਲੀ, ਬੇਹਦਾਇਤਾ ਪ੍ਰਾਣੀ ਹੈ। ਜਦ ਅਸੀਂ

ਇਸਨੂੰ ਇਕ ਲਗਾਮ ਜਾਂ ਪਲਾਨਾ ਪਾਉਣ ਦੀ ਕੋਸ਼ਿਸ ਕਰਦੇ ਹਾਂ, ਇਹ ਖਿਚੇਗਾ, ਭੱਜੇਗਾ, ਉਛਾਲੇਗਾ ਅਤੇ ਠੁੱਡ ਮਾਰੇਗਾ। ਇਹ ਸ਼ਾਇਦ ਸੁੰਦਰ, ਚੰਗਾ ਜਾਨਵਰ ਹੋਵੇ, ਪਰ ਜਦ ਤੱਕ ਇਸਨੂੰ ਕਾਬੂ ਵਿੱਚ ਨਾ ਕੀਤਾ ਜਾਵੇ ਇਹ ਕਿਸੇ ਕੰਮ ਦੇ ਯੋਗ ਨਹੀ। ਲੇਕਿਨ ਫਿਰ ਆਉਂਦੀ ਹੈ ਲੰਬੀ ਦਰਦਭਰੀ ਵਛੇਰੇ ਨੂੰ ਲਗਾਮ ਪਾਉਣ ਦੀ ਪ੍ਰਕਿਰਿਆ ਤਾਂ ਕਿ ਉਹ ਆਪਣੇ ਆਪਨੂੰ ਤਾਂਘੇ (ਸਾਜ਼) ਦੇ ਅਧੀਨ ਕਰ ਦਵੇ। ਜਦ ਵਛੇਰੇ ਦੀ ਇੱਛਿਆ ਨੂੰ ਕਾਬੂ ਕਰ ਲਿਆ ਜਾਂਦਾ ਹੈ, ਤਾਂ ਜਾਨਵਰ ਆਪਣੀ ਹੋਂਦ ਦਾ ਅਸਲ ਮਤਲਬ ਸਮਝ ਜਾਂਦਾ ਹੈ।

ਇਸੇ ਸਬੰਧ ਵਿਚ, ਸਾਡੇ ਲਈ ਇਹ ਯਾਦ ਕਰਨਾ ਚੰਗਾ ਹੋਵੇਗਾ ਕਿ ਪ੍ਰੱਭੂ ਯਿਸੂ ਨਾਜਰਥ ਵਿਚ ਇਕ ਤਰਖਾਨ ਸਨ, ਅਤੇ ਇਸੇ ਤਰ੍ਹਾਂ ਉਸਨੇ ਲਕੱੜ ਦੇ ਜੂਲੇ ਬਣਾਏ ਹੋਣਗੇ। ਕਿਸੇ ਨੇ ਬੜਾ ਸੋਹਣਾ ਸੁਝਾਓ ਦਿਤਾ ਕਿ ਜੇ ਉਸਦੀ ਦੁਕਾਨ ਦੇ ਦਰਵਾਜੇ ਉਤੇ ਕੋਈ ਚਿੰਨ੍ਹ ਹੁੰਦਾ, ਤਾਂ ਇਹ ਸ਼ਾਇਦ ਇਸ ਪ੍ਰਕਾਰ ਹੁੰਦਾ, "ਮੇਰਾ ਜੂਲ੍ਹਾ ਸਹਿਜ ਹੈ"। ਪ੍ਰੂਭੂ ਸਾਡੇ ਲਈ ਸਦਾ ਇਹ ਹੈ ਕਿ ਸਾਡਾ ਪ੍ਰੱਭੂ ਅਜੇ ਵੀ ਜੂਲੇ ਬਣਾਉਂਦਾ ਹੈ। ਉਹ ਆਖਦਾ ਹੈ,

ਮੇਰੇ ਜੂਲ੍ਹਾ ਆਪਣੇ ਉੱਤੇ ਲੈ ਲਵੋ ਅਤੇ ਮੈਥੋ ਸਿੱਖੋ ਕਿਉਂ ਜੋ ਮੈਂ ਕੋਮਲ ਅਤੇ ਮਨ ਦਾ ਗਰੀਬ ਤਾਂ ਅਤੇ ਤੁਸੀਂ ਆਪਣਿਆਂ ਜੀਆਂ ਵਿੱਚ ਅਰਾਮ ਪਾਓਂਗੇ। ਕਿਉਂ ਜੋ ਮੇਰਾ ਜੂਲਾ ਹੌਲਾ ਅਤੇ ਮੇਰਾ ਭਾਰ ਹਲਕਾ ਹੈ (ਮੱਤੀ 11:29,30)

ਬੇਹਰ ਹਾਲ, ਜੂਲੇ ਸਿਰਫ਼ ਉਨ੍ਹਾਂ ਲਈ ਹਨ ਜੋ ਟੁੱਟੇ ਹੋਏ ਅਤੇ ਸਮਰੀਪਤ ਹਨ। ਇਸ ਤੋਂ ਪਹਿਲਾਂ ਕਿ ਅਸੀਂ ਉਸ ਤੋਂ ਸਿੱਖੀਏ, ਸਾਡੀਆਂ ਇੱਛਾਵਾਂ ਵੱਸ ਵਿੱਚ ਅਤੇ ਕਾਬੂ ਹੋ ਜਾਣੀਆਂ ਚਾਹੀਦੀਆਂ ਹਨ। ਉਹ ਕੋਮਲ ਅਤੇ ਮਨ ਦਾ ਹਲੀਮ ਸੀ। ਸਾਨੂੰ ਉਸ ਵਾਂਗ ਬਣਨਾ ਹੈ, ਅਤੇ ਕੇਵਲ ਇਸ ਤਰ੍ਹਾਂ ਕਰਨ ਨਾਲ ਹੀ ਅਸੀਂ ਆਪਣੇ ਜੀਆਂ ਵਿਚ ਅਰਾਮ ਪਾਵਾਂਗੇ।

# ਪਰਿਵਰਤਨ:
# ਟੁੱਟੇ ਹੋਏ ਹਿਰਦੇ ਦਾ ਇਕ ਪਹਿਲੂ

ਸਾਡੇ ਮਨ ਵਿੱਚ ਇੱਕ ਪ੍ਰਸ਼ਨ ਉਭਰਦਾ ਹੈ, "ਅਸਲ ਟੁੱਟੇ ਹੋਏ ਹਿਰਦੇ ਤੋਂ ਕੀ ਭਾਵ ਹੈ? " ਇਹ ਵਿਸ਼ਵਾਸੀ ਦੇ ਜੀਵਣ ਵਿਚ ਕਿਸ ਤਰ੍ਹਾਂ ਪ੍ਰਗਟ ਹੁੰਦਾ ਹੈ? ਇਸਦੇ ਮੁੱਢਲੇ ਅੰਸ਼ ਕੀ ਹਨ?

**1 ਪਸ਼ਚਾਤਾਪ, ਸਵੀਕਾਰ, ਮੁਆਫ਼ੀ**

ਸਭ ਤੋਂ ਪਹਿਲਾਂ ਜਿਸ ਬਾਰੇ ਅਸੀਂ ਸੋਚਦੇ ਹਾਂ, ਪ੍ਰਮੇਸ਼ੁਰ ਅਗੇਂ ਅਤੇ ਜਿੰਨਾਂ ਦੇ ਅਸੀਂ ਕਸੂਰਵਾਰ ਹਾਂ ਪਾਪਾਂ ਨੂੰ ਸਵੀਕਾਰ ਕਰਨ ਦੀ ਤਿਆਰੀ ਹੈ? ਟੁੱਟਾ ਹੋਇਆ ਵਿਅਕਤੀ ਪਸ਼ਚਾਤਾਪ ਕਰਨ ਵਿਚ ਫੁਰਤੀਲਾ ਹੁੰਦਾ ਹੈ। ਉਹ ਪਾਪ ਨੂੰ ਪਰਦੇ ਪਿੱਛੇ ਛਪਾਉਣ ਦੀ ਕੋਸ਼ਿਸ ਨਹੀਂ ਕਰਦਾ। ਉਹ ਇਸਨੂੰ ਬਹਾਨਿਆਂ ਨਾਲ ਭੁੱਲਣ ਦੀ ਕੋਸ਼ਿਸ ਨਹੀਂ ਕਰਦਾ, "ਵਕਤ ਹਰ ਜਖ਼ਮ ਭਰ ਦਿੰਦਾ ਹੈ।" ਉਹ ਪ੍ਰਮੇਸ਼ੁਰ ਦੀ ਹਜ਼ੂਰੀ ਵੱਲ ਭਜੱਦਾ ਅਤੇ ਚੀਕਦਾ ਹੈ, "ਮੈ ਪਾਪ ਕੀਤਾ ਹੈ"। ਫਿਰ ਉਸਨੇ ਜਿਸ ਕਿਸੇ ਨੂੰ ਹਰਕੱਤਾਂ ਦੁਆਰਾ ਠੇਸ ਪਹੁੰਚੀ ਹੋਵੇ ਉਨ੍ਹਾਂ ਕੋਲ ਜਾਂਦਾ ਹੈ ਅਤੇ ਆਖਦਾ ਹੈ, "ਮੈਂ ਗਲਤ ਸੀ। ਮੈਨੂੰ ਬਹੁਤ

ਅਫ਼ਸੋਸ ਹੈ ਅਤੇ ਆਖਦਾ ਹੈ, "ਮੈਂ ਗਲਤ ਸੀ। ਮੈਨੂੰ ਦੁੱਖ ਹੈ। ਮੈਂ ਚਾਹੁੰਦਾ ਹਾਂ ਕਿ ਤੁਸੀਂ ਮੈਨੂੰ ਮਾਫ਼ ਕਰੋ।" ਇਕ ਪਾਸੇ ਉਹ ਖਿਮਾਯਾਚਨਾ ਦੀ ਸ਼ਰਮ ਨੂੰ ਜਾਣਦਾ ਹੈ, ਦੂਸਰੇ ਪਾਸੇ ਉਹ ਇਕ ਸ਼ੁੱਧ ਅੰਤਾਹਕਰਣ ਦੀ ਮਹਾਨ ਪ੍ਰਾਪਤੀ ਅਤੇ ਪ੍ਰਕਾਸ਼ ਵਿਚ ਚਲੱਣ ਦੇ ਹੱਕ ਨੂੰ ਜਾਣਦਾ ਹੈ।

ਸੱਚੀ ਤੋਬਾ ਪਾਪ ਉੱਤੇ ਪੋਚਾ ਨਹੀਂ ਮਾਰਦੀ ਜਾਂ ਇਸਦੀ ਸੱਚਾਈ ਨੂੰ ਛੁਪਾਉਂਦੀ ਨਹੀ। ਇਹ ਅਣਟੁੱਟੀ ਘਮੰਡੀ ਔਰਤ ਵਾਂਗਰ ਨਹੀਂ ਆਖਦੀ, "ਜੇ ਮੈਂ ਕੋਈ ਗਲਤੀ ਕੀਤੀ ਹੋਵੇ, ਮੈਂ ਮਾਫ਼ੀ ਪਾਉਣ ਲਈ ਤਿਆਰ ਹਾਂ।" ਸੱਚਾ ਪਛਚਾਤਾਪ ਕਹਿੰਦਾ ਹੈ, "ਮੈਂ ਗਲਤੀ ਕੀਤੀ ਹੈ ਅਤੇ ਮੈਂ ਏਥੇ ਖਿਮਾ ਮੰਗਣ ਲਈ ਆਇਆ ਹਾਂ।"

ਦਾਊਦ ਦਾ ਜੀਵਨ ਪਾਪ ਅਤੇ ਅਸਫਲਤਾਵਾਂ ਨਾਲ ਭਰਿਆਂ ਹੋਇਆ ਸੀ, ਲੇਕਿਨ ਪ੍ਰੰਤੂ ਜਿਸ ਗੱਲ ਨੇ ਉਸਨੂੰ ਪ੍ਰਮੇਸ਼ੁਵਰ ਦੇ ਹਿਰਦੇ ਨਾਲ ਜੋੜੀ ਰਖਿਆ ਉਹ ਉਸਦਾ ਡੂੰਘਾ ਪਛਤਾਵਾ ਸੀ। ਜ਼ਬੂਰ 32 ਅਤੇ 51 ਵਿਚ ਅਸੀਂ ਉਸਦੇ ਜੁਰਮ, ਗੁਨਾਹ ਅਤੇ ਅਪਰਾਧ ਨੂੰ ਦੇਖਦੇ ਹਾਂ। ਅਸੀਂ ਉਸਨੂੰ ਦੇਖਦੇ ਹਾਂ ਜਦ ਉਸਨੇ ਪਛਚਾਤਾਪ ਕਰਨ ਤੋਂ ਇਨਕਾਰ ਕੀਤਾ; ਉਸ ਸਮੇਂ ਉਸਦਾ ਜੀਵਨ ਜਿਸਮਾਨੀ ਤੌਰ ਤੇ, ਜਹਿਨੀ ਤੌਰ ਤੇ ਅਤੇ ਰੂਹਾਨੀ ਤੌਰ ਤੇ ਨਿਰਾਸ਼ ਹੋ ਗਿਆ। ਕੁੱਝ ਵੀ ਸਹੀ ਨਹੀਂ ਸੀ। ਇੰਝ ਲਗਦਾ ਹੈ ਜਿਵੇਂ ਸਭ ਕੁੱਝ ਗੜਬੜ ਵਿਚ ਹੈ। ਅੰਤ ਵਿਚ ਉਹ ਟੁੱਟ ਗਿਆ। ਉਸਨੇ ਇਕਬਾਲ ਕੀਤਾ ਅਤੇ ਪ੍ਰਮੇਸ਼ੁਵਰ ਨੇ ਉਸਨੂੰ ਮਾਫ ਕਰ ਦਿਤਾ। ਉਸਦਾ ਜੀਵਨ ਅਨੰਦ ਨਾਲ ਭਰ ਗਿਆ ਅਤੇ ਦਾਊਦ ਨੇ ਆਪਣਾ ਗੁਵਾਚਿਆ ਹੋਇਆ ਗੀਤ ਦੁਬਾਰਾ ਯਾਦ ਕੀਤਾ।

ਨਵੇਂ ਨਿਯਮ ਵਿਚ ਪੌਲੁਸ ਸਾਨੂੰ ਟੁੱਟੇ ਹੋਏ ਮਨ ਦੀ ਉਦਾਹਰਣ ਦਿੰਦਾ

ਹੈ। ਇਹ ਉਹ ਸਮਾਂ ਸੀ ਜਦ ਉਹ ਮਹਾਂ ਜਾਜਕ ਅਤੇ ਯਰੂਸ਼ਲੇਮ ਵਿਚ ਸਭਾ ਦੇ ਸਾਹਮਣੇ ਪੇਸ਼ ਹੋਇਆ ਸੀ। ਜਦ ਪੌਲੂਸ ਨੇ ਆਪਣੀ ਵਾਰਤਾ ਦਾ ਆਰੰਭ ਇਸ ਵਾਕ ਨਾਲ ਕੀਤਾ ਕਿ ਉਹ ਹਮੇਸ਼ਾ ਨੇਕਨੀਅਤ ਨਾਲ ਚੱਲਦਾ ਰਹਾ ਹੈ, ਸਰਦਾਰ ਜਾਜਕ ਕ੍ਰੋਧਤ ਹੋਇਆ ਅਤੇ ਹੁਕਮ ਕੀਤਾ ਕਿ ਕੈਦੀ ਦੇ ਮੂੰਹ ਉਤੇ ਥੱਪੜ ਮਾਰਿਆ ਜਾਵੇ। ਪ੍ਰੇਰਿਤ ਅੱਗੋ ਖਿੱਝ ਕੇ ਬੋਲਿਆ, "ਹੇ ਸਫੇਦੀ ਫੇਰੀ ਕੋਈ ਕੰਧੇ, ਪ੍ਰਮੇਸ਼ੁਵਰ ਤੈਨੂੰ ਮਾਰੇਗਾ! ਤੂੰ ਤਾਂ ਸ਼ਰਾ ਦੇ ਮੂਜਬ ਮੇਰਾ ਨਿਆਉਂ ਕਰਨ ਲਈ ਬੈਠਾ ਹੈ ਅਤੇ ਸ਼ਰਾ ਦੇ ਉਲਟ ਕੀ ਮੈਨੂੰ ਮਾਰਨ ਦਾ ਹੁਕਮ ਦਿੰਦਾ ਹੈ?" (ਰਸੂਲਾਂ ਦੇ ਕਰਤੱਬ 23:3)। ਜਿਹੜੇ ਕੋਲ ਖੜੇ ਸਨ ਪੌਲੂਸ ਦੀ ਕਠੋਰ ਡਾਂਟ ਤੋਂ ਹੈਰਾਨ ਹੋਏ। ਕੀ ਉਹ ਜਾਣਦਾ ਨਹੀਂ ਕਿ ਉਹ ਸਰਦਾਰ ਜਾਜਕ ਨਾਲ ਬੋਲ ਰਹਾ ਹੈ? ਦਰਅਸਲ ਪ੍ਰੇਰਿਤ ਜਾਣਦਾ ਨਹੀਂ ਸੀ। ਸ਼ਾਇਦ ਹਨਾਨਿਯਾਹ ਆਪਣੇ ਸਰਕਾਰੀ ਬਸਤ੍ਰ ਨਾ ਪਹਿਨੇ ਹੋਵੇ ਜਾਂ ਉਹ ਆਪਣੇ ਨਿਯੁਕਤ ਸਥਾਨ ਤੇ ਨਾਂ ਬੈਠਾ ਹੋਵੇ ਜਾਂ ਸ਼ਾਇਦ ਪੌਲੂਸ ਦੀ ਨਜ਼ਰ ਕਮਜ਼ੋਰ ਹੋਵੇ। ਕਾਰਨ ਕੁੱਝ ਵੀ ਹੋਵੇ, ਉਸਨੇ ਜਾਨ ਬੱਝਕੇ ਸ਼ਾਸ਼ਕੀ ਹਾਕਮ ਬਾਰੇ ਬੁਰਾ ਨਹੀ ਕਹਾ ਸੀ। ਇਸ ਲਈ ਉਸਨੇ ਤਰੁੰਤ ਕੂਚ 22:28 ਨੂੰ ਉਲੇਖਦੇ ਆਪਣੇ ਸ਼ਬਦਾਂ ਲਈ ਖਿਮਾ ਮੰਗੀ, "ਤੂੰ ਨਿਆਇਆਂ ਨੂੰ ਨਾ ਕੋਸ ਅਤੇ ਆਪਣੇ ਲੋਕਾਂ ਦੇ ਪ੍ਰਧਾਨ ਨੂੰ ਫਿਟਕਾਰ ਨਾ ਦਵੇ।" ਰਸੂਲ ਦਾ ਟੁੱਟਣ ਬਿੰਦੂ ਬਹੁਤ ਜਲਦੀ ਸੀ। ਉਸਨੇ ਆਪਣੀ ਆਤਮਿਕ ਪਰਿਪੱਖਤਾ ਨੂੰ "ਮੈਂ ਗਲੱਤ ਸੀ ਮੈਨੂੰ ਸਾਫ ਕਰੋ" ਕਹਿਣ ਨਾਲ ਦਰਸਾਇਆ।

### (2) ਪੁਨਰ ਸਥਾਪਨਾ ਜਾਂ ਨੁਕਸਾਨ ਭਰਾਈ

ਇਹ ਟੁੱਟੇ ਹੋਏ ਹਿਰਦੇ ਦੇ ਪਹਿਲੇ ਪਹਿਲੂ ਨਾਲ ਬਿਲਕੁੱਲ ਮਿਲਜੁਲਦਾ ਹੈ ਤੁਰੰਤ ਵਾਪਸੀ, ਜਿੱਥੇ-ਕਿਥੇ ਇਸ ਦੀ ਲੋੜ ਹੈ, ਜੇ ਮੈਂ ਚੁਰਾਇਆ ਹੈ, ਤੋੜਿਆ ਹੈ, ਜਾਂ ਕਿਸੇ ਨੂੰ ਜਖ਼ਮੀ ਕੀਤਾ ਜਾਂ ਫਿਰ ਕਿਸੇ ਨੂੰ ਮੇਰੇ ਦੁਰਵਿਹਾਰ

ਕਾਰਨ ਘਾਟਾ ਪਿਆ ਹੋਵੇ ਤਾਂ ਮਾਫ਼ੀ ਮੰਗ ਲੈਣੀ ਕਾਫ਼ੀ ਨਹੀਂ ਹੈ। ਇਨਸਾਫ਼ ਆਖਦਾ ਹੈ ਕਿ ਘਾਟਾ ਪੂਰਾ ਕੀਤਾ ਜਾਵੇ। ਇਹ ਮੇਰੇ ਪਰਿਵਰਤਨ ਹੋਣ ਤੋਂ ਪਹਿਲਾਂ ਅਤੇ ਪਰਿਵਰਤਨ ਹੋਣ ਤੋਂ ਬਾਅਦ ਤੇ ਲਾਗੂ ਹੁੰਦਾ ਹੈ।

ਜੱਕੀ ਨੇ ਪ੍ਰੱਭੂ ਯਿਸੂ ਨੂੰ ਗ੍ਰਹਿਣ ਕਰਨ ਪਿਛੋਂ ਆਪਣੇ ਚੁੰਗੀ ਲੈਣ ਵਾਲੇ ਗਲੱਤ ਤਰੀਕਿਆਂ ਨੂੰ ਯਾਦ ਕੀਤਾ। ਇਹ ਦੈਵੀ ਪ੍ਰੇਰਨਾ ਸੀ ਜਿਸਨੇ ਉਸਨੂੰ ਤੁਰੰਤ ਸਖਾਇਆ ਕਿ ਇਨ੍ਹਾਂ ਗਲਤੀਆਂ ਨੂੰ ਸੁਧਾਰਨਾ ਹੈ। ਇਸ ਲਈ ਉਸਨੇ ਪ੍ਰੱਭੂ ਨੂੰ ਆਖਿਆ, " .... ਜੇ ਮੈਂ ਕਿਸੇ ਉੱਤੇ ਉਜ ਲਾਕੇ ਕੁਝ ਲੈ ਲਿਆ ਹੈ ਤਾਂ ਚੌਗੁਣਾ ਮੋੜ ਦਿੰਦਾ ਹਾਂ।" ਇਥੇ "ਜੇ" ਕਿਸੇ ਸ਼ੱਕ ਜਾਂ ਅਨਿਸ਼ਚਿਤਾ ਨੂੰ ਵਿਅਕਤ ਨਹੀਂ ਕਰਦਾ ਹੈ । ਮਤਲਬ ਇਹ ਹੈ" ਜਿਥੇ ਕਿੱਥੇ ਜਿਸ ਕਿਸੇ ਨੂੰ ਮੈਂ ਉਜ ਲਾਕੇ ਲਿਆ ਹੈ, ਮੈਂ ਚੌਗੁਣਾ ਮੋੜ ਦਿੰਦਾ ਹਾਂ।" ਉਸਦਾ ਵਾਪਸੀ ਕਰਨ ਦਾ ਫੈਸਲਾ ਉਸਦੇ ਪਰਿਵਰਤਨ ਦਾ ਇਕ ਫੱਲ ਸੀ। ਚੌਗੁਣਾ ਉਸਦੇ ਨਵੇ ਜੀਵਨ ਦੀ ਮਹੱਤਵਤਾ ਦਾ ਪੈਮਾਨਾ ਹੈ।

ਕੁੱਝ ਕੇਸ ਹਨ ਜਿਥੇ ਵਾਪਸ ਕਰਨਾ ਅਸੰਭਵ ਹੈ। ਸ਼ਾਇਦ ਰਿਕਾਰਡ ਨਾਸ਼ ਹੋ ਚੁਕਾ ਹੋਵੇ, ਜਾਂ ਸਮਾਂ ਬੀਤਣ ਨਾਲ ਸਹੀ ਰਾਸ਼ੀ ਭੁੱਲੀ ਜਾ ਚੁਕੀ ਹੋਵੇ। ਪ੍ਰਮੇਸ਼ੁਵਰ ਇਸ ਬਾਰੇ 'ਚ ਸਭ ਜਾਣਦਾ ਹੈ, ਉਹ ਸਿਰਫ ਇਹ ਚਾਹੁੰਦਾ ਹੈ ਕਿ ਅਸੀਂ ਜਿਸ ਕਿਸੇ ਨੂੰ ਦੇਣਾ ਹੈ ਅਤੇ ਜਿਥੇ ਕਿਥੇ ਅਸੀਂ ਦੇ ਸਕਦੇ ਹਾਂ ਵਾਪਸ ਦਈਏ।

ਅਤੇ ਇਹ ਹਮੇਸ਼ਾ ਪ੍ਰੱਭੂ ਯਿਸੂ ਦੇ ਨਾਮ ਉਤੇ ਹੀ ਹੋਣਾ ਚਾਹੀਦਾ ਹੈ। ਇਸ ਵਿਚ ਪ੍ਰੱਭੂ ਨੂੰ ਕੋਈ ਮਹਿਮਾ ਨਹੀਂ ਜੇ ਅਸੀ ਸਿਰਫ਼ ਕਹੀਏ," ਮੈਂ ਇਹ ਚੋਰੀ ਕੀਤਾ ਸੀ। ਮੈਨੂੰ ਬਹੁਤ ਦੁੱਖ ਹੈ। ਹੁਣ ਮੈਂ ਵਾਪਸ ਕਰਨਾ ਚਾਹੁੰਦਾ ਹਾਂ।" ਕਿਰਿਆ ਮਸੀਹ ਦੀ ਸਾਖੀ ਨਾਲ ਜੁੜੀ ਹੋਣੀ ਚਾਹੀਦੀ ਹੈ, ਜਿਵੇਂ, "ਮੈਂ ਥੋੜੇ

ਸਮੇਂ ਪਹਿਲਾਂ ਪ੍ਰੱਭੂ ਯਿਸੂ ਮਸੀਹ ਤੇ ਇਮਾਨ ਰੱਖਕੇ ਇਕ ਮਸੀਹ ਬਣਿਆਂ ਹਾਂ। ਪੰਜ ਸਾਲ ਪਹਿਲਾਂ ਮੈਂ ਤੁਹਾਡੇ ਕੁਝ ਔਜ਼ਾਰ ਚੁਰਾਏ ਲਏ ਸਨ ਪ੍ਰੱਭੂ ਮੇਰੇ ਨਾਲ ਉਨ੍ਹਾਂ ਬਾਰੇ ਗਲਬੱਾਤ ਕਰ ਰਹਾ ਸੀ। ਮੈਂ ਮਾਫ਼ੀ ਮੰਗਣ ਅਤੇ ਔਜਾਰ ਵਾਪਸ ਕਰਨ ਆਇਆ ਹਾਂ।" ਧਾਰਮਿਕਤਾ ਦਾ ਜਾਂ ਕ੍ਰਿਪਾ ਦਾ ਕੋਈ ਵੀ ਕੰਮ ਜੋ ਇਕ ਮਸੀਹੀ ਕਰਦਾ ਹੈ ਮੁਕਤੀਦਾਤੇ ਦੀ ਗਵਾਹੀ ਨਾਲ ਸਬੰਧਿਤ ਹੋਣਾ ਚਾਹੀਦਾ ਹੈ ਤਾਂ ਕਿ ਅਸੀਂ ਨਹੀਂ ਪਰ ਉਹ ਮਹੀਮਾ ਪਾਵੇ ।

**(3) ਇਕ ਮਾਫ਼ ਕਰਨ ਦੀ ਭਾਵਨਾ**

ਟੁੱਟੇ ਹੋਏ ਮਨ ਦਾ ਤੀਸਰਾ ਭਾਗ ਹੈ ਜਦ ਕਦੀ ਸਾਡੇ ਨਾਲ ਗਲੱਤ ਕੀਤਾ ਜਾਵੇ ਮੁਆਫ ਕਰਨ ਲਈ ਇੱਛੁਕ ਹੋਣਾ । ਮਾਫੀ ਮੰਗਣ ਜਾਂ ਵਾਪਸੀ ਕਰਨ ਲਈ ਵੀ ਕ੍ਰਿਪਾ ਦੀ ਲੋੜ ਹੁੰਦੀ ਹੈ।

ਨਵਾਂ ਨਿਯਮ ਅਚੰਭੇ ਤਰੀਕੇ ਨਾਲ ਦੂਸਰਿਆਂ ਨੂੰ ਮਾਫ਼ ਕਰਨ ਲਈ ਹਦਾਇਤਾਂ ਸ਼ਪੱਸ਼ਟ ਕਰਦਾ ਹੈ।

ਸਭ ਤੋਂ ਪਹਿਲਾਂ, ਜਦ ਕਦੀ ਸਾਡੇ ਨਾਲ ਗਲੱਤ ਕੀਤਾ ਜਾਂਦਾ ਹੈ ਸਾਨੂੰ ਤੁਰੰਤ ਆਪਣੇ ਹਿਰਦਿਆਂ ਵਿਚ ਉਸਨੂੰ ਮਾਫ਼ ਕਰ ਦੇਣਾ ਚਾਹੀਦਾ ਹੈ (ਅਫ਼ਸੀਆਂ 4:32)। ਅਜੇ ਅਸੀਂ ਉਸ ਕੋਲ ਗਏ ਨਹੀਂ ਹਾਂ ਅਤੇ ਕਹਾ ਨਹੀਂ ਹੈ ਸਾਨੂੰ ਮਾਫ਼ ਕਰ ਦੇ ਪਰ ਅਸਲ ਵਿਚ ਆਪਣੇ ਦਿਲਾਂ ਵਿਚ ਅਸੀ ਉਸਨੂੰ ਮਾਫ਼ ਕਰ ਦਿਤਾ ਹੈ।

ਜਦ ਕੋਈ ਮਨੁੱਖ ਮੇਰੇ ਨਾਲ ਅਨਿਆਂ ਕਰਦਾ ਹੈ, ਮੈਨੂੰ ਉਸਨੂੰ ਮਾਫ਼ ਕਰਨਾ ਹੈ। ਤਾਂ ਫਿਰ ਮੇਰੀ ਆਤਮਾ ਅਜ਼ਾਦ ਹੈ। ਜੇ ਮੈਂ ਉਸ ਪ੍ਰਤੀ ਗਲਤੀ ਨੂੰ ਫੜੀ ਰਖਾਂ, ਮੈਂ ਪ੍ਰਮੇਸ਼ੁਵਰ ਅੱਗੇ ਅਤੇ ਉਸ ਅੱਗੇ ਆਪਣੀ ਮਾਫ਼ੀ ਨੂੰ ਖ਼ਤਰੇ ਵਿਚ ਪਾਉਂਦਾ ਹਾਂ। ਭਾਵੇ ਉਹ ਵਿਅਕਤੀ ਪਛਚਾਤਾਪ ਕਰਦਾ ਹੈ, ਸਪੁਰਦਾ ਕਰਦਾ ਹੈ, ਮੇਰੇ ਕੋਲੋਂ ਮੁਆਫੀ

ਮੰਗਦਾ ਹੈ ਜਾਂ ਨਹੀਂ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਮੈਨੂੰ ਉਸੇ ਵਕਤ ਉਸਨੂੰ ਮਾਫ ਕਰ ਦੇਣਾ ਚਾਹੀਦਾ ਹੈ । ਉਸਨੂੰ ਪ੍ਰਮੇਸ਼ੁਵਰ ਸਾਹਮਣੇ ਆਪਣੀ ਗਲਤੀ ਨਾਲ ਖੜਾ ਹੋਣਾ ਪਵੇਗਾ, ਪਰ ਉਹ ਉਸਦਾ ਅਤੇ ਪ੍ਰਮੇਸ਼ੁਵਰ ਦਾ ਕੰਮ ਹੈ, ਮੇਰੇ ਨਹੀਂ, ਮੈਨੂੰ ਉਸਦੀ ਮੱਤੀ 18:15 ਅਧਿਆਏ ਦੇ ਅਨੁਸਾਰ ਸਹਾਇਤਾ ਕਰਨੀ ਚਾਹੀਦੀ ਹੈ। ਇਹ ਸਫਲ ਹੋਵੇ ਜਾਂ ਨਾਂ ਪਰ ਸਾਨੂੰ ਇਹ ਆਰੰਭ ਹੋਣ ਤੋਂ ਪਹਿਲਾਂ ਹੀ ਉਸਨੂੰ ਮਾਫ਼ ਕਰ ਦੇਣਾ ਚਾਹੀਦਾ ਹੈ (ਲੈਂਨਸਕੀ)।

ਬਹੁਤ ਸਾਰੀਆਂ ਛੋਟੀਆਂ-ਛੋਟੀਆਂ ਗਲੱਤੀਆਂ ਹਨ ਜਿਨ੍ਹਾਂ ਨੂੰ ਮੁਆਫ ਕਰ ਦੇਣਾ ਅਤੇ ਤਰੁੰਤ ਭੁੱਲ ਜਾਣਾ ਚਾਹੀਦਾ ਹੈ। ਜਦ ਅਸੀਂ ਇਹ ਕਰਦੇ ਹਾਂ ਇਹ ਅਸੱਲ ਜਿੱਤ ਹੈ। "ਪ੍ਰੇਮ.... ਗਲਤੀਆਂ ਦਾ ਲੇਖਾ ਨਹੀਂ ਰਖਦਾ ਜਾਂ ਦੂਸਰੇ ਲੋਕਾਂ ਦੀ ਬੁਰਾਈ ਤੇ ਬੂਰੀ ਨਿਗਾਹ ਨਾਲ ਨਹੀਂ ਦੇਖਦਾ"। (1ਕੁਰਿੰਥੀਆਂ 13:7, ਜੇ.ਬੀ.ਫਿਲਪਿਸ) ਇਕ ਵਾਰ ਇਕ ਮਸੀਹੀ ਔਰਤ ਨੇ ਆਖਿਆ, "ਤੈਨੂੰ ਯਾਦ ਹੈ ਉਹ ਫਲਾਨੀ ਗੱਲ ਜੋ ਉਸ ਫਾਲਤੂ ਔਰਤ ਨੇ ਤੈਨੂੰ ਆਖੀ ਸੀ? ਉਸਨੇ ਉੱਤਰ ਦਿੱਤਾ, "ਮੈਨੂੰ ਯਾਦ ਨਹੀਂ ਹੈ ਪਰ ਮੈਨੂੰ ਮੁੱਖ ਤੌਰ ਤੇ ਯਾਦ ਹੈ ਕਿ ਮੈਂ ਉਸਨੂੰ ਭੁੱਲ ਗਈ ਹਾਂ ।"

ਅਗਰ ਗਲਤੀ ਕੁੱਝ ਜਿਆਦਾ ਹੀ ਗੰਭੀਰ ਹੈ ਅਤੇ ਤੁਹਾਨੂੰ ਲਗ ਰਹਾ ਹੈ ਕਿ ਇਸਨੂੰ ਇਸ ਤਰ੍ਹਾਂ ਛਡੱਣਾ ਠੀਕ ਨਹੀਂ ਹੋਵੇਗਾ ਤਾਂ ਫਿਰ ਅਗਲਾ ਕੱਦਮ ਹੈ, ਠੇਸ ਪਹੁੰਚਣ ਵਾਲੇ ਵਿਅਕਤੀ ਕੋਲ ਜਾਣਾ ਅਤੇ ਉਸ ਨਾਲ ਇਸ ਬਾਰੇ ਗਲੱਬਾਤ ਕਰਨੀ (ਮੱਤੀ 18:15)। ਜੇ ਉਹ ਪਛਚਾਤਾਪ ਕਰਦਾ ਹੈ, ਤਾਂ ਤੁਸੀਂ ਉਸਨੂੰ ਮਾਫ਼ ਕਰੋ। " ਜੇ ਉਹ ਇੱਕ ਦਿਨ ਵਿੱਚ ਸੱਤ ਵਾਰੀ ਤੇਰਾ ਗੁਨਾਹ ਕਰੇ ਅਤੇ ਸੱਤ ਵਾਰੀ ਤੇਰੀ ਵੱਲ ਮੁੜਕੇ ਕਹੇ, ਮੈਂ ਤੋਬਾ ਕਰਦਾ ਹਾਂ, ਤਾਂ ਉਹ ਨੂੰ ਮਾਫ਼ ਕਰ " (ਲੂਕਾ 17:4)। ਇਹ ਬਿਲਕੁਲ ਸਹੀ ਹੋਵੇਗਾ ਕਿ ਅਸੀਂ

ਨਿਸ਼ਚਿਤ ਤੌਰ ਤੇ ਮੁਆਫ਼ ਕਰਨ ਵਾਲੇ ਹੋਈਏ। ਕੁੱਝ ਵੀ ਹੋਵੇ, ਅਸੀਂ ਵੀ ਅਣਗਿਣਤ ਵਾਰੀ ਮੁਆਫ ਕੀਤੇ ਗਏ ਹਾਂ।

ਧਿਆਨ ਰਖੋ ਕਿ ਤੁਸੀਂ ਜਾਕੇ ਦੂਸਰਿਆਂ ਨਾਲ ਗਲਤੀ ਕਰਨ ਵਾਲੇ ਦੀ ਚਰਚਾ ਨਾ ਕਰੋ (ਅਕਸਰ ਜੋ ਅਸੀਂ ਕਰਦੇ ਹਾਂ)। "ਜਾਓ ਅਤੇ ਉਸਦੀ ਗਲਤੀ ਦਸੋ, ਸਿਰਫ਼ ਤੁਹਾਡੇ ਅਤੇ ਉਸਦੇ ਵਿਚਕਾਰ।" ਸਹੀ ਨੀਤੀ ਇਹ ਹੈ ਕਿ ਇਹਨਾਂ ਗੱਲਾਂ ਨੂੰ ਜਿੰਨ੍ਹਾਂ ਹੋ ਸਕੇ ਸੀਮਤ ਰੱਖਣਾ।

ਜਿਸ ਘੜੀ ਠੇਸ ਪਹੁੰਚਾਉਣ ਵਾਲਾ ਭਾਈ ਆਪਣਾ ਪਾਪ ਕਬੂਲ ਕਰਦਾ ਹੈ, ਤੁਸੀਂ ਉਸਨੂੰ ਆਖੋਗੇ ਕਿ ਉਸਨੂੰ ਮੁਆਫ਼ ਕੀਤਾ ਹੈ। ਤੁਸੀ ਆਪਣੇ ਹਿਰਦੇ ਵਿਚ ਉਸਨੂੰ ਪਹਿਲਾਂ ਤੋ ਹੀ ਮੁਆਫ਼ ਕਰ ਚੁਕੇ ਹੋ, ਲੇਕਿਨ ਹੁਣ ਤੁਸੀਂ ਮੁਆਫੀ ਦੀ ਘੋਸ਼ਣਾ ਕਰ ਸਕਦੇ ਹੋ।

ਪ੍ਰੰਤੂ ਮੰਨ ਲਓ ਉਹ ਪਛਚਾਤਾਪ ਕਰਨ ਤੋਂ ਇਨਕਾਰ ਕਰਦਾ ਹੈ। ਫਿਰ ਮੱਤੀ 18:16 ਦੇ ਅਨੁਸਾਰ, ਤੁਸੀਂ "ਇਕ ਜਾ ਦੋ ਜਣਿਆਂ ਨੂੰ ਆਪਣੇ ਨਾਲ ਲਓ, ਤਾਂਕਿ ਹਰੇਕ ਸ਼ਬਦ ਦੋ ਜਾਂ ਤਿੰਨਾਂ ਗਵਾਹੀਆਂ ਨਾਲ ਸਾਬਤ ਕੀਤਾ ਜਾਂਵੇ।"

ਜੇ ਉਹ ਦੋ ਜਾਂ ਤਿੰਨਾਂ ਜਣਿਆਂ ਦੀਆਂ ਗਵਾਹੀਆਂ ਸੁਣਨਾ ਇਨਕਾਰ ਕਰੇ ਫਿਰ ਮਾਮਲਾ ਸਥਾਨੀ ਕਲੀਸਿਆਂ ਵਿਚ ਲਜਾਇਆ ਜਾਵੇ। ਇਸ ਸਭ ਵਿਚ ਮਕਸਦ ਦੰਡਾਤਮਕ ਜਾਂ ਸਜ਼ਾ ਵਜੋ ਨਹੀਂ ਸਗੋਂ ਠੇਸ ਪਹੁੰਚਾਉਣ ਵਾਲੇ ਭਾਈ ਨੂੰ ਪੁਨਰਸਥਾਪਤ ਕਰਨ ਲਈ ਹੋਣਾ ਚਾਹੀਦਾ ਹੈ।

ਜੇ ਇਹ ਅੰਤਮ ਕੋਸ਼ਿਸ ਅਸਫ਼ਲ ਹੋ ਜਾਵੇ, ਉਸਨੂੰ ਇਕ ਗੈਰ-ਵਿਸ਼ਵਾਸੀ ਜਾਂ ਇਕ ਮਸੂਲੀਏ ਵਾਂਗਰ ਵਿਹਾਰਿਆ ਜਾਵੇ। ਦੂਸਰੇ ਸ਼ਬਦਾਂ ਵਿਚ, ਤੁਸੀਂ

ਉਸ ਨਾਲ ਹੁਣ ਤੋਂ ਇੰਝ ਦਾ ਵਰਤਾਓ ਨਹੀਂ ਕਰਦੇ ਜਿਵੇ ਕਿ ਕੋਈ ਸਥਾਨੀ ਕਲੀਸਿਆ ਵਿਚ ਹੋਵੇ। ਕਿਉਂਕਿ ਉਹ ਇਕ ਮਸੀਹੀ ਵਾਂਗਰ ਨਹੀਂ ਚੱਲ ਰਹਾ, ਤੁਸੀਂ ਉਸਨੂੰ ਉਸਦੀ ਸਥਿਤੀ ਅਨੁਸਾਰ ਸਵੀਕਾਰ ਕਰਦੇ ਹੋ। ਤੁਸੀਂ ਉਸਨੂੰ ਇਕ ਗੈਰ-ਵਿਸ਼ਵਾਸੀ ਦੀ ਤਰ੍ਹਾਂ ਗਿਣਦੇ ਹੋ। ਲੇਕਿਨ ਜਦ ਉਹ ਮਨ ਫਰਾ ਲੈਂਦਾ ਹੈ, ਫਿਰ ਤੁਸੀਂ ਉਸਨੂੰ ਮੁਆਫ਼ ਕਰ ਦਿੰਦੇ ਹੋ ਅਤੇ ਸੰਪੂਰਨ ਸੰਗਤੀ ਸਥਾਪਤ ਹੋ ਜਾਂਦੀ ਹੈ।

ਪ੍ਰਮੇਸ਼ੁਵਰ ਨਾ ਮੁਆਫ਼ ਕਰਨ ਵਾਲੀ, ਅਤੇ ਵੈਰ-ਭਾਵਨਾ ਨਾਲ ਨਫ਼ਰਤ ਕਰਦਾ ਹੈ। ਇਹ ਬੜੇ ਜ਼ੋਰ ਨਾਲ ਕਰਜ਼ਦਾਰ ਸੇਵਕ ਦੀ ਦ੍ਰਿਸ਼ਟਾਂਤ ਵਿਚ ਲਿਆਂਦਾ ਗਿਆ ਹੈ (ਮੱਤੀ 18:23-35)। ਜੱਦ ਉਹ ਖੁਦ ਕੰਗਾਲ ਸੀ, ਰਾਜੇ ਦੁਆਰਾ ਉਸਨੂੰ ਦੱਸ ਲੱਖ ਰੁਪਏ ਮੁਆਫ ਕਰ ਦਿੱਤੇ ਗਏ ਫਿਰ ਉਹ ਆਪਣੇ ਸਾਥੀ ਨੌਕਰ ਦੇ ਕੁੱਝ ਰੁਪਏ ਮੁਆਫ਼ ਕਰਨ ਲਈ ਤਿਆਰ ਨਹੀਂ ਸੀ। ਸਬਕ ਸਪਸ਼ਟ ਹੈ। ਜਦ ਅਸੀਂ ਬੇਅੰਤ ਕਸੂਰਵਾਰ ਸਾਂ ਪ੍ਰਮੇਸ਼ੁਵਰ ਨੇ ਸਾਨੂੰ ਮੁਆਫ਼ ਕੀਤਾ, ਸਾਨੂੰ ਦੂਸਰਿਆ ਦੇ ਮਾਮੂਲੀ ਕਸੂਰਾਂ ਨੂੰ ਮੁਆਫ਼ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ।

### (4) ਬਿਨਾਂ ਬਦਲਾ ਲਏ ਅਨਿਆਂ ਨੂੰ ਸਹਿ ਲੈਣਾ

ਲੇਕਿਨ ਟੁੱਟੇ ਹੋਏ ਹਿਰਦੇ ਦੇ ਕੁੱਝ ਹੋਰ ਪਹਿਲੂ ਵੀ ਹਨ। ਇਕ ਹੈ ਹਲੀਮ ਮਨ ਜੋ ਭਲਾ ਕਰਦਾ ਹੈ ਅਤੇ ਬਦਲਾ ਨਹੀਂ ਲੈਂਦਾ। ਇਸ ਦੀ, ਬੇਸ਼ੱਕ, ਸਾਡਾ ਪ੍ਰਭੂ ਪ੍ਰਮੁੱਖ ਮੀਸਾਲ ਹਨ।

ਉਹ ਗਾਲੀਆਂ ਖਾ ਕੇ ਗਾਲੀ ਨਾ ਦਿੰਦਾ ਸੀ ਅਤੇ ਦੁਖ ਪਾ ਕੇ ਦਬਕਾ ਨਾ ਦਿੰਦਾ ਸੀ ਸਗੋਂ ਆਪ ਨੂੰ ਉਹ ਦੇ ਹੱਥ ਸੌਂਪਦਾ ਸੀ ਜਿਹੜਾ ਜਥਾਰਥ ਨਿਆਉਂ ਕਰਦਾ ਹੈ । (1ਪਤਰਸ 2:23)।

ਅਸੀਂ ਸਾਰੇ ਇਸ ਪ੍ਰਕਾਰ ਦੇ ਜੀਵਨ ਲਈ ਬੁਲਾਏ ਗਏ ਹਾਂ।

ਕਿਉਂਕਿ ਜੇ ਕੋਈ ਪ੍ਰਮੇਸ਼ੁਵਰ ਦੇ ਖਿਆਲ ਨਾਲ ਬੇਇਨਸਾਫੀ ਝੱਲ ਕੇ ਦੁੱਖ ਸਹਿ ਲਵੇ ਤਾਂ ਇਹ ਪਰਵਾਨ ਹੈ। ਜੇ ਤੁਸੀਂ ਪਾਪ ਦੇ ਕਾਰਨ ਮੁੱਕੇ ਖਾ ਕੇ ਧੀਰਜ ਕਰੋ ਤਾਂ ਕੀ ਵਡਿਆਈ ਹੈ? ਪਰ ਜੇ ਤੁਸੀਂ ਸ਼ੁਭ ਕਰਮਾਂ ਦੇ ਕਾਰਨ ਦੁੱਖ ਝੱਲਕੇ ਧੀਰਜ ਕਰੋ ਤਾਂ ਇਹ ਪ੍ਰਮੇਸ਼ੁਵਰ ਨੂੰ ਪਰਵਾਨ ਹੈ (1ਪਤਰਸ 2:19-20)।

ਆਪਣੀ ਕਿਤਾਬ ਵਿਚ,'ਫਰੋਮ ਗ੍ਰੇਸ ਟੂ ਗਲੋਰੀ', ਮੁਰਦੁਕ ਕੈਮਪਬੈੱਲ ਸਾਨੂੰ ਯਾਦ ਕਰਾਉਂਦੇ ਹਨ ਕਿ ਜਾੱਨ ਵੈਸਲੀ ਦੀ ਪਤਨੀ ਨੇ ਉਸਦਾ ਜੀਵਨ ਅਜਮਾਇਸ਼ ਦੀ ਇਕ ਅੱਗ ਬਣਾ ਦਿੱਤਾ ਸੀ। ਸ਼ਾਬਦਿਕ ਰੂਪ ਵਿਚ ਉਹ ਉਸਨੂੰ ਕਈ ਘੰਟੇ ਵਾਲੋਂ ਫੜਕੇ ਉਸਦੇ ਕਮਰੇ ਵਿਚ ਘਸੀਟਦੀ ਹੁੰਦੀ ਸੀ।ਅਤੇ ਮੈਥੋਡਿਸਟ ਮੰਡਲੀ ਦੇ ਬਾਨੀ ਨੇ ਕਦੇ ਉਸ ਲਈ ਕੋਈ ਕਠੋਰ ਸ਼ਬਦ ਇਸਤੇਮਾਲ ਨਹੀਂ ਕੀਤਾ।

ਕੈਮਪਬੈੱਲ ਇਹ ਵੀ ਕਹਿੰਦਾ ਹੈ "ਇਕ ਧਰਮੀ ਸੇਵਕ ਨੇ ਇਸੇ ਹੀ ਤਰ੍ਹਾਂ ਦੀ ਔਰਤ ਨਾਲ ਵਿਆਹ ਕੀਤਾ। ਇਕ ਦਿਨ ਉਹ ਆਪਣੇ ਕਮਰੇ ਵਿਚ ਬਾਈਬਲ ਪੜਣ ਲਈ ਬੈਠਾ ਸੀ।ਦਰਵਾਜਾ ਖੋਲਕੇ ਉਸਦੀ ਪਤਨੀ ਨੇ ਪ੍ਰਵੇਸ਼ ਕੀਤਾ। ਉਸਨੇ ਉਸ ਤੋਂ ਬਾਈਬੱਲ ਖੋਹ ਲਈ ਅਤੇ ਅੱਗ ਵਿੱਚ ਸੁੱਟ ਦਿਤੀ ਉਸਨੇ ਉਸਦੇ ਚੇਹਰੇ ਵੱਲ ਤਕਿਆ ਅਤੇ ਸ਼ਾਤੀ ਨਾਲ ਟਿੱਪਣੀ ਕੀਤੀ, 'ਮੈਂ ਕਦੀ ਵੀ ਐਨੀ ਨਿੱਘੀ ਅੱਗ ਤੇ ਨਹੀਂ ਬੈਠਾ।' ਇਸ ਉੱਤਰ ਨੇ ਉਸਦੇ ਕ੍ਰੋਧ ਨੂੰ ਠੰਡਾ ਕਰ ਦਿੱਤਾ ਅਤੇ ਉਸਦੀ ਪਤਨੀ ਨੂੰ ਇਕ ਨਵੇਂ ਅਤੇ ਕ੍ਰਿਪਾਲੂ ਜੀਵਨ ਦੀ ਸ਼ੁਰੂਆਤ ਕੀਤੀ। ਜ਼ਿਜ਼ਬੇਲ ਲਿਦਿਆ ਬਣ ਗਈ। ਕੰਡਾ ਇਕ ਫੁੱਲ ਬਣ ਗਿਆ,"

ਪ੍ਰਮੇਸ਼ੁਵਰ ਦੇ ਇਕ ਮਹਾਨ ਸੰਤ ਨੇ ਆਖਿਆ, "ਬਿਨਾਂ ਕਾਰਨ ਦੋਸ਼ੀ ਠਹਰਾਈਏ

ਜਾਣਾ ਅਤੇ ਉਸ ਦੌਰਾਨ ਸ਼ਾਂਤ ਰਹਿਣਾ ਇੱਕ ਡੂੰਘੀ ਅਤੇ ਸੱਚੀ ਨਿਮਰਤਾਦਾ ਚਿੰਨ੍ਹ ਹੈ । ਅਨਿਆਂ ਅਤੇ ਬੇਇਜ਼ਤੀ ਦੌਰਾਨ ਚੁੱਪ ਰਹਿਣਾ ਸਾਡੇ ਪ੍ਰਭੂ ਦੀ ਇਕ ਸ਼੍ਰੇਸ਼ਠ ਰੀਸ ਹੈ। ਉਹ ਮੇਰੇ ਪ੍ਰਭੂ ਜਦ ਮੈਂ ਯਾਦ ਕਰਦਾ ਹਾਂ ਕਿ ਕਿੰਨੇ ਤਸੀਹਿਆਂ ਨਾਲ ਤੂੰ ਦੁੱਖ ਸਹੇ, ਜੋ ਕਿਸੇ ਪੱਖੋਂ ਤੇਰੇ ਯੋਗ ਨਹੀਂ ਸਨ, ਮੈਂ ਨਹੀਂ ਜਾਣਦਾ ਮੇਰੀਆਂ ਇੰਦਰੀਆਂ ਕਿੱਥੇ ਹਨ ਜਾ ਮੈਂ ਆਪਣੇ ਆਪਨੂੰ ਬਚਾਉਣ ਅਤੇ ਪਰੇ ਕਰਨ ਦੀ ਕਾਹਲੀ ਵਿਚ ਹਾਂ। ਕਿ ਇਹ ਸੰਭਵ ਹੈ ਕਿ ਮੈਂ ਲਾਲਸਾ ਕਰ੍ਹਾਂ ਕਿ ਕੋਈ ਮੇਰੇ ਬਾਰੇ ਚੰਗਾ ਕਹੇ ਜਾਂ ਸੋਚੇ, ਜਦ ਤੇਰੇ ਬਾਰੇ ਬਹੁਤ ਸਾਰੀਆਂ ਬੁਰਾਈਆਂ ਸੋਚੀਆਂ ਅਤੇ ਕਹੀਆਂ ਜਾ ਰਹੀਆਂ ਹਨ? (ਲੀਵਿੰਗ ਪੇਸ਼ੈਂਟਲੀ, ਜੇ.ਐਲਨ ਬਲੇਰ, ਪੰਨਾ 353,4)।

## 5. ਬੁਰਿਆਈ ਦਾ ਬਦਲਾ ਭਲਿਆਈ ਨਾਲ

ਟੁੱਟੇ ਹੋਏ ਹਿਰਦੇ ਵਾਲੇ ਜੀਵਨ ਵਿੱਚ ਉਨੱਤੀ ਦੇ ਰਾਹ ਤੇ ਅਗਾਂਹ ਵੱਧਦੇ ਹੋਇਆਂ ਸਾਨੂੰ ਨਾ ਸਿਰਫ਼ ਸਬਰ ਨਾਲ ਅਨਿਆ ਸਹਿਣਾ ਹੈ ਸਗੋਂ ਹਰੇਕ ਅਨਿਆ ਦਾ ਦਯਾ ਨਾਲ ਬਦਲਾ ਵੀ ਦੇਣ ਹੈ ।

ਬੁਰਿਆਈ ਦੇ ਵੱਟੇ ਕਿਸੇ ਨਾਲ ਬੁਰਿਆਈ ਨਾ ਕਰੋ। ਜਿਹੜੀਆਂ ਗੱਲਾਂ ਸਾਰੇ ਮਨੁੱਖਾਂ ਦੇ ਭਾਣੇ ਚੰਗੀਆਂ ਹਨ ਉਹਨਾਂ ਦਾ ਧਿਆਨ ਰੱਖੋ " ...ਪਰ ਜੇ ਤੇਰਾ ਵੈਰੀ ਭੁੱਖਾ ਹੋਵੇ ਤਾਂ ਉਹ ਨੂੰ ਖੁਆ, ਜੇ ਤਿਹਾਇਆ ਹੋਵੇ ਤਾਂ ਉਹ ਨੂੰ ਪਿਆ ਕਿਉਂ ਜੋ ਇਹ ਕਰਕੇ ਤੂੰ ਉਹ ਦੇ ਸਿਰ ਉਤੇ ਅੱਗ ਦੇ ਅੰਗਿਆਰਾਂ ਦਾ ਢੇਰ ਲਾਵੇਂਗਾ" ਬੁਰਿਆਈ ਤੋਂ ਨਾ ਹਾਰ ਸਗੋਂ ਭਲਿਆਈ ਨਾਲ ਬੁਰਿਆਈ ਨੂੰ ਜਿੱਤ ਲੈ (ਰੋਮੀਆਂ 12:17, 20,21)।

ਏਥੇ ਮੈਨੂੰ ਇਕ ਹਾਥੀ ਦੀ ਯਾਦ ਆਉਂਦੀ ਹੈ ਜੋ ਆਪਣੇ ਮਾਲਕ ਨਾਲ ਹਿੰਦੋਸਤਾਨ ਦੀਆਂ ਗਲੀਆਂ ਵਿੱਚ ਲੇਜਾਇਆ ਜਾ ਰਹਾ ਸੀ । ਆਲਤੂ-ਫਾਲਤੂ ਜਾਨਵਰਾਂ ਨੂੰ ਨਾਲ ਚੱਲਣ ਤੋਂ ਰੋਕਣ ਲਈ ਆਦਮੀ ਇਕ ਤੇਜ਼ ਧਾਰੀ

ਲੋਹੇ ਦਾ ਡੰਡਾ ਲਿਜਾ ਰਿਹਾ ਸੀ। ਫਿਰ ਮਾਲਕ ਹੱਥੋਂ ਉਹ ਡੰਡਾ ਫਿਸਲ ਪਿਆ ਅਤੇ ਟਣ-ਟਣ ਦੀ ਆਵਾਜ਼ ਨਾਲ ਥੱਲੇ ਡਿੱਗ ਪਿਆ। ਧੀਰਜਵਾਨ ਹਾਥੀ ਪਿੱਛੇ ਮੁੜਿਆ, ਆਪਣੀ ਸੁੰਡ ਨਾਲ ਡੰਡਾ ਫੜਿਆ ਅਤੇ ਮਾਲਕ ਨੂੰ ਫੜਾ ਦਿੱਤਾ। ਜੇ ਹਾਥੀ ਕਿੱਤੇ ਮਸੀਹੀ ਹੁੰਦੇ ਤਾਂ ਇਹ ਹਾਥੀ ਪੱਕਾ ਮਸੀਹੀ ਹੁੰਦਾ।

**6. ਦੂਸਰਿਆਂ ਨੂੰ ਆਪਣੇ ਨਾਲੋਂ ਜਿਆਦਾ ਆਦਰ ਦੇਣਾ**

ਜੋ ਦੂਸਰੇ ਨੂੰ ਆਪਣੇ ਆਪ ਤੋਂ ਉੱਤਮ ਜਾਣਦਾ ਹੈ ਇਹ ਟੁੱਟੇ ਮਨ ਦੀ ਨਿਸ਼ਾਨੀ ਹੈ (ਫਿਲਿਪੀਆ 2:3)। ਅਸੀਂ ਇਸਦੀ ਉਦਾਹਰਨ ਅਬ੍ਰਾਹਮ ਦੇ ਜੀਵਨ ਵਿਚ ਦੇਖ ਸਕਦੇ ਹਾਂ (ਉਤਪੱਤ.13:1-3)। ਉਹ ਅਤੇ ਲੂਤ ਆਪਣੇ ਪਰਿਵਾਰਾਂ ਅਤੇ ਜਾਇਦਾਦ ਨਾਲ ਮਿਸਰ ਤੋਂ ਨੇਗਬ ਅਤੇ ਫਿਦਰ ਬੈਤਏਲ ਆ ਚੁੱਕੇ ਸਨ। ਦੋਨਾਂ ਕੋਲ ਕਾਫ਼ੀ ਇੱਜ਼ਤ ਅਤੇ ਮਾਲ ਸਨ, ਅਤੇ ਜਲਦੀ ਹੀ ਉਨ੍ਹਾਂ ਦੇ ਕਾਮਿਆਂ ਵਿਚਕਾਰ ਚਰਾਗਾਹ ਦੇ ਮਸਲੇ ਤੇ ਝਗੜਾ ਉਤਪੰਨ ਹੋ ਗਿਆ। ਨਤੀਜੇ ਵਜੋਂ ਇਸ ਸਮੇਂ ਅਬ੍ਰਾਹਮ ਨੇ ਅੱਗੇ ਵੱਧਕੇ ਆਖਿਆ, " ਦੇਖੋ, ਲੂਤ, ਅਸੀਂ ਕੁਝ ਪੰਡਾ ਘਾਹ ਬਦਲੇ ਆਪਣਾ ਸਬੰਧ ਨਹੀਂ ਤੋੜਨ ਜਾ ਰਹੇ। ਜਿਹੜੀ ਵੀ ਚਰਾਂਦ ਤੈਨੂੰ ਚਾਹੀਦੀ ਹੈ ਤੂੰ ਲੈ ਲਾ, ਅਤੇ ਮੈਂ ਆਪਣੇ ਜਾਨਵਰ ਕਿਸੇ ਹੋਰ ਜਗ੍ਹਾ ਲੈ ਜਾਵਾਂਗਾ।" ਇਸ ਲਈ ਲੂਤ ਨੇ ਯਰਦਨ ਦੀ ਘਾਟੀ ਵਿਚ ਹਰੀ ਚਰਾਗਾਹ ਚੁਣ ਲਈ ਜੋ ਸਦੂਮ ਦੇ ਬਿਲਕੁਲ ਨਜ਼ਦੀਕ। ਖੁੱਲ੍ਹੇ-ਦਿਲੀ ਅਬ੍ਰਾਹਮ ਦੂਰ ਕਨਾਨ ਵੱਲ ਮੁੜ ਗਿਆ। ਅਤੇ ਇਸ ਤਰ੍ਹਾਂ ਪੁਰਾਣੇ ਨਿਯਮ ਦਾ ਇਕ ਸੰਤ, ਪੰਤੇਕੁਸਤ ਤੋਂ ਪਹਿਲਾਂ ਰਹਿ ਕੇ, ਸਾਨੂੰ ਵਿਹਾਰਕ ਪ੍ਰਗਟੀਕਰਨ ਦਰਸਾਉਂਦੇ ਹਨ ਜਿਸਦੇ ਬਾਰੇ ਪੌਲੁਸ ਨੇ ਵਿਆਖਿਆ ਕੀਤੀ ਜਦ ਉਹ ਆਖਿਆ:

ਭਰੱਪਣ ਦੇ ਪ੍ਰੇਮ ਵਿਚ ਇਕ ਦੂਏ ਨਾਲ ਗੂੜ੍ਹਾ ਹਿਤ ਰੱਖੋ, ਆਦਰ ਵਿੱਚ ਦੂਏ ਨੂੰ ਚੰਗਾ ਸਮਝੋ (ਰੋਮੀਆਂ 12:10)।

## 7. ਤੁਰੰਤ ਆਗਿਆਕਾਰੀਤਾ

ਪ੍ਰੰਤੂ ਇਹ ਸਭ ਕੁਝ ਨਹੀ ਹੈ। ਪ੍ਰਮੇਸ਼ਰ ਚਾਹੁੰਦਾ ਹੈ ਕਿ ਅਸੀਂ ਉਸਦੀ ਇੱਛਾ ਸਵੀਕਾਰ ਕਰੀਏ ਅਤੇ ਉਸਦੀ ਪਾਲਣਾ ਕਰੀਏ। ਜ਼ਬੂਰ ਰਚੇਤਾ ਇਸਨੂੰ ਸੰਖੇਪ ਕਰਦਾ ਹੈ:

ਤੁਸੀਂ ਘੋੜੇ ਅਤੇ ਖੱਚਰ ਵਰਗੇ ਨਾ ਹੋਣਾ ਜਿਹੜੇ ਬੇਸਮਝ ਹਨ, ਲਗਾਮ ਅਰ ਵਾਗ ਨਾਲ ਉਨ੍ਹਾਂ ਨੂੰ ਕਾਬੂ ਰੱਖੀਦਾ ਹੈ, ਨਹੀਂ ਤਾਂ ਉਹ ਤੇਰੇ ਨੇੜੇ ਨਾ ਆਉਣਗੇ। (ਜ਼ਬੂਰ 32:9)

ਜੋਸ਼ੀਲੇ ਘੋੜੇ ਦਾ ਰੌ ਬੰਦੂਕ ਦੀ ਨੋਕ ਤੇ ਉਛਲ ਜਾਂਦਾ ਹੈ। ਜਿੱਥੇ ਕੀ ਖੱਚਰ ਢੀਠਪਨ ਅਤੇ ਹੱਠੀਲੇਪਨ ਨੂੰ ਸੰਕੇਤ ਕਰਦਾ ਹੈ। ਇਸ ਲਈ ਸਾਡੇ ਕੋਲ ਪ੍ਰਮੇਸ਼ਰ ਦੀ ਇੱਛਾ ਦੇ ਸਬੰਧ 'ਚ' ਦੋ ਖਤਰੇ ਹਨ। ਇਹ ਸੰਭਵ ਹੈ ਕਿ ਬਿਨ੍ਹਾਂ ਸ਼ਪਸ਼ਟ ਨਿਰਦੇਸ਼ ਤੁਰ ਪੈਣਾ, ਬਿਨਾਂ ਭੇਜੇ ਦੌੜ ਪੈਣਾ। ਅਤੇ ਫਿਰ ਇਹ ਸੰਭਵ ਹੈ ਕਿ ਸਵੈ-ਇੱਛਾ ਨਾਲ ਪ੍ਰਭੂ ਦੀ ਸ਼ਪੱਸ਼ਟ ਅਗਵਾਈ ਦਾ ਵਿਰੋਧ ਕਰਨਾ।

ਉਦਾਹਰਣ ਵਜੋਂ, ਯੋਨਾ। ਇਸ ਵਿੱਚ ਕੋਈ ਸ਼ੱਕ ਨਹੀਂ ਸੀ ਕਿ ਪ੍ਰਮੇਸ਼ਰ ਉਸ ਤੋਂ ਕੀ ਕਰਾਉਣਾ ਚਾਹੁੰਦਾ ਹੈ। ਉਸਨੂੰ ਨਿਨਵੇ ਜਾਣ ਅਤੇ ਮਨ ਫਰਾਓ ਦਾ ਪ੍ਰਚਾਰ ਕਰਨ ਲਈ ਬੁਲਾਇਆ ਸੀ। ਪ੍ਰੰਤੂ ਅਜੇ ਉਸਦਾ ਮਨ ਟੁੱਟਿਆ ਨਹੀਂ ਸੀ। ਇਸ ਲਈ ਉਸਨੇ ਉਲਟੇ ਰਾਸਤੇ ਜਾਣ ਵਾਲਾ ਜਹਾਜ਼ ਫੜਿਆ। ਕੇਵਲ ਉਸਦੇ ਮੱਛੀ ਦੇ ਪੇਟ ਵਿਚ ਤਜੁਰਬੇ ਤੋਂ ਬਾਅਦ ਉਸਦੀ ਇੱਛਾ ਪ੍ਰਮੇਸ਼ੁਰ ਦੀ ਆਗਿਆ ਮੰਨਣ ਲਈ ਝੁਕੀ। ਫਿਰ ਉਹ ਇਹ ਸਾਬਤ ਕਰਨ ਲਈ ਗਿਆ ਕਿ ਕੁਝ ਵੀ ਹੋਵੇ ਪ੍ਰਮੇਸ਼ਰ ਦੀ ਇੱਛਾ, ਭਲੀ ਅਤੇ ਮੰਨਣਯੋਗ ਅਤੇ ਸਿੱਧ ਹੈ ( ਰੋਮੀਆਂ 12:2)

ਸਾਡੇ ਕੋਲ ਇ਼ਕ ਹੋਰ ਅਨੋਖੀ ਤਸਵੀਰ ਹੈ ਉਸ ਗਧੀ ਦੇ ਬੱਚੇ ਦੀ ਜਿਸ

ਉੱਤੇ ਯਿਸੂ ਨੇ ਸਵਾਰ ਹੋ ਕੇ ਯੇਰੂਸ਼ਲਮ ਵਿਚ ਪ੍ਰਵੇਸ਼ ਕੀਤਾ (ਲੂਕਾ 19:29-35)। ਹੁਣ ਤੀਕੁਰ ਇਸ ਜਾਨਵਰ ਉੱਤੇ ਕਦੀ ਕੋਈ ਸਵਾਰ ਨਹੀਂ ਸੀ ਹੋਇਆ ਅਤੇ ਉਸ ਉਤੇ ਪਹਿਲੀ ਵਾਰ ਸਵਾਰ ਹੋਣ ਵਾਲੇ ਵਿਅਕਤੀ ਦਾ ਉਹ ਵਿਰੋਧ ਕਰ ਸਕਦਾ ਸੀ। ਲੇਕਿਨ ਜਦ ਮੁਕਤੀਦਾਤਾ ਅੱਗੇ ਵਧਿਆ, ਤਾਂ ਇਸਨੇ ਤੁਰੰਤ ਸਿਧਾਇਆ ਹੋਇਆ ਅਨੁਭਵ ਕੀਤਾ।ਗਧੀ ਦੇ ਬੱਚੇ ਦੀ ਮਰਜ਼ੀ ਪੂਰੀ ਤਰ੍ਹਾਂ ਆਪਣੇ ਸਿਰਜਨਹਾਰੇ ਦੀ ਮਰਜ਼ੀ ਦੇ ਅਧੀਨ ਹੋ ਗਈ।

ਸ਼ਾਇਦ ਅਸੀਂ ਏਥੇ ਮਿੱਟੀ ਦਾ ਰੂਪਕ ਲੈ ਸਕਦੇ ਹਾਂ। ਪ੍ਰੱਭੂ ਯਿਸੂ ਦੇ ਹੱਥਾਂ ਵਿਚ ਟੁੱਟਿਆ ਹੋਇਆ ਵਿਅਕਤੀ ਅਤੇ ਘੁਮਿਆਰ ਦੇ ਹੱਥਾਂ ਵਿਚ ਮਿੱਟੀ ਦੋਵੇਂ ਉਦਾਹਰਣਾਂ ਬਰਾਬਰ ਹਨ-ਦੋਵੇਂ ਆਪਣੇ ਰਚੇਤਾ ਦੀਆਂ ਉਂਗਲੀਆਂ ਦੇ ਵਸ ਵਿਚ ਹਨ।

ਇਸ ਲਈ ਸਮਰਪਿਤ ਸੰਤ ਦੀ ਇਹ ਰੋਜ਼ਾਨਾ ਪ੍ਰਾਥਨਾ ਹੋਵੇ:

ਤੇਰੀ ਮਰਜ਼ੀ ਪੂਰੀ ਹੋਵੇ, ਪ੍ਰੱਭੂ!
ਤੇਰੀ ਮਰਜ਼ੀ ਪੂਰੀ ਹੋਵੇ!
ਮੈਂ ਮਿੱਟੀ ਹੂੰ ; ਤੂੰ ਹੈ ਘੁਮਿਆਰ ।

ਜਦ ਮੈਂ ਇੰਤਜ਼ਾਰ ਕਰ ਰਿਹਾ, ਤਿਆਰ ਅਤੇ ਸ਼ਾਂਤ ਹਾਂ।
ਮੈਨੂੰ ਮੋੜ ਅਤੇ ਬਣਾ ਆਪਣੀ ਮਰਜ਼ੀ ਦੇ ਅਨੁਰੂਪ,
ਤੇਰੀ ਮਰਜ਼ੀ ਪੂਰੀ ਹੋਵੇ, ਪ੍ਰੱਭੂ।
ਤੇਰੀ ਮਰਜ਼ੀ ਪੂਰੀ ਹੋਵੇ!

ਮੈਨੂੰ ਜਾਂਚ ਮੈਨੂੰ ਪਰਖ ਅੱਜ ਤੂੰ ਸੁਆਮੀ!
ਬਰਫ਼ ਤੋਂ ਸਫੈਦ, ਪ੍ਰੱਭੂ, ਹੁਣ ਮੈਨੂੰ ਸਾਫ਼ ਕਰ।

ਜਿਵੇਂ ਤੇਰੀ ਹਜ਼ੂਰੀ ਵਿਚ ਮੈਂ ਨਿਰਮਰਤਾ ਨਾਲ ਝੁਕਦਾ ਹਾਂ।
ਤੇਰੀ ਮਰਜ਼ੀ ਪੂਰੀ ਹੋਵੇ, ਪ੍ਰੱਭੂ!
ਤੇਰੀ ਮਰਜ਼ੀ ਪੂਰੀ ਹੋਵੇ!

ਜ਼ਖ਼ਮੀ ਅਤੇ ਥੱਕਿਆ ਹੋਇਆ, ਪ੍ਰਭੂ, ਮੇਰੀ ਮਦਦ ਕਰ, ਮੈਂ ਬੇਨਤੀ ਕਰਦਾ!
ਸਮਰੱਥ- ਸਰਬ ਸਮਰੱਥ -ਸਚਮੁੱਚ ਤੇਰੀ ਹੈ।
ਮੈਨੂੰ ਛੂ ਅਤੇ ਚੰਗਾ ਕਰ,
ਹੇ ਮੁਕਤੀਦਾਤੇ!
ਤੇਰੀ ਮਰਜ਼ੀ ਪੂਰੀ ਹੋਵੇ, ਪ੍ਰੱਭੂ!
ਤੇਰੀ ਮਰਜ਼ੀ ਪੂਰੀ ਹੋਵੇ!

ਮੈਨੂੰ ਆਪਣੇ ਨਿਅਤ੍ਰੰਣ ਵਿਚ ਕਰ!
ਆਪਣੀ ਆਤਮਾ ਨਾਲ ਭਰਪੂਰ ਕਰ ਤਾਂਕਿ ਉਹ ਦੇਖਣ
'ਸਦਾ ਮਸੀਹ ਮੇਰੇ ਵਿਚ ਜੋ ਜੀਵਿਤ ਹੈ!

### 8. ਜ਼ਾਹਿਰ ਨਾਮ ਲਈ ਮਿਰਤੂ

ਟੁੱਟੇ ਹੋਏ ਹਿਰਦੇ ਦੇ ਅਨੇਕਾਂ ਹੋਰ ਪਹਿਲੂ ਹਨ। ਮਿਸਾਲ ਦੇ ਤੌਰ ਸਾਨੂੰ ਉਸ ਸਥਾਨ ਤੇ ਆਉਣ ਦੀ ਲੋੜ ਹੈ ਜਿੱਥੇ ਅਸੀਂ ਸੰਸਾਰ ਦੀ ਪ੍ਰਸ਼ੰਸਾ ਜਾਂ ਨਰਾਜ਼ਗੀ ਲਈ ਮਰ ਚੁੱਕੇ ਹਾਂ। ਡਬਲਯੂ. ਪੀ. ਨਿਕਲਸਨ ਤੋਬਾ ਕਰਨ ਤੋਂ ਬਾਅਦ, ਮੁਕਤੀ ਫੌਜ ਦੇ ਇਕ ਅਫਸਰ ਦੇ ਅਧਿਆਪਨ ਹੇਠ ਆਇਆ। ਇਕ ਦਿਨ ਅਫਸਰ ਨੇ ਉਸਨੂੰ ਆਖਿਆ, " ਜੇ ਤੂੰ ਪ੍ਰਮੇਸ਼ਰ ਲਈ ਕੰਮ ਕਰਨਾ ਚਾਹੁੰਦਾ ਹੈ, ਨਗਰ ਦੇ ਵਿਚ ਕੁਝ ਘੰਟੇ ਇਹ ਚਿੰਨ ਤਖ਼ਤੀ ਪਹਿਨਕੇ ਘੁੰਮ ਕੇ ਆ **"ਪਬਲਿਕ ਵਿਚਾਰਧਾਰਾ ਲਈ ਮਰ ਗਿਆ।"** ਇਸ ਅਨੁਭਵ ਦਾ ਨਿਕਲਸਨ ਦੇ ਜੀਵਨ ਤੇ ਮਸੀਹ ਦੀ ਨਿਡਰ ਸੇਵਕਾਈ ਲਈ ਡੂੰਘਾ ਅਸਰ ਪਿਆ।

### 9. ਦੂਸਰਿਆਂ ਦੇ ਪਾਪਾਂ ਨੂੰ ਆਪਣੇ ਪਾਪਾਂ ਦੇ ਰੂਪ ਵਿੱਚ ਸਵੀਕਾਰ ਕਰਨਾ

ਸਾਨੂੰ ਐਨਾ ਟੁੱਟਣਾ ਚਾਹੀਦਾ ਹੈ ਕਿ ਅਸੀਂ ਪ੍ਰਮੇਸ਼ਰ ਦੇ ਲੋਕਾਂ ਦੇ ਪਾਪਾਂ ਨੂੰ ਅਪਣਾਇਆ ਪਾਪਾਂ ਵਾਂਗਰ ਇਕਰਾਰ ਕਰੀਏ। ਇਹੋ ਦਾਨੀਏਲ ਨੇ ਕੀਤਾ (ਦਾਨੀਏਲ 9:3-9)। ਉਹ ਨਿੱਜੀ ਤੌਰ ਤੇ ਬਹੁਤਿਆਂ ਪਾਪਾਂ ਦਾ ਦੋਸ਼ੀ ਨਹੀਂ ਸੀ ਜਿਨ੍ਹਾਂ ਨੂੰ ਉਸਨੇ ਦਰਜ ਕੀਤਾ ਹੈ। ਪਰ ਉਸਨੇ ਆਪਣੇ ਆਪਨੂੰ ਇਸਰਾਇਲ ਦੇਸ਼ ਨਾਲ ਐਨਾ ਨਜ਼ਦੀਕੀ ਨਾਲ ਜੋੜਿਆ ਕਿ ਉਨ੍ਹਾਂ ਦੇ ਪਾਪ ਉਸਦੇ ਆਪਣੇ ਪਾਪ ਹੋ ਗਏ। ਇਸ ਵਿਚ ਉਹ ਸਾਨੂੰ ਯਾਦ ਕਰਵਉਂਦਾ ਹੈ, ਬੇਸ਼ਕ, ਜਿਸਨੇ "ਸਾਡੇ ਪਾਪ ਅਤੇ ਦੁੱਖ ਚੁੱਕ ਲਏ ਅਤੇ ਉਨ੍ਹਾਂ ਨੂੰ ਆਪਣੇ ਬਣਾ ਲਿਆ।" ਅਤੇ ਸਾਡੇ ਲਈ ਸਬਕ ਇਹ ਹੈ ਕਿ ਸਾਨੂੰ ਦੂਸਰੇ ਵਿਸਵਾਸ਼ੀਆਂ ਦੀ ਅਲੋਚਨਾ ਕਰਨ ਅਤੇ ਉਨ੍ਹਾਂ ਤੇ ਦੋਸ਼ੀ ਉਂਗਲ ਉਠਾਉਣ ਦੀ ਬਜਾਏ, ਸਾਨੂੰ ਉਨ੍ਹਾਂ ਦੇ ਪਾਪ ਇਸ ਤਰ੍ਹਾਂ ਕਬੂਲ ਕਰਨੇ ਚਾਹੀਦੇ ਹਨ ਜਿਵੇਂ ਉਹ ਸਾਡੇ ਹੋਣ।

## 10. ਸੰਕਟ ਵਿਚ ਸ਼ਾਂਤ ਰਹਿਣਾ

ਟੁਟੇ ਹੋਏ ਹਿਰਦੇ ਦਾ ਅੰਤਮ ਪਹਿਲੂ ਹੈ ਸੰਕਟੀ ਜੀਵਨ ਵਿਚ ਅਡੋਲ ਅਤੇ ਸ਼ਾਂਤ ਰਹਿਣਾ। ਜਦ ਅਣਚਾਹੇ ਰੁਕਾਵਟ ਵਾਪਰੇ ਤਾਂ ਸੁਭਾਵਕ ਪ੍ਰਤੀਕ੍ਰਿਆ ਖਲਬਲੀ ਮਚਾਉਂਣ ਅਤੇ ਖਿਝਣ ਦੀ ਹੁੰਦੀ ਹੈ। ਨਿੱਤਨੇਮ ਵਿਚ ਰੁਕਾਵਟਾਂ ਆਉਂਣ ਤਾਂ ਅਕਸਰ ਖਿਝ ਅਤੇ ਚਿੜ ਆਉਂਦੀ ਹੈ। ਮਸ਼ੀਨਰੀ ਟੁੱਟਣਾ ਅਤੇ ਦੁਰਘਟਨਾ-ਵਾਪਰਨ ਤੇ ਅਸੀਂ ਝੁੰਝਲਾ ਜਾਂਦੇ ਹਾਂ ਅਤੇ ਕ੍ਰੋਧੀ ਹੁੰਦੇ ਹਾਂ । ਸਾਡੇ ਕੰਮ ਵਿੱਚ ਬਦਲਾਓ ਆਉਂਦਾ ਹੈ ਅਤੇ ਨਿਰਾਸ਼ਾਵਾਂ ਸਾਡੇ ਅੰਦਰੋ ਬੁਰਾਈ ਬਣਕੇ ਬਾਹਰ ਪ੍ਰਗਟ ਹੋਣ ਦਾ ਰਾਸਤਾ ਬਣਦੀਆਂ ਹਨ। ਜਨੂੰਨ, ਚਿੜਚੜਾਪਣ, ਗੁੱਸਾ ਅਤੇ ਪਾਗਲਪਣ ਇਹ ਸਭ ਮਸੀਹੀ ਗਵਾਹੀ ਨੂੰ ਤਬਾਹ ਕਰਦੇ ਹਨ। ਟੁੱਟੇਪਣ ਦਾ ਤਰੀਕਾ ਹੈ ਕਿ ਇਨ੍ਹਾਂ ਸੰਕਟਾਂ ਦੌਰਾਨ ਸ਼ਾਂਤ ਰਹਿਣਾ ਇਹ ਜਾਣਦਿਆਂ ਹੋਇਆ ਕਿ ਪ੍ਰਮੇਸ਼ਵਰ ਆਪਣੇ ਉਦੇਸ਼ ਪੂਰੇ ਕਰਨਲਈ ਜੀਵਨ ਦੀਆਂ ਸਭ ਸਥਿਤੀਆਂ ਵਿਚ ਪ੍ਰਭੁਤਾ ਕਰ ਰਿਹਾ ਹੈ। ਤੁਹਾਨੂੰ ਛੋਟੀ ਦੇ ਰਾਹ ਤੋਂ ਆਉਂਣ ਵਾਲੀ ਬਰਬਾਦੀ ਤੋਂ ਬਚਾਉਣ ਵਾਸਤੇ ਗੱਡੀ ਦਾ ਟਾਇਰ ਪੰਚਰ ਹੋਣਾ ਬਰਕਤ ਦਾ ਕਾਰਨ ਹੀ ਹੁੰਦਾ ਹੈ । ਅਚਾਨਕ ਆਇਆ ਮਹਿਮਾਨ ਜੋ

ਤੁਹਾਨੂੰ ਪ੍ਰੱਭੂ ਦੀ ਸੇਵਾ ਵਿਚ ਰੁਕਾਵਟ ਪਾਉਂਦਾ ਹੈ, ਸ਼ਾਇਦ ਤੁਹਾਡੇ ਨਾਲੋਂ ਵੀ ਮਹੱਤਵਪੂਰਨ ਸੇਵਾਕਾਈ ਪੇਸ਼ ਕਰੇ। ਸ਼ਾਇਦ ਦੁਰਘਟਨਾ ਤੁਹਾਨੂੰ ਤਮਾਮ ਪ੍ਰੇਸ਼ਾਨੀ ਅਤੇ ਖਰਚੇ ਨਾਲ ਉਨ੍ਹਾਂ ਲੋਕਾਂ ਦੇ ਸਬੰਧ ਵਿਚ ਲਿਆਵੇ ਜੋ ਇੰਜ਼ੀਲ ਨੂੰ ਕਬੂਲ ਕਰਨ ਲਈ ਪਵਿੱਤਰ ਆਤਮਾ ਦੁਆਰਾ ਤਿਆਰ ਕੀਤੇ ਗਏ ਹਨ। ਇਨ੍ਹਾਂ ਸਾਰੇ ਹਲਾਤਾਂ ਵਿਚ ਪ੍ਰੱਭੂ ਚਾਹੁੰਦਾ ਹੈ ਕਿ ਅਸੀਂ ਬੇਸਬਰੀ ਦੇ ਬਜਾਏ ਸ਼ਾਂਤੀ ਨਾਲ, ਬਗਾਵਤ ਦੀ ਬਜਾਏ ਟੁਟੇ ਹੋਏ ਮਨ ਨਾਲ ਪ੍ਰਤੀਕ੍ਰਿਆ ਕਰੀਏ।

ਇਹ ਕੁਝ ਉਹ ਉਦਾਹਰਣਾਂ ਹਨ ਜਿਨ੍ਹਾਂ ਦਾ ਮਤਲਬ ਹੈ ਟੁੱਟਿਆ ਹੋਇਆ ਹਿਰਦੇ । ਇਹ ਸੂਚੀ ਕੁੱਝ ਸੁਝਾਓ ਹਨ ਪ੍ਰੰਤ ਸੰਪੂਰਨ ਨਹੀਂ ਹਨ। ਜਦ ਅਸੀਂ ਪ੍ਰੱਭੂ ਦੀ ਸੰਗਤੀ ਨਾਲ ਚੱਲਦੇ ਹਾਂ, ਉਹ ਸਾਡੇ ਨਿੱਜੀ ਜੀਵਨ ਵਿਚ ਦਖਾਏਗਾ ਸਾਨੂੰ ਸਲੀਬ ਦੇ ਚਰਨਾਂ ਵਿਚ ਕਿੱਥੇ ਟੁੱਟਣ ਦੀ ਲੋੜ ਹੈ। ਅਤੇ ਹਰੇਕ ਪ੍ਰਕਾਸ਼ ਨਾਲ ਉਹ ਜ਼ਰੂਰੀ ਕ੍ਰਿਪਾ ਵੀ ਪ੍ਰਦਾਨ ਕਰੇਗਾ।

ਕਿਉਂ ਜੋ ਪ੍ਰਮੇਸ਼ਰ ਹੀ ਹੈ ਜਿਹੜਾ ਤੁਹਾਡੇ ਵਿਚ ਮਨਸ਼ਾ ਤੇ ਅਮਲ ਦੋਹਾਂ ਨੂੰ ਆਪਣੇ ਨੇਕ ਇਰਾਦੇ ਨੂੰ ਪੂਰਾ ਕਰਨ ਲਈ ਪੈਦਾ ਕਰਦਾ ਹੈ।

(ਫਿੱਲਿਪਿਆ 2:13)

# ਟੁੱਟੇ ਹੋਏ ਹਿਰਦੇ ਦਾ ਅਰਥ ਕੀ ਨਹੀਂ ਹੈ

ਟੁੱਟੇ ਹੋਏ ਹਿਰਦੇ ਦੇ ਕੁਝ ਭਾਗਾਂ ਨੂੰ ਵਿਚਾਰਨ ਤੋਂ ਬਾਅਦ, ਸਾਨੂੰ ਸੰਖੇਪ ਵਿਚ ਖੁਲਾਸਾ ਕਰਨਾ ਚਾਹੀਦਾ ਹੈ ਕਿ ਟੁੱਟੇ ਹੋਏ ਹਿਰਦੇ ਦਾ ਅਰਥ ਕੀ ਨਹੀਂ ਹੈ। ਇਸਦਾ ਮਤਲਬ ਇਹ ਨਹੀਂ ਕਿ ਵਿਅਕਤੀ ਸਾਊ, ਭੋਲਾ, ਹਮੇਸ਼ਾ ਝੁਕਣ ਵਾਲਾ ਅਤੇ ਖਿਮਾ ਦੀ ਭੀਖ ਮੰਗਣ ਵਾਲਾ ਬਣ ਜਾਵੇ। ਇਸਦਾ ਅਰਥ ਇਹ ਨਹੀਂ ਕਿ ਉਹ ਇਕ ਸ਼ਕਤੀਹੀਣ ਸਿਫਰ ਬਣ ਜਾਵੇ, ਅਤੇ ਆਪਣੇ ਆਲੇ-ਦੁਆਲੇ ਦੇ ਲੋਕਾਂ ਤੇ ਪ੍ਰਭਾਵ ਨਾ ਪਾਵੇ। ਇਸਦੇ ਉਲਟ ਟੁੱਟਾ ਹੋਇਆ ਮਨ ਮਜ਼ਬੂਤ ਚਰਿੱਤਰ ਦਾ ਇਕ ਸਰਬੋਤਮ ਭਾਗ ਹੈ। ਨਾਟੁੱਟਣ ਲਈ ਕਿਸੇ ਅਨੁਸ਼ਾਸ਼ਨ ਦੀ ਲੋੜ ਨਹੀਂ ਹੈ। ਲੇਕਿਨ ਜਦ ਸੁਭਾਵਿਕ ਇੰਦਰੀਆਂ ਤੁਰੰਤ ਵਿਦਰੋਹ ਕਰਦੀਆਂ ਹਨ, ਸਾਨੂੰ ਆਪਣੇ ਆਪ ਨੂੰ ਮਸੀਹ ਵਰਗਾ ਬਣਾਉਣ ਦੀ ਲੋੜ ਹੈ।

ਟੁੱਟੇ ਹੋਏ ਲੋਕ ਸਭ ਤੋਂ ਆਕਰਸ਼ਿਤ ਚਰਿੱਤਰ ਵਾਲੇ ਹੁੰਦੇ ਹਨ। ਉਹ ਸ਼ਾਤਮਈ ਸਵਰਗੀ ਸਮਰੱਥ ਨਾਲ ਪ੍ਰਭਾਵ ਪਾਉਂਦੇ ਹਨ। ਇਹ ਵਿਰੋਧਾਭਾਸ ਹੈ, ਲੇਕਿਨ ਇਹ ਹੈ: " ਤੇਰੀ ਨਰਮਾਈ ਨੇ ਮੈਨੂੰ ਵਡਿਆਇਆ ਹੈ" (ਜ਼ਬੂਰ.18:35)। ਅਤੇ ਜਦ ਜ਼ਰੂਰਤ ਪਵੇ ਉਹ ਆਪਣਾ ਗੁੱਸਾ ਪ੍ਰਗਟ ਕਰ ਸਕਦੇ ਹਨ। ਅਸੀਂ ਇਹ ਆਪਣੇ ਪ੍ਰੱਭੂ ਦੇ ਜੀਵਨ ਵਿਚ ਦੇਖ ਸਕਦੇ ਹਾਂ। ਉਸਨੇ ਇਕ ਛੋਟੇ ਜਿਹੇ ਰੱਸੀ ਦੇ ਕੋਰੜੇ ਨਾਲ ਸਰਾਫਾਂ ਨੂੰ ਹੈਕਲ ਵਿਚੋਂ ਖਿੰਡਾ ਦਿੱਤਾ। ਪਰੰਤੂ ਮਹੱਤਵਪੂਰਨ ਚੀਜ਼ ਦੇਖਣ ਵਾਲੀ ਇਹ ਹੈ ਕਿ ਉਸਨੂੰ ਕ੍ਰੋਧ ਇਸ ਲਈ ਨਹੀਂ ਆਇਆ। ਕਿਉਂਕਿ ਉਸ ਨਾਲ ਨਿੱਜੀ ਤੌਰ ਤੇ ਅਨਿਆ ਹੋਇਆ ਸੀ, ਲੇਕਿਨ ਇਸ ਲਈ ਕਿਉਂਕਿ ਉਸਦੇ ਪਿਤਾ ਦਾ ਘਰ ਬੇਈਜ਼ੱਤ ਹੋਇਆ ਸੀ। ਜਿਵੇਂ ਕਿਹਾ ਗਿਆ ਹੈ, "ਉਹ ਪ੍ਰਮੇਸ਼ਵਰ ਦੇ ਕੰਮਾਂ ਲਈ ਇਕ ਸ਼ੇਰ ਸੀ ਪਰ ਆਪਣੇ ਲਈ ਉਹ ਇਕ ਮੇਮਨਾ।" ਬਹੁਤ ਸਾਰੇ ਸ਼ਹੀਦ ਅਤੇ ਧਰਮ ਸੁਧਾਰਕ ਸਚਮੁੱਚੇ ਟੁੱਟੇ ਹੋਏ ਸਨ ਲੇਕਿਨ ਕੋਈ ਇਹ ਨਹੀਂ ਆਖ ਸਕਦਾ ਕਿ ਉਹ ਕਮਜ਼ੋਰ ਜਾਂ ਪ੍ਰਭਾਵਹੀਣ ਸਨ।

# ਪੀੜ੍ਹੀ ਅੰਤਰਾਲ

ਬੱਚੇ-ਮਾਪਿਆਂ ਦੇ ਸਬੰਧ ਵਿਚ ਟੁੱਟੇ ਹੋਏ ਹਿਰਦੇ ਨੂੰ ਵਿਹਾਰ ਵਿਚ ਲਿਆਉਣਾ ਇਕ ਬਹੁਤ ਮੁਸ਼ਕਿਲ ਪਹਿਲੂਆਂ ਵਿਚੋਂ ਜਾਪਦਾ ਹੈ। ਮਨੁੱਖੀ ਪਤਨ ਦੀ ਵਿਗੜੀ ਆਦਤ ਦੇ ਕਾਰਨ ਅਸੀਂ ਉਨ੍ਹਾਂ ਪ੍ਰਤੀ ਜੋ ਸਾਡੇ ਅੱਤ ਨਜ਼ਦੀਕੀ ਹੁੰਦੇ ਹਨ ਸਭ ਤੋਂ ਜ਼ਿਆਦਾ ਪ੍ਰੇਮਰਹਿਤ ਹੁੰਦੇ ਹਾਂ। ਬਹੁਤ ਸਾਰੀਆਂ ਮਸੀਹੀ ਲੜਕੀਆਂ ਆਪਣੇ ਅੰਦਰ ਲਗਾਤਾਰ ਇਕ ਸੰਘਰਸ਼ ਨੂੰ ਲੜਦੀਆਂ ਰਹਿੰਦੀਆਂ ਹਨ। ਕਿਉਂਕਿ ਉਹ ਆਪਣੀਆਂ ਮਾਵਾਂ ਵਲੋਂ ਵਿਰੋਧਤਾ ਮਹਿਸੂਸ ਕਰਦੀਆਂ ਹਨ। ਅਤੇ ਬਹੁਤੇ ਮਸੀਹੀ ਲੜਕੇ ਮੁਸ਼ਕਿਲ ਨਾਲ ਕਦੀ ਆਪਣੇ ਪਿਤਾਵਾਂ ਪ੍ਰਤੀ ਨਿਮਰ ਹੋਣ। ਕੋਈ ਵੀ ਪੀੜ੍ਹੀ ਅੰਤਰ ਨੂੰ ਅਸਵੀਕਾਰ ਨਹੀਂ ਕਰਦਾ; ਦਰਅਸਲ ਇਹ ਇਕ ਵਿਸ਼ਾਲ ਖਾੜੀ ਹੈ। ਜਵਾਨ ਸ਼ਕਾਇਤ ਕਰਦੇ ਹਨ ਕਿ ਉਨ੍ਹਾਂ ਦੇ ਮਾਤਾ-ਪਿਤਾ ਉਨ੍ਹਾਂ ਨੂੰ ਸਮਝਦੇ ਨਹੀਂ ਹਨ, ਕਿ ਉਹ ਦਬਾਊ ਹਨ, ਕਿ ਉਹ ਸਮੇਂ ਦੀ ਲਿਆਕਤ ਨੂੰ ਨਹੀਂ ਸਮਝਦੇ; ਕਿ ਉਹ ਪੁਰਾਣੇ ਵਿਚਾਰਾਂ ਦੇ ਹਨ। ਪ੍ਰੰਤੂ ਇਸ ਸਭ ਦੇ ਬਾਵਜੂਦ, ਬਹੁਤ ਸਾਰੇ ਨੌਜਵਾਨ ਦੋਸ਼ ਅਤੇ ਸ਼ਰਮ ਮਹਿਸੂਸ ਕਰਦੇ ਹਨ ਕਿ ਉਹ ਆਪਣੇ ਇਸ ਰਵੱਈਏ ਤੋਂ ਉੱਪਰ ਨਹੀਂ ਉੱਠ ਕੇ ਆਪਣੇ ਲੋਕਾਂ ਦੇ ਬਦਲਾਓ ਵਾਸਤੇ ਮਸੀਹਾਂ ਵਾਂਗਰ ਸਲੂਕ ਕਰਨ। ਉਹ ਸਮਝਦੇ ਹਨ ਕਿ ਇਹ ਇਕ ਵੱਡੀ ਹਾਰ ਹੈ ਕਿ ਉਹ ਆਪਣੇ ਹਾਣਦਿਆਂ ਅਤੇ ਦੂਸਰੇ ਲੋਕਾਂ ਪ੍ਰਤੀ ਕਿਰਪਾਲੂ ਅਤੇ ਲਿਹਾਜ਼ੀ ਹੋਣ। ਆਪਣੇ ਮਾਤਾ-ਪਿਤਾ ਦੀ ਮੌਤ

ਦੀ ਚਾਹਤ ਰਖੱਣ ਦਾ ਉਨ੍ਹਾਂ ਨੂੰ ਬੇਹੱਦ ਅਫ਼ਸੋਸ ਹੁੰਦਾ ਹੈ, ਪ੍ਰੰਤੂ ਦੀਨ ਹੋ ਕੇ ਆਪਣੀਆਂ ਗਲਤੀਆਂ ਨੂੰ ਸਵੀਕਾਰ ਕਰਨਾ ਉਨ੍ਹਾਂ ਨੂੰ ਮੁਸ਼ਕਿਲ ਲਗਦਾ ਹੈ।

ਜਦ ਪ੍ਰਮੇਸ਼ਰ ਨੇ ਇਸਰਾਈਲ ਰਾਸ਼ਟਰ ਨੂੰ ਦਸ ਮੂਲ ਹੁਕਮ ਦਿੱਤੇ, ਤਦ ਉਨ੍ਹਾਂ ਵਿਚੋਂ ਇਕ ਮਨੁੱਖ ਦੇ ਆਪਸੀ ਸਬੰਧਾਂ ਦੇ ਬਾਰੇ ਵਿੱਚ ਹੈ :

"ਤੂੰ ਆਪਣੇ ਪਿਤਾ ਅਰ ਆਪਣੀ ਮਾਤਾ ਦਾ ਆਦਰ ਕਰ ਤਾਂ ਜੋ ਤੇਰੇ ਦਿਨ ਉਸ ਭੂਮੀ ਉੱਤੇ ਜਿਹੜੀ ਯਹੋਵਾਹ ਤੇਰਾ ਪ੍ਰਮੇਸ਼ਰ ਤੈਨੂੰ ਦਿੰਦਾ ਹੈ ਲੰਮੇ ਹੋਣ।"

(ਕੂਚ. 20:12)

ਪੌਲੁਸ ਨਵੇਂ ਨਿਯਮ ਵਿਚ ਏਸੇ ਹੁਕਮ ਨੂੰ ਦੌਹਰਾਉਂਦਾ ਹੈ:

ਹੇ ਬਾਲਕੋ, ਤੁਸੀਂ ਪ੍ਰਭੂ ਵਿਚ "ਆਪਣੇ ਮਾਪਿਆਂ ਦੇ ਅਗਿਆਕਾਰ ਰਹੋ" ਕਿਉਂ ਜੋ ਇਹ ਧਰਮ ਦੀ ਗੱਲ ਹੈ। ਤੂੰ ਆਪਣੇ ਮਾਂ ਪਿਉ ਦਾ ਆਦਰ ਕਰ "ਭਈ ਤੇਰਾ ਭਲਾ ਹੋਵੇ ਅਰ ਧਰਤੀ ਉੱਤੇ ਤੇਰੀ ਉਮਰ ਲੰਮੀ ਹੋਵੇ।

(ਅਫ਼ਸੀਆਂ 6:1-3)

ਮਾਪਿਆਂ ਦਾ ਆਦਰ ਕਰਨਾ ਅਤੇ ਆਗਿਆਕਾਰ ਹੋਣ ਦਾ ਮਤਲਬ ਸਿਰਫ਼ ਇਹ ਹੀ ਨਹੀਂ ਕਿ ਉਹ ਕਰਨਾ ਜੋ ਉਹ ਕਹਿੰਦੇ ਹਨ, ਲੇਕਿਨ ਉਨ੍ਹਾਂ ਦੀ ਇੱਜ਼ਤ ਕਰਨਾ, ਉਨ੍ਹਾਂ ਨਾਲ ਕ੍ਰਿਪਾਮਈ ਹੋਣਾ, ਅਤੇ ਜਿੱਥੇ-ਜਿੱਥੇ ਜ਼ਰੂਰਤ ਪਏ ਉਨ੍ਹਾਂ ਦੀ ਦੇਖਭਾਲ ਕਰਨਾ। ਪੌਲੁਸ ਚਾਰ ਕਾਰਨਾਂ ਨੂੰ ਪੇਸ਼ ਕਰਦਾ ਹੈ:

- ਇਹ ਧਰਮ ਦੀ ਗੱਲ ਹੈ ;
- ਇਹ ਜਵਾਨ ਲੋਕਾਂ ਦੇ ਭਲੇ ਲਈ ਹੈ,
- ਇਹ ਹੁਕਮਨੁਸਾਰ ਹੈ ;

* ਇਹ ਧਰਤੀ ਉਤੇ ਉਮਰ ਨੂੰ ਲੰਮਾ ਕਰਦਾ ਹੈ।

ਪ੍ਰੰਤੂ ਬਹੁਤ ਸਾਰੇ ਲੜਕੇ-ਲੜਕੀਆਂ ਨੇ ਆਪਣੇ ਆਪਨੂੰ ਇਹ ਭਰੋਸਾ ਦਿੱਤਾ ਹੈ ਕਿ ਇਹ ਦੂਸਰਿਆਂ ਲਈ ਸੰਭਵ ਹੋ ਸਕਦਾ ਹੈ, ਇਹ ਉਨ੍ਹਾਂ ਲਈ ਸੰਭਵ ਨਹੀਂ ਹੈ।

ਉਹਨਾਂ ਦੇ ਮਾਪੇ ਜ਼ਿਆਦਾ ਬੋਝ ਭਰੇ, ਸਕਰੇ ਵਿਚਾਰੀ ਹਨ।

ਸਿਰਫ਼ ਇਕ ਗੱਲ ਦੀ ਜ਼ਰੂਰਤ ਹੈ, ਇਹ ਹੈ ਟੁੱਟਾ ਹੋਇਆ ਮਨ। ਇਸਦਾ ਮਤਲਬ ਹੈ ਕਿ ਪਿਤਾ ਜਾਂ ਮਾਤਾ ਕੋਲ ਜਾਕੇ ਕਹਿਣਾ, "ਦੇਖੋ, ਮੈਨੂੰ ਦੁੱਖ ਹੈ ਕਿ ਮੈਂ ਆਪਣੇ ਰਿਸ਼ਤੇ ਵਿਚ ਤੁਹਾਡੇ ਨਾਲ ਬਹੁਤ ਬੁਰਾ ਰਿਹਾ। ਜੋ ਤੁਸੀਂ ਮੇਰੇ ਲਈ ਕੀਤਾ ਹੈ ਉਸ ਵਾਸਤੇ ਤੁਹਾਡਾ ਕਦੀ ਧੰਨਵਾਦ ਨਹੀਂ ਕੀਤਾ, ਲੇਕਿਨ ਮੈਂ ਇਹ ਸਭ ਹੁਣ ਕਰਨਾ ਚਾਹੁੰਦਾ ਹਾਂ। ਮੈਂ ਚਾਹੁੰਦਾ ਹਾਂ ਕਿ ਤੁਸੀਂ ਮੈਨੂੰ ਮਾਫ਼ ਕਰੋ, ਕਿ ਮੈਂ ਰਿਸ਼ਤੇ ਵਿਚ ਰੁਕਾਵਟ ਦੀਆਂ ਦੀਵਾਰਾਂ ਖੜੀਆਂ ਕੀਤੀਆਂ। ਪ੍ਰਮੇਸ਼ਰ ਦੀ ਸਹਾਇਤਾ ਨਾਲ ਭਵਿੱਖ ਵਿਚ ਮੈਂ ਕੰਮਾਂ ਨੂੰ ਫਰਕ ਢੰਗ ਨਾਲ ਕਰਨਾ ਚਾਹੁੰਦਾ ਹਾਂ।"

ਪੀੜੀ ਅੰਤਰ ਦੀ ਸਮਿਆਂ ਪੁਰਾਣੀ ਉਦਾਹਰਨ ਹੈ ਉਜਾੜੂ ਪੁੱਤਰ ਦੀ ਕਹਾਣੀ। ਪਹਿਲਾ ਨਾਸ਼ੁਕਰਾ ਆਪਣੇ ਪਿਤਾ ਦੀ ਮੌਤ ਦਾ ਇੰਤਜ਼ਾਰ ਨਾ ਕਰ ਸਕਿਆ; ਉਹ ਜਾਇਦਾਦ ਉਸੇ ਵਕਤ ਚਾਹੁੰਦਾ ਸੀ। ਹਾਂ, ਉਸਨੇ ਪ੍ਰਾਪਤ ਕਰ ਲਈ ਅਤੇ ਉਸਨੂੰ ਖਰਚਣ ਲਈ ਨਿਕਲ ਪਿਆ। ਫਿਰ ਸ਼ੁਰੂ ਹੋ ਗਈਆਂ ਦੇਰ-ਰਾਤ ਵਾਲੀਆਂ ਪਾਰਟੀਆਂ, ਸ਼ਰਾਬਾਂ, ਰੰਗ-ਰਲੀਆਂ, ਬਦਮੱਸਤੀਆਂ ਅਤੇ ਹੋਰ ਕੀ-ਕੀ ਨਹੀਂ। ਪ੍ਰੰਤੂ ਅੰਤ ਵਿਚ ਪੈਸਾ ਖ਼ਤਮ ਹੋ ਗਿਆ ਅਤੇ ਨਾਲ ਹੀ ਮਿੱਤਰ ਵੀ। ਨਿਖੱਟੂ ਮੋਹਤਾਜ ਹੋ ਗਿਆ। ਉਹ ਘਰ ਦੇ ਨੌਕਰਾਂ ਬਾਰੇ ਸੋਚਣ ਲੱਗ ਪਿਆ ਜੋ ਉਸ ਤੋਂ ਬਿਹਤਰ ਸਥਿਤੀ ਵਿੱਚ ਰਹਿੰਦੇ ਸਨ। ਉਹ ਕਿੰਨਾ

ਮੂਰਖ ਸੀ। ਉਸਨੇ ਹੱਕ ਦਾ ਦਾਅਵਾ ਕਰਕੇ ਘਰ ਛੱਡਿਆ ਸੀ, ਪ੍ਰੰਤੂ ਹੁਣ ਦਯਾ ਦੀ ਯਾਚਨਾ ਕਰਦਾ ਹੋਇਆ ਵਾਪਸ ਮੁੜਦਾ ਹੈ ।

ਉਹ ਆਕੜੀ ਗਰਦਨ ਨਾਲ ਘਰੋਂ ਨਿਕਲਿਆ ਸੀ ਪਰ ਉਹ ਟੁੱਟਿਆ ਹੋਇਆ ਘਰ ਵੱਲ ਰਿੜਦਾ ਹੈ।

ਉਹ ਆਖਦਾ ਹੈ, "ਪਿਤਾ ਜੀ," "ਮੈਂ ਪਾਪ ਕੀਤਾ ਹੈ। ਮੈਂ ਪ੍ਰਮੇਸ਼ਰ ਵਿਰੁੱਧ ਅਤੇ ਤੁਹਾਡੇ ਵਿਰੁੱਧ ਪਾਪ ਕੀਤਾ ਹੈ। ਮੈਂ ਤੁਹਾਡਾ ਪੁੱਤਰ ਹੋਣ ਦੇ ਯੋਗ ਨਹੀ ਹਾਂ......" ਉਸਨੇ ਕੁਝ ਹੋਰ ਕਹਿਣ ਦੀ ਯੋਜਨਾ ਬਣਾਈ, ਇਕ ਦਾਸ ਦੀ ਨੌਕਰੀ ਲਈ ਅਰਜ਼ ਕੀਤੀ । ਲੇਕਿਨ ਏਨੇ ਨੂੰ ਪਿਤਾ ਨੇ ਹੁਕਮ ਦੇ ਦਿਤਾ। ਅਤੇ ਫਿਰ ਕੁਝ ਹੀ ਸਮੇਂ ਵਿਚ ਪੁੱਤਰ ਨੂੰ ਨਵੇਂ ਬਸਤਰ, ਹੱਥ ਵਿਚ ਇਕ ਸੁੰਦਰ ਅੰਗੂਠੀ, ਨਵਾਂ ਜੁੱਤੀਆਂ ਦਾ ਜੋੜਾ ਪਹਿਨਾਇਆ ਗਿਆ ਅਤੇ ਇਕ ਸ਼ਾਹੀ ਭੋਜਨ ਲਈ ਬੜੀ ਠਾਠਬਾਠ ਨਾਲ ਬਠਾਇਆ ਗਿਆ। ਟੁੱਟੇ ਹੋਏ ਹਿਰਦੇ ਦੇ ਸੁਭਾਅ ਨੇ ਉਨ੍ਹਾਂ ਦੇ ਵਿਚ ਦੀ ਦਰਾੜ ਨੂੰ ਮਿਟਾ ਦਿੱਤਾ। ਜੇਕਰ ਪੁੱਤਰ ਪਸ਼ਚਾਤਾਪ ਨਾ ਕਰਦਾ ਅਤੇ ਇਕਰਾਰ ਵਿਚ ਨਾ ਟੁੱਟਦਾ ਤਾਂ ਉਹ ਪਿਤਾ ਦੇ ਚੁੰਮਣ ਨੂੰ ਕਦੀ ਵੀ ਨਾ ਜਾਣਦਾ।

ਜਦ ਤੱਕ ਅਸੀਂ ਨੀਵੇਂ ਹੋ ਕੇ ਮੁਆਫੀ ਨਹੀਂ ਮੰਗਦੇ ਸਾਡੇ ਅੰਦਰੋਂ ਦੁਸ਼ਮਣੀ ਦਾ ਸੁਭਾਅ ਕਦੀ ਖਤਮ ਨਹੀਂ ਹੋਵੇਗਾ । ਅਗਲੀ ਵਾਰ ਜਦ ਉਹ ਆਪਣੇ ਮਾਤਾ-ਪਿਤਾ ਪ੍ਰਤੀ ਨਾਸ਼ੁਕਰਾ ਵਰਤਾਓ ਦਖਾਉਣ ਲਈ ਜਦ ਪਰਖ ਵਿਚ ਪਵੇਗਾ ਤਾਂ ਉਹ ਤੁਰੰਤ ਆਪਣੇ ਟੁੱਟਣ ਦੀ ਸ਼ਰਮਿੰਦਗੀ ਨੂੰ ਯਾਦ ਕਰੇਗਾ ਅਤੇ ਇਹ ਯਾਦ ਉਸਨੂੰ ਰੋਕਣ ਵਿੱਚ ਪ੍ਰਭਾਵਸ਼ਾਲੀ ਸਿੱਧ ਹੋਵੇਗੀ।

# ਵਿਆਹੁਤੇ ਜੀਵਨ ਵਿਚ ਮਤ-ਭੇਦ

ਦੂਸਰਾ ਸਥਾਨ ਜਿੱਥੇ ਟੁੱਟੇ ਹੋਏ ਹਿਰਦੇ ਨੂੰ ਪ੍ਰਗਟ ਕਰਨਾ ਮੁਸ਼ਕਿਲ ਹੁੰਦਾ ਹੈ ਉਹ ਹੈ ਪਤੀ-ਪਤਨੀ ਦਾ ਸਬੰਧ । ਇਥੇ ਫਿਰ ਆਪਣੇ ਕਰੀਬ ਵਾਲਿਆਂ ਨਾਲ ਦੁਰਵਿਵਹਾਰ ਕਰਦੇ ਹਾਂ ਅਤੇ ਜੋ ਸਾਨੂੰ ਕਦੀ-ਕਦੀ ਮਿਲਦੇ ਹਨ ਉਨ੍ਹਾਂ ਪ੍ਰਤੀ ਮਨੋਹਰਤਾ ਅਤੇ ਸ਼ਿਸ਼ਟਤਾ ਦਖਾਉਂਦੇ ਹਾਂ। ਸਾਨੂੰ ਇਹ ਸਵੀਕਾਰ ਕਰਨਾ ਪਵੇਗਾ ਕਿ ਅਸੀਂ ਘਰ ਵਿਚ ਅਕਸਰ ਸ਼ਤਾਨ ਹੁੰਦੇ ਹਾਂ ਅਤੇ ਬਾਹਰ ਸੰਤ।

ਬਾਈਬੱਲ ਵਿਆਹੁਤਾ ਸਬੰਧ ਵਿਚ ਤਨਾਅ ਦੀ ਸੰਭਾਵਨਾ ਆਉਣ ਬਾਰੇ ਬਿਆਨ ਕਰਦੀ ਹੈ । ਅਸੀ ਵਿਸ਼ੇਸਕਰ ਕੁੱਲੁਸੀਆਂ 3:9 ਵਿਚ ਪੜਦੇ ਹਾਂ।

"ਹੇ ਪਤੀਓ, ਤੁਸੀਂ ਆਪਣੀਆਂ ਪਤਨੀਆਂ ਨਾਲ ਪ੍ਰੇਮ ਰੱਖੋ ਅਤੇ ਉਨ੍ਹਾਂ ਨਾਲ ਕੌੜੇ ਨਾ ਹੋਵੋ।"

ਕੜਵਾਹਟ ਜੋ ਇਕ ਪਤੀ ਅੰਦਰ ਆਪਣੀ ਪਤਨੀ ਪ੍ਰਤੀ ਪੈਦਾ ਹੋ ਜਾਂਦੀ ਹੈ ਅਕਸਰ ਐਂਨਾ ਡੂੰਘੀ ਚਲੀ ਜਾਂਦੀ ਹੈ ਕਿ ਅਕਸਰ ਉਹ ਇਸ ਵਿਚੋਂ ਉੱਪਰ ਨਹੀਂ ਨਿਕਲ ਪਾਉਂਦਾ। ਜ਼ਿਆਦਾਤਰ ਉਹ ਹਾਰ ਜਾਂਦਾ ਹੈ ਅਤੇ ਅਲੱਗਤਾ ਜਾਂ ਤਲਾਕ ਦੁਆਰਾ ਛੁਟਕਾਰਾ ਢੂੰਡਦਾ ਹੈ।

ਜੈਨੋ ਅਤੇ ਜਿੰਕਸ ਦੀ ਉਦਾਹਰਨ ਲਵੋ। ਪਹਿਲੀ ਵਾਰ ਜਦ ਉਹ ਮਿਲੇ, ਉਨ੍ਹਾਂ ਨੂੰ ਪਤਾ ਸੀ ਕਿ ਉਹ ਇਕ ਦੂਸਰੇ ਲਈ ਬਣਾਏ ਗਏ ਹਨ। ਕੁਝ ਹੀ ਮਹੀਨਿਆਂ ਪਿਛੋਂ ਉਹ ਹਰ ਵਕਤ ਇਕੱਠੇ ਰਹਿਣ ਲੱਗ ਪਏ । ਛੇ ਮਹੀਨਿਆਂ ਬਾਅਦ ਉਨ੍ਹਾਂ ਦੀ ਮੰਗਣੀ ਹੋ ਗਈ, ਅਤੇ ਛੇ ਮਹੀਨਿਆਂ ਬਾਅਦ ਵਿਆਹ ਮਿਥਿਆ ਗਿਆ। ਲੇਕਿਨ ਜਿਵੇਂ ਹਾਲਾਤ ਫਿਰੇ ਉਹ ਮੰਗਣੀ ਤੋਂ ਚਾਰ ਮਹੀਨਿਆਂ ਬਾਅਦ ਉਨ੍ਹਾਂ ਦਾ ਵਿਆਹ ਹੋ ਗਿਆ।

ਸਾਰਿਆਂ ਦੀ ਚੰਗੀ ਭੂਮਿਕਾ ਨਿਭਾਉਣ ਕਾਰਨ ਸ਼ਾਦੀ ਠੀਕ-ਠਾਕ ਹੋ ਗਈ। ਅਤੇ ਪਹਿਲੇ ਸਾਲ ਕੰਮ ਕਾਫ਼ੀ ਠੀਕ-ਠਾਕ ਹੁੰਦੇ ਗਏ। ਫਿਰ ਇਕ ਦਿਨ ਉਨ੍ਹਾਂ ਵਿਚਾਕਾਰ ਭਿਆਨਕ ਲੜਾਈ ਹੋਈ ਅਤੇ ਜਿੰਕਸ ਨੇ ਜੈਨੋ ਉੱਪਰ ਸਾਰੀ ਬੇਇੱਜ਼ਤੀ ਨੂੰ ਉਬਾਲ ਦਿੱਤਾ, ਉਸਨੇ ਵੀ ਅੱਗੋ ਖ਼ੂਬ ਭੁਗਤਾਇਆ। ਦਿਵਾਰਾਂ ਉੱਠ ਗਈਆਂ ਅਤੇ ਖਿੜਕੀਆਂ ਬੰਦ ਹੋ ਗਈਆਂ। ਬਾਅਦ ਵਿਚ ਜੈਨੋ ਨੇ ਪਾਇਆ ਕਿ ਉਸਨੇ ਆਪਣੀ ਪਤਨੀ ਪ੍ਰਤੀ ਜੋ ਕੜਵਾਹਟ ਪਾਈ ਉਹ ਉਸ ਦੇ ਪ੍ਰੇਮ ਨਾਲੋਂ ਕਿਤੇ ਜ਼ਿਆਦਾ ਸੀ। (2 ਸੈਮੂਏਲ 3:15)।

ਮਿੱਤਰਾਂ ਨੇ ਸੁਝਾਓ ਦਿੱਤਾ ਕਿ ਉਹ ਕਿਸੇ ਮਸੀਹੀ ਵਿਆਹ ਸਲਾਹਕਾਰ ਨੂੰ ਮਿਲਣ ਅਤੇ ਉਹ ਮਿਲੇ। ਲੇਕਿਨ ਅੰਦਰੋਂ ਉਹ ਗੜ੍ਹ ਦੀਆਂ ਸਲਾਖਾਂ ਵਾਂਗਰ ਕਠੋਰ ਅਤੇ ਨਾ ਰਜ਼ਾਮੰਦ ਸਨ।

ਅੰਤ ਵਿਚ ਜੈਨੋ ਨੇ ਤਲਾਕ ਲਈ ਅਰਜ਼ੀ ਦਾਇਰ ਕਰ ਦਿੱਤੀ । ਪ੍ਰੰਤੂ ਕੇਸ ਅਦਾਲਤ ਵਿਚ ਆਉਂਣ ਤੋਂ ਪਹਿਲਾਂ ਇਕ ਮਸੀਹੀ ਮਿੱਤਰ ਨੇ ਉਸਨੂੰ ਚੁਨੌਤੀ ਦਿੱਤੀ ਕਿ ਤੁਸੀਂ ਪ੍ਰਮੇਸ਼ਰ ਦੇ ਸਾਹਮਣੇ ਟੁੱਟ ਜਾਓ। ਉਸ ਵਕਤ ਉਸ ਮਿੱਤਰ ਦੀ ਪਤਨੀ ਜਿੰਕਸ ਕੋਲ ਏਸੇ ਸੰਦੇਸ਼ ਨਾਲ ਪਹੁੰਚੀ। ਤੁਸੀਂ ਪ੍ਰੱਭੂ ਅੱਗੇ ਅਤੇ ਇਕ ਦੂਸਰੇ ਦੇ ਅੱਗੇ ਟੁੱਟ ਕਿਉਂ ਨਹੀਂ ਜਾਂਦੇ ? ਅਤੀਤ ਨੂੰ ਮਸੀਹ ਦੇ ਲਹੂ ਹੇਠ ਰਖੱਕੇ ਇਕ ਨਵੀਂ ਸ਼ੁਰੂਆਤ ਨੂੰ ਕਿਉਂ ਨਹੀਂ ਰਚਦੇ ?

ਦੋਵਾਂ ਨੇ ਉਸਦੀ ਸਲਾਹ ਮੰਨ ਲਈ । ਇਹ ਸਭ ਤੋਂ ਮੁਸ਼ਕਿਲ ਕੰਮ ਸੀ। ਪਰ ਉਹ ਇਕੱਠੇ ਹੋਏ ਇਕ ਸੰਪੂਰਨ ਇਕਰਾਰ ਕੀਤਾ। ਉਥੇ ਉਨ੍ਹਾਂ ਖੁਦ ਨੂੰ ਬਚਾਉਣ ਦਾ ਜਾਂ ਸਹੀ ਸਾਬਿਤ ਕਰਨ ਦੀ ਕੋਸ਼ਿਸ ਨਹੀਂ ਕੀਤੀ । ਇਹ ਇਕ ਬਿਲਕੁੱਲ ਸਵੈ-ਇੱਛੁਕ ਇਕਰਾਰ ਸੀ। ਹਰੇਕ ਨੇ ਆਪਣੇ ਵਿਆਹ ਪੂਰਵ ਪਾਪ ਨੂੰ ਸਵੀਕਾਰ ਕੀਤਾ। ਹੰਝੂਆਂ ਭਰਕੇ ਪ੍ਰੱਭੂ ਪ੍ਰਤੀ ਇਕਰਾਰ ਤੋਂ ਬਾਅਦ,ਉਨਾਂ ਨੇ ਇਹ ਵਾਇਦਾ ਕੀਤਾ ਕਿ ਇਸ ਪਾਪ ਲਈ ਅਸੀਂ ਇੱਕ ਦੂਜੇ ਨੂੰ ਕਦੀ ਬੇਇੱਜ਼ਤ ਨਹੀਂ ਕਰਾਂਗੇ । ਉਨ੍ਹਾਂ ਨੇ ਪ੍ਰਮੇਸ਼ਰ ਦੇ ਵਾਇਦੇ ਦਾ ਦਾਅਵਾ ਕੀਤਾ ਕੀ ਉਹ ਮੁਆਫ਼ ਕਰ ਦਿੱਤੇ ਗਏ ਹਨ।( 1 ਯੂਹੰਨਾ 1:9)। ਉਨ੍ਹਾਂ ਨੇ ਖੁਸ਼ੀ ਨਾਲ ਇਕ-ਦੂਸਰੇ ਨੂੰ ਮੁਆਫ਼ ਕੀਤਾ। ਅਤੇ ਦੋਨਾਂ ਨੇ ਫੈਸਲਾ ਕੀਤਾ ਕਿ ਉਹ ਆਪਣੇ ਆਪਨੂੰ ਵੀ ਮੁਆਫ਼ ਕਰਨਗੇ। ਜਦ ਉਹ ਆਪਣੇ ਗੋਢਿਆਂ ਭਾਰੋਂ ਉਠੇ, ਇਕ ਭਾਰਾ ਬੋਝ ਉੱਪਰ ਉੱਠ ਚੁੱਕਾ ਸੀ। ਉਹਨਾਂ ਨੇ ਜਾਣ ਲਿਆ ਕੀ ਫਿਰ ਵੀ ਸਮਝੌਤੇ (ਐਡਜਸਟਮੈਂਟ) ਦਾ ਸਮਾਂ ਆ ਗਿਆ ਹੈ, ਪਰ ਕੜਵਾਹਟ ਅਤੇ ਲੜਾਈ ਦੇ ਬੱਦਲ ਬਿਖਰ ਗਏ ਹਨ। ਉਹ ਲਗਾਤਾਰ ਟੁੱਟੇ ਹੋਏ ਹਿਰਦੇ ਦੀ ਜ਼ਰੂਰਤ ਨੂੰ ਸਮਝ ਗਏ ਜਦ ਕਦੇ ਭਵਿੱਖ ਵਿੱਚ ਘਰ ਵਿਚ ਕੋਈ ਸਮੱਸਿਆ ਉੱਠਦੀ ਹੈ ਤਾਂ ।

ਮਹੀਨਿਆਂ ਪਿੱਛੋਂ ਜੈਨੋ ਨੇ ਸ਼ਾਮ ਦੀ ਅਖਬਾਰ ਵਿਚ ਹੇਠਾਂ ਰੱਖਦਿਆਂ ਆਖਿਆ ਕਿ ਇਹ ਕਿੰਨੀ ਅਜੀਬ ਗੱਲ ਹੈ ਕਿ ਲੋਕ ਸਮਾਂ ਅਤੇ ਪੈਸਾ ਵਿਆਹ ਮਾਹਿਰ ਸਲਾਹਕਾਰਾਂ ਅਤੇ ਮਨੋਵਿਗਿਆਨਕਾਂ ਉਤੇ ਖ਼ਰਚ ਕਰਦੇ ਹਨ ਅਤੇ ਹਰ ਮਹਿੰਗੇ "ਇਲਾਜ" ਲਈ ਕੋਸ਼ਿਸ਼ ਕਰਦੇ ਹਨ, ਪ੍ਰੰਭੂ ਉਹ ਟੁੱਟੇ ਹੋਏ ਹਿਰਦੇ ਦੇ ਮਾਰਗ ਦੀ ਕੋਸ਼ਿਸ਼ ਨਹੀਂ ਕਰਦੇ। ਅਤੇ ਟੁੱਟੇ ਹੋਏ ਮਨ ਤੋਂ ਇਲਾਵਾ, ਬਾਕੀ ਸਭ ਕੁੱਝ ਪ੍ਰਭਾਵਹੀਣ ਸਿੱਧ ਹੁੰਦਾ ਹੈ ।

# ਪ੍ਰਮੇਸ਼ਰ ਚਾਹੁੰਦਾ ਹੈ ਕਿ ਅਸੀਂ ਸਭ ਉਸਦੇ ਸਨਮੁੱਖ ਟੁੱਟ ਜਾਈਏ

ਲੇਕਿਨ ਇਹ ਸਿਰਫ਼ ਮਾਪੇ-ਬੱਚੇ ਜਾਂ ਪਤੀ-ਪਤਨੀ ਦੇ ਰਿਸ਼ਤੇ ਵਿਚ ਹੀ ਨਹੀਂ ਸਗੋਂ ਪ੍ਰਭੂ ਚਾਹੁੰਦਾ ਹੈ ਕਿ ਸਾਡੇ ਮਨ ਹਰੇਕ ਭਾਗ ਵਿਚ ਟੁੱਟੇ ਹੋਣ। ਉਹ ਸਾਡੇ ਨਾਲ ਯੁੱਧ ਕਰੇਗਾ ਜਿਵੇਂ ਉਸਨੇ ਪੇਨੀਏਲ ਵਿਚ ਯਾਕੂਬ ਨਾਲ ਯੁੱਧ ਕੀਤਾ। ਉਹ ਸਾਡੇ ਘਮੰਡ, ਸਾਡੀ ਮਰਜ਼ੀ, ਨਾ ਮੁਆਫ ਕਰਨ ਵਾਲੀ ਆਤਮਾ, ਢੀਠਪਣ, ਗੱਪਾਂ, ਚੁਗਲੀਆਂ, ਸੰਸਾਰਿਕਤਾ, ਪਵਿੱਤਰਤਾ, ਗੁੱਸਾ, ਸਰੀਰ ਦੇ ਸਾਰੇ ਕੰਮ ਨੂੰ ਤੋੜਨ ਦੀ ਕੋਸ਼ਿਸ਼ ਕਰੇਗਾ। ਉਹ ਸਾਡੇ ਨਾਮ ਨੂੰ ਯਾਕੂਬ ਤੋਂ ਇਸਰਾਈਲ, ਧੋਖੇਬਾਜ਼ ਤੋਂ ਰਾਜਕੁਮਾਰ, ਸ਼ਕਤੀਹੀਣ ਸਕੀਮਾਂ ਬਣਾਉਣ ਵਾਲੇ ਤੋਂ ਅਤੇ ਮਨੁੱਖਾਂ ਨੂੰ ਜਿੱਤਣ ਵਾਲਾ ਬਣਾਉਣਾ ਚਾਹੁੰਦਾ ਹੈ। ਉਹ ਸਾਡੇ ਨਾਲ ਦਿਨ ਦੇ ਚੜਨ ਤੱਕ ਘੁਲੇਗਾ ਅਤੇ ਸਾਡੇ ਪੱਟ ਦੇ ਜੋੜ ਨੂੰ ਕੱਢ ਦੇਵੇਗਾ। ਤਾਂ ਫਿਰ ਅਸੀਂ ਆਪਣੀ ਬਾਕੀ ਸਾਰੀ ਜ਼ਿੰਦਗੀ ਵਿਚ ਇਕ ਟੁੱਟੇ ਮਨੁੱਖ ਦੀ ਲੰਗੜਾਹਟ ਨਾਲ ਚਲਾਂਗੇ ਜਿਸਨੂੰ ਪ੍ਰਮੇਸ਼ਰ ਇਸਤੇਮਾਲ ਕਰ ਸਕਦਾ ਹੈ।

ਪ੍ਰਮੇਸ਼ਰ ਚਾਹੁੰਦਾ ਹੈ ਕਿ ਅਸੀਂ ਨਿਰਦੋਸ਼ ਹੋਈਏ। ਕੋਈ ਵੀ ਪਾਪਰਹਿਤ ਨਹੀਂ ਹੋ ਸਕਦਾ ਪ੍ਰੰਤੂ ਅਸੀਂ ਸਾਰੇ ਨਿਰਦੋਸ਼ ਹੋ ਸਕਦੇ ਹਾਂ। ਇਕ

ਨਿਰਦੋਸ਼ ਵਿਅਕਤੀ ਉਹ ਹੈ, ਜੋ ਜਦ ਕੋਈ ਗਲਤੀ ਕਰਦਾ ਹੈ, ਤੁਰੰਤ ਉਸਨੂੰ ਸਹੀ ਕਰਦਾ ਹੈ। ਉਹ ਆਪਣੇ ਕ੍ਰੋਧ ਵਿਚ ਸੂਰਜ ਨੂੰ ਡੁੱਬਣ ਨਹੀਂ ਦਿੰਦਾ। ਇਕਰਾਰ ਅਤੇ ਖਿਮਾ ਦੁਆਰਾ ਉਹ ਆਪਣਾ ਸਬੰਧ ਪ੍ਰਮੇਸ਼ਰ ਅਤੇ ਮਨੁੱਖਾਂ ਨਾਲ ਸਾਫ਼ ਰੱਖਦਾ ਹੈ। ਸਥਾਨੀ ਕਲੀਸਿਆ ਵਿਚ ਇਕ ਬਜ਼ੁਰਗ ਅਵੱਸ਼ ਨਿਰਦੋਸ਼ ਹੋਵੇ (1ਤਿਮਥਿਉਸ 3:2), ਅਤੇ ਹਰੇਕ ਮਸੀਹ ਨੂੰ ਵੀ ਏਸੇ ਤਰਾਂ ਦਾ ਹੋਣਾ ਚਾਹੀਦਾ ਹੈ।

# ਨਤੀਜਿਆਂ ਬਾਰੇ ਸੋਚੋ

ਸੋਚੋ ਜੇ ਸਾਡੇ ਵਿਅੱਕਤੀਗਤ ਜੀਵਨ ਵਿਚ, ਸਾਡੇ ਘਰਾਂ ਵਿਚ, ਸਥਾਨੀ ਕਲੀਸਿਆ ਵਿਚ ਅਤੇ ਵਪਾਰ ਸੰਸਾਰ ਵਿਚ ਅਸੀਂ ਸਭ ਟੁੱਟੇ ਹੋਏ ਹਿਰਦੇ ਨਾਲ ਜੀਵੀਏ ਜਿਵੇਂ ਸਾਨੂੰ ਟੁੱਟਣਾ ਚਾਹੀਦਾ ਹੈ ਤਾਂ ਕੀ ਹੋਵੇਗਾ ।

ਸਾਡੇ ਜੀਵਨ ਵਿਚ ਇਕ ਮਹਾਨ ਸ਼ਕਤੀ, ਮਹਾਨ ਪ੍ਰਸੰਨਤਾ ਅਤੇ ਬੇਹਤਰ ਸਿਹਤ ਹੋਵੇਗੀ। ਮਸੀਹ ਨਾਲ ਨਿਮਰਤਾ ਤੇ ਹਲੀਮੀ ਨਾਲ ਜੁੜਨ ਵਾਲਿਆਂ ਨੇ ਦੂਸਰਿਆਂ ਉੱਤੇ ਇੱਕ ਮਹਾਨ ਪ੍ਰਭਾਵ ਨੂੰ ਛੱਡਿਆ ਹੈ । ਇਹ ਉਹ ਹਨ ਜੋ ਉਸਦੀ ਸੇਵਾ ਕਰਨ ਵਿਚ ਅਰਾਮ ਤੇ ਪੂਰਤੀ ਪਾਉਂਦੇ ਹਨ। ਅਤੇ ਜੋ ਸਾਡੇ ਲਈ ਆਤਮਿਕ ਤੌਰ ਤੇ ਚੰਗਾ ਹੈ ਉਹ ਸਾਡੇ ਲਈ ਸਰੀਰਕ ਤੌਰ ਤੇ ਵੀ ਚੰਗਾਂ ਹੈ। ਬਰਤਾਨੀ ਚਕਿਤਸਕ ਰਸਾਲੇ ਨੇ ਇਕ ਵਾਰ ਸੂਚਿਤ ਕੀਤਾ ਕਿ, "ਮਨੁੱਖੀ ਸਰੀਰ ਦਾ ਕੋਈ ਵੀ (ਟਿਸ਼ੂ) ਜੀਵਾਣੂ ਆਤਮਾ ਤੋਂ ਪੂਰੀਂ ਤਰ੍ਹਾਂ ਅਲੱਗ ਨਹੀਂ ਹੈ। " ਡਾ. ਪਾਲ ਟਰਨੀਦਰ ਇਕ ਮਰੀਜ਼ ਬਾਰੇ ਦਸਦੇ ਹਨ ਜਿਸਨੂੰ ਕਈ ਮਹੀਨਿਆਂ ਤੋਂ ਖ਼ੂਨ ਦੀ ਕਮੀ ਸੀ। ਫਿਰ ਇਹ ਅਚਾਨਕ ਅਲੋਪ ਹੋ

ਗਈ ਅਤੇ ਉਸਦਾ ਖ਼ੂਨ ਫਿਰ ਸਧਾਰਨ ਹੋ ਗਿਆ। ਮੁਆਇਨਾ ਕਰਨ ਤੇ ਇਹ ਪਤਾ ਲੱਗਾ ਕਿ ਇਹ ਕਿਸੇ ਆਤਮਿਕ ਸੰਕਟ ਵਿੱਚ ਸੀ, ਅਤੇ ਉਸਨੇ ਕਾਫ਼ੀ ਸਮੇਂ ਤੋਂ ਆਪਣੇ ਮਨ ਵਿੱਚ ਕੜਵਾਹਟ ਪਾਲ ਰੱਖ ਸੀ ਉਸਨੇ ਇਸਨੂੰ ਮੁਆਫ਼ ਕਰਨ ਦੁਆਰਾ ਛੁਟਕਾਰਾ ਪਾ ਲਿਆ । ਜੀ ਹਾਂ ਟੁੱਟਾ ਹੋਇਆ ਮਨ ਸਿਹਤ ਲਈ ਠੀਕ ਹੁੰਦਾ ਹੈ।

ਉਸ ਘਰ ਬਾਰੇ ਸੋਚੋ ਜਿੱਥੇ ਛੋਟੀਆਂ-ਛੋਟੀਆਂ ਗੱਲਾਂ ਲਈ ਇਕ ਦੂਸਰੇ ਦੀ ਸ਼ਿਕਾਇਤ ਕੀਤੀ ਜਾਂਦੀ ਹੈ । ਬੇਸ਼ੱਕ ਇਸ ਬੇਹਿਸਬਾਜੀ ਨੂੰ ਵਧਾਉਂਦੇ ਨਹੀਂ ਹਨ। ਜਿਸ ਪਰਿਵਾਰ ਨੇ ਆਪਸੀ ਸੁਲਹ ਅਤੇ ਪਵਿੱਤਰ ਚੁੰਬਣ ਬਣਾਈ ਰੱਖਣ ਦੀ ਕਲਾ ਨੂੰ ਸਿੱਖ ਲਿਆ ਹੈ। ਉਸ ਘਰ ਵਿਚ ਯਿਸੂ ਰਹਿਣਾ ਪਸੰਦ ਕਰਦੇ ਹਨ।

ਸਥਾਨੀ ਸੰਗਤੀ ਵਿਚ, ਟੁੱਟਾ ਹੋਇਆ ਹਿਰਦੇ ਰਖੱਣਾ ਬੇਦਾਰੀ ਦਾ ਰਾਸਤਾ ਹੈ। ਆਤਮਿਕ ਖੇਤਰ ਵਿਚ ਇਹ ਮਿਥਿਆ ਹੋਇਆ ਕਾਨੂੰਨ ਹੈ ਕਿ ਟੁੱਟੇ ਹੋਏ ਮਨ ਦੇ ਅੱਥਰੂ ਅਸੀਸਾਂ ਦੀ ਬਾਰਿਸ਼ ਦੀ (ਆਰੰਭ) ਸ਼ੁਰੂਆਤ ਹੈ। ਅਸੀਂ ਬਾਕੀ ਸਭ ਕੁਝ ਗੱਲਾਂ ਪਹਿਲਾਂ ਕੋਸ਼ਿਸ਼ ਕਰਦੇ ਹਾਂ-ਨਵੀਂ ਇਮਾਰਤ, ਨਵੇਂ ਅੰਦੋਲਨ (ਸਭਾਵਾਂ), ਨਵੇਂ ਤਰੀਕੇ, ਪ੍ਰੰਭੂ ਪ੍ਰਮੇਸ਼ਰ ਪਸ਼ਚਾਤਾਪ ਅਤੇ ਹਲੀਮੀ ਦਾ ਇੰਤਜ਼ਾਰ ਕਰ ਰਿਹਾ ਹੈ। ਜਦ ਅਸੀਂ ਪਸ਼ਚਾਤਾਪ ਕਰਾਂਗੇ ਬਰਕਤਾਂ ਵਹਿਣਗੀਆਂ।

ਅਤੇ ਜੇ ਮੇਰੀ ਪ੍ਰਜਾ ਜੋ ਮੇਰੇ ਨਾਮ ਤੇ
ਅਖਵਾਉਂਦੀ ਹੈ ਅਧੀਨ ਹੋ ਕੇ ਪ੍ਰਾਰਥਨਾ
ਕਰੇ ਅਤੇ ਮੇਰੇ ਦਰਸ਼ਨ ਦੀ ਚਾਹਵੰਦ
ਹੋਵੇ ਅਤੇ ਆਪਣੇ ਭੈੜੇ ਰਾਹ ਤੋਂ
ਮੁੜੇ ਤਾਂ ਮੈਂ ਸੁਰਗ ਉਤੋਂ ਸੁਣਕੇ ਉਨ੍ਹਾਂ

ਦੇ ਪਾਪ ਖਿਮਾ ਕਰਾਂਗਾ ਅਤੇ ਉਨ੍ਹਾਂ ਦੇ
ਦੇਸ਼ ਨੂੰ ਬਹਾਲ ਕਰ ਦਿਆਂਗਾ (2 ਇਤਿਹਾਸ 7:14)।

ਜ਼ਰਾ ਸੋਚੋ ਟੁੱਟਾ ਹੋਇਆ ਵਿਅਕਤੀਤੱਵ ਦਖਾਉਣ ਨਾਲ ਵਪਾਰਕ ਸੰਸਾਰ ਵਿੱਚ ਮਸੀਹਤ ਉੱਤੇ ਕੀ ਅਸਰ ਪਵੇਗਾ। ਸੰਸਾਰ ਦੇ ਲੋਕ ਟੁਟੇ ਨਹੀਂ ਹਨ ਅਤੇ ਉਹ ਆਪਣੀ ਸਮਰੱਥ ਆਪਣੇ ਵਰਗਿਆਂ ਉਤੇ ਖਰਚ ਕਰਨਾਂ ਚਾਹੁੰਦੇ ਹਨ। ਲੇਕਿਨ ਉਹ ਅਚਰਜ ਹੋ ਜਾਂਦੇ ਹਨ ਜਦ ਉਹ ਕਿਸੇ ਵਿਅਕਤੀ ਨੂੰ ਮਿਲਦੇ ਹਨ ਜੋ ਗੁੱਸੇ ਨਾਲ ਪ੍ਰਤੀਕ੍ਰਿਆ ਨਹੀਂ ਦਖਾਉਂਦਾ, ਜੋ ਗਲਤੀਆਂ ਮੰਨ ਲੈਂਦਾ ਹੈ ਅਤੇ ਮੁਆਫ਼ੀ ਮੰਗਦਾ ਹੈ, ਜੋ ਪ੍ਰੱਭੂ ਯਿਸੂ ਦੀ ਕ੍ਰਿਪਾ ਨੂੰ ਪ੍ਰਗਟ ਕਰਦਾ ਹੈ। ਇਹੀ ਅਲੌਕਿਕ ਜੀਵਨ ਅਜੋਕੇ ਵਪਾਰ ਦੇ ਝੂਠੇ ਅਤੇ ਧੋਖੇਬਾਜ਼ ਵਿਸ਼ਵ ਯੁੱਗ ਵਿਚ ਉੱਚਾ ਬੋਲਦਾ ਹੈ।

# ਪ੍ਰੱਭੂ, ਮੈਨੂੰ ਤੋੜ

ਕੁਝ ਵਰ੍ਹੇ ਪਹਿਲਾਂ ਇਕ ਮਿਸ਼ਨਰੀ ਪ੍ਰਾਥਨਾ ਸਭਾ ਵਿਚ, ਮੈਂ ਇਕ ਇਮਾਨਦਾਰ ਵਿਸ਼ਵਾਸ਼ੀ ਨੂੰ ਪ੍ਰਾਥਨਾ ਕਰਦੇ ਸੁਣਿਆ, "ਪ੍ਰੱਭੂ, ਮੈਨੂੰ ਤੋੜ!" ਇਹ ਪ੍ਰਾਥਨਾ ਮੇਰੇ ਅੰਦਰ ਵਸ ਗਈ। ਉਸ ਸਮੇਂ ਤੱਕ ਮੈਂ ਆਪਣੀ ਜਿੰਦਗੀ ਵਿੱਚ ਕਦੀ ਇਹ ਪ੍ਰਾਥਨਾ ਨਹੀਂ ਸੀ ਕੀਤੀ। ਪਰੰਤੂ ਉਸ ਵਕਤ ਵੀ ਮੈਂ ਅਜਿਹੀ ਪ੍ਰਾਥਨਾ ਕਰਨ ਲਈ ਤਿਆਰ ਨਹੀਂ ਸੀ । ਲੇਕਿਨ ਉਸ ਨੌਜਵਾਨ ਚੇਲੇ ਦੇ ਹਿਰਦੇ ਤੋਂ ਨਿਕਲੇ ਉਹ ਸ਼ਬਦ ਮੇਰੇ ਕੰਨਾਂ ਵਿੱਚ ਉਂਡੇਲੇ ਗਏ ਅਤੇ ਉਸ ਪ੍ਰਾਥਨਾ ਨੇ ਮੈਨੂੰ ਆਪਣੇ ਜੀਵਨ ਵਿੱਚ ਟੁੱਟੇ ਹੋਇਆ ਹਿਰਦੇ ਰੱਖਣ ਦੀ ਪਰਜ਼ੋਰ ਜ਼ਰੂਰਤ ਪ੍ਰਤੀ ਜਾਗਰੂਕ ਕਰ ਦਿੱਤਾ ।"

## ਪ੍ਰੱਭੂ, ਮੈਨੂੰ ਤੋੜ!